# ਸ਼੍ਰੋਮਣੀ ਪੁਰਸਕਾਰ

**ਅਤੇ**

# ਸਾਹਿਤਿਕ ਸਿਆਸਤ

**ਮਿੱਤਰ ਸੈਨ ਮੀਤ**

ਆਰੰਭ

## ਸਾਹਿਤ ਤੇ ਸਿਆਸਤ ਭਾਰੂ

ਪੰਜਾਬ ਸਰਕਾਰ ਵੱਲੋਂ ਪੰਜਾਬੀ ਦੇ ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਹਰ ਸਾਲ ਸ਼੍ਰੋਮਣੀ ਪੁਰਸਕਾਰ ਦਿੱਤੇ ਜਾਂਦੇ ਹਨ। ਹਿੰਦੀ, ਉਰਦੂ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਸਾਹਿਤਕਾਰਾਂ ਨੂੰ ਵੀ। ਇਨ੍ਹਾਂ ਪੁਰਸਕਾਰਾਂ ਉੱਪਰ ਸਰਕਾਰ ਦਾ ਕਰੀਬ ਇੱਕ ਕਰੋੜ ਰੁਪਇਆ ਖਰਚ ਹੁੰਦਾ ਹੈ।

ਲੇਖਕ ਵਰਗ ਵਿਚ ਚਰਚਾ ਸੀ ਕਿ ਹਾਲੇ ਤੱਕ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਪੁਰਸਕਾਰਾਂ ਦੀ ਚੋਣ ਨਿਰਧਾਰਿਤ ਕਰਨ ਵਾਲੀ ਕੋਈ ਪੁਰਸਕਾਰ ਨੀਤੀ ਨਹੀਂ ਘੜੀ ਗਈ। ਨਵੀਂ ਬਣੀ ਹਰ ਸਰਕਾਰ ਪੁਰਸਕਾਰ ਦੇਣ ਲਈ ਨਵਾਂ ਸਲਾਹਕਾਰ ਬੋਰਡ ਗਠਿਤ ਕਰਦੀ ਹੈ। ਸਲਾਹਕਾਰ ਬੋਰਡ ਵਿਚ ਆਪਣੀ ਮਰਜ਼ੀ ਦੇ ਅਤੇ ਆਪਣੇ ਪੱਖੀ ਵਿਅਕਤੀਆਂ ਨੂੰ ਨਾਮਜ਼ਦ ਕਰਦੀ ਹੈ। ਨਿਸ਼ਚਿਤ ਨੀਤੀ ਦੀ ਅਣਹੋਂਦ ਕਾਰਨ ਸਲਾਹਕਾਰ ਬੋਰਡ ਮਨਮਾਨੀਆਂ ਕਰਨ ਵਿਚ ਸਫਲ ਹੋ ਜਾਂਦੇ ਹਨ। ਪੁਰਸਕਾਰਾਂ ਦੀ ਚੋਣ ਵਿਚ ਹੋਏ ਪੱਖਪਾਤ ਕਾਰਨ ਸਾਹਿਤਕਾਰ ਖੁਸ਼ ਘੱਟ ਅਤੇ ਨਾਰਾਜ਼ ਵੱਧ ਹੁੰਦੇ ਹਨ ।

ਸੱਚ ਜਾਨਣ ਲਈ ਅਸੀਂ ਤਿੰਨ (ਹਰਬਖ਼ਸ਼ ਸਿੰਘ ਗਰੇਵਾਲ, ਰਜਿੰਦਰਪਾਲ ਸਿੰਘ ਅਤੇ ਮਿੱਤਰ ਸੈਨ ਮੀਤ) ਜਣਿਆਂ ਨੇ ਇੱਕ ਕਮੇਟੀ ਬਣਾਈ ਅਤੇ ਸੂਚਨਾ ਅਧਿਕਾਰ ਕਾਨੂੰਨ 2005 ਦੀਆਂ ਵਿਵਸਥਾਵਾਂ ਦਾ ਸਹਾਰਾ ਲੈ ਕੇ ਭਾਸ਼ਾ ਵਿਭਾਗ ਤੋਂ ਸੂਚਨਾਵਾਂ ਮੰਗਣੀਆਂ ਸ਼ੁਰੂ ਕਰ ਦਿਤੀਆਂ। ਪਹਿਲੀ ਅਰਜ਼ੀ ਹਰਬਖ਼ਸ਼ ਸਿੰਘ ਗਰੇਵਾਲ ਵੱਲੋਂ (28 ਸਤੰਬਰ 2020) ਨੂੰ ਦਿੱਤੀ ਗਈ। ਇਸ ਅਰਜ਼ੀ ਰਾਹੀਂ ਮੋਟੇ ਤੌਰ ਤੇ ਪਿਛਲੇ ਵੀਹ ਸਾਲਾਂ ਵਿਚ ਗਠਿਤ ਹੋਏ ਸਲਾਹਕਾਰ ਬੋਰਡਾਂ ਦੇ ਮੈਂਬਰਾਂ ਦੇ ਨਾਂ ਅਤੇ ਬੋਰਡਾਂ ਦੀਆਂ ਮੀਟਿੰਗਾਂ ਵਿਚ ਲਏ ਗਏ ਫ਼ੈਸਲਿਆਂ ਬਾਰੇ ਸੂਚਨਾਵਾਂ ਮੰਗੀਆਂ ਗਈਆਂ। ਨਾਲ ਹੀ ਇਨ੍ਹਾਂ ਪੁਰਸਕਾਰਾਂ ਦੀ ਚੋਣ ਸਮੇਂ ਸਲਾਕਾਰ ਬੋਰਡ, ਸਕਰੀਨਿੰਗ ਕਮੇਟੀ ਅਤੇ ਭਾਸ਼ਾ ਵਿਭਾਗ ਵੱਲੋਂ ਅਪਣਾਈ ਜਾਂਦੀ ਪ੍ਰਕ੍ਰਿਆ/ਨਿਯਮਾਂ ਦੀਆਂ ਨਕਲਾਂ ਮੰਗੀਆਂ ਗਈਆਂ। ਜਵਾਬ ਵਿਚ ਭਾਸ਼ਾ ਵਿਭਾਗ ਨੇ ਸਲਾਹਕਾਰ ਬੋਰਡ ਦੀਆਂ ਕੁੱਝ ਸਾਲਾਂ ਦੀਆਂ ਇਕੱਤਰਤਾਵਾਂ ਦੀਆਂ ਕਾਰਵਾਈਆਂ ਅਤੇ ਬੋਰਡ ਮੈਂਬਰਾਂ ਦੇ ਨਾਂ ਭੇਜ ਦਿੱਤੇ। ਨਿਯਮਾਂ ਦੀ ਥਾਂ ਇੱਕ ਬਿਨਾਂ ਸਿਰ-ਪੈਰ ਵਾਲਾ ਦਸਤਾਵੇਜ ਭੇਜ ਕੇ ਭਾਸ਼ਾ ਵਿਭਾਗ ਵੱਲੋਂ ਸੂਚਿਤ ਕੀਤਾ ਗਿਆ ਕਿ ਚੋਣ ਸਮੇਂ ਇਸ ਦਸਤਾਵੇਜ਼ ਵਿਚ ਦਰਜ ਪ੍ਰਕ੍ਰਿਆ ਅਪਣਾਈ ਜਾਂਦੀ ਹੈ।

ਦਸਤਾਵੇਜ ਤੇ ਸਰਸਰੀ ਨਜਰ ਮਾਰਦਿਆਂ ਹੀ ਮਹਿਸੂਸ ਹੋਇਆ ਕਿ ਦਾਲ ਵਿਚ ਕੁੱਝ ਕਾਲਾ ਹੈ। ਸਥਿਤੀ ਸ਼ਪਸ਼ਟ ਕਰਨ ਲਈ ਮੈਂ ਇਕ ਅਰਜ਼ੀ (ਮਿਤੀ 28 ਦਸੰਬਰ 2020) ਦੇ ਕੇ ਭਾਸ਼ਾ ਵਿਭਾਗ ਤੋਂ ਉਸ ਸਰਕਾਰੀ ਗਜਟ ਦੀ ਕਾਪੀ ਮੰਗੀ ਜਿਸ ਵਿਚ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਪੁਰਸਕਾਰਾਂ ਲਈ ਬਣਾਏ ਗਏ ਨਿਯਮਾਂ ਦੀਆਂ ਅਧਿਸੂਚਨਾਵਾਂ ਛਾਪੀਆਂ ਗਈਆਂ ਸਨ। ਨਾਲ ਹੀ ਸਲਾਹਕਾਰ ਬੋਰਡ ਵੱਲੋਂ ਪੁਰਸਕਾਰਾਂ ਲਈ ਚੋਣ ਕਰਦੇ ਸਮੇਂ ਜੋ ਚੋਣ ਪ੍ਰਕ੍ਰਿਆ ਅਪਣਾਈ ਜਾਂਦੀ ਹੈ ਉਸ ਪ੍ਰਕ੍ਰਿਆ ਦੀ ਕਾਪੀ ਅਤੇ ਪੰਜਾਬ ਸਰਕਾਰ ਦੇ ਉਨ੍ਹਾਂ ਹੁਕਮਾਂ ਦੀਆਂ ਕਾਪੀਆਂ ਜਿਨ੍ਹਾਂ ਰਾਹੀਂ ਇਸ ਪ੍ਰਕ੍ਰਿਆ ਨੂੰ ਮੰਨਜ਼ੂਰੀ ਦਿੱਤੀ ਗਈ ਵੀ ਮੰਗੀਆਂ। ਇਸ ਅਰਜ਼ੀ ਦੇ ਜਵਾਬ (ਮਿਤੀ 27 ਜਨਵਰੀ 2021) ਵਿਚ ਭਾਸ਼ਾ ਵਿਭਾਗ ਨੇ ਮੰਨਿਆ ਕਿ ਪੰਜਾਬ ਸਰਕਾਰ ਵੱਲੋਂ ਪੁਰਸਕਾਰਾਂ

ਦੀ ਯੋਗਤਾ ਆਦਿ ਅਤੇ ਉਮੀਦਵਾਰ ਚੁਣਨ ਦੀ ਪ੍ਰਕ੍ਰਿਆ ਆਦਿ ਨਿਸ਼ਚਿਤ ਕਰਨ ਵਾਲੇ ਨਿਯਮ ਨਾ ਬਣਾਏ ਹਨ ਅਤੇ ਨਾ ਹੀ ਕਦੇ ਸਰਕਾਰੀ ਗਜ਼ਟ ਵਿਚ ਅਧਿਸੂਚਤ ਕੀਤੇ ਗਏ।

ਸਥਿਤੀ ਹੋਰ ਸਪੱਸ਼ਟ ਕਰਨ ਲਈ ਮੈਂ ਦੂਸਰੀ ਅਰਜ਼ੀ (ਮਿਤੀ 05.02.2021) ਰਾਹੀਂ ਭਾਸ਼ਾ ਵਿਭਾਗ ਤੋਂ ਪੁੱਛਿਆ ਕਿ ਜੋ ਦਸਤਾਵੇਜ਼ ਹਰਬਖਸ਼ ਸਿੰਘ ਗਰੇਵਾਲ ਨੂੰ ਭੇਜਿਆ ਗਿਆ ਹੈ ਉਸ ਦਾ ਨਾਂ ਕੀ ਹੈ? ਇਹ ਦਸਤਾਵੇਜ ਕਦੋਂ ਅਤੇ ਕਿਸ ਅਧਿਕਾਰੀ/ਸੰਸਥਾ ਵੱਲੋਂ ਤਿਆਰ ਕੀਤਾ ਗਿਆ? ਨਾਲ ਹੀ ਉਸ ਮੀਟਿੰਗ ਦੀ ਕਾਰਵਾਈ ਦੀ ਨਕਲ ਵੀ ਮੰਗੀ ਗਈ ਜਿਸ ਵਿਚ ਇਹ ਪ੍ਰਕ੍ਰਿਆ ਬਣਾਈ ਗਈ ਸੀ। ਭਾਸ਼ਾ ਵਿਭਾਗ ਵੱਲੋਂ ਆਪਣੇ ਜਵਾਬ (10 ਮਾਰਚ 2021) ਰਾਹੀਂ ਦੱਸਿਆ ਕਿ ਇਸ ਪ੍ਰਕ੍ਰਿਆ/ ਨਿਯਮ ਦਾ ਨਾਂ 'ਰਾਜ ਸਲਾਹਕਾਰ ਬੋਰਡ ਦਾ ਏਜੰਡਾ' ਹੈ। ਇਹ ਵੀ ਦੱਸਿਆ ਗਿਆ ਕਿ ਇਹ ਪ੍ਰਕ੍ਰਿਆ/ਨਿਯਮ ਭਾਸ਼ਾ ਵਿਭਾਗ ਵੱਲੋਂ ਆਪ ਬਣਾਏ ਗਏ ਹਨ। ਪਰ ਭਾਸ਼ਾ ਵਿਭਾਗ ਉਸ ਮੀਟਿੰਗ ਦੀ ਕਾਰਵਾਈ ਦੀ ਨਕਲ ਉਪਲਬਧ ਨਹੀਂ ਕਰਵਾ ਸਕਿਆ ਜਿਸ ਵਿਚ ਇਹ ਪ੍ਰਕ੍ਰਿਆ/ਨਿਯਮ ਬਣਾਏ ਗਏ, ਕਿਉਂਕਿ ਭਾਸ਼ਾ ਵਿਭਾਗ ਅਨੁਸਾਰ, ਇਸ ਸਬੰਧੀ ਸੂਚਨਾ ਦਫ਼ਤਰ ਵਿਚ ਉਪਲਬਧ ਨਹੀਂ ਹੈ।

ਇਸ ਸੂਚਨਾ ਤੋਂ ਸਪੱਸ਼ਟ ਹੋ ਗਿਆ ਕਿ ਇਹ ਦਸਤਾਵੇਜ (ਵਿਆਖਿਆ ਪੱਤਰ) ਭਾਸ਼ਾ ਵਿਭਾਗ ਦੇ ਅਧਿਕਾਰੀਆਂ ਵੱਲੋਂ ਖੁਦ ਤਿਆਰ ਕੀਤਾ ਗਿਆ ਹੈ। ਇਸੇ ਲਈ ਇਸ ਨੂੰ ਕਦੇ 'ਵਿਆਖਿਆ ਪੱਤਰ' ਆਖ ਦਿੱਤਾ ਜਾਂਦਾ ਹੈ ਅਤੇ ਕਦੇ 'ਰਾਜ ਸਲਾਹਕਾਰ ਬੋਰਡ ਦਾ ਏਜੰਡਾ' । ਇਸ ਦਸਤਾਵੇਜ ਨੂੰ ਪੰਜਾਬ ਸਰਕਾਰ ਤੋਂ ਮੰਨਜ਼ੂਰੀ ਨਹੀਂ ਮਿਲੀ ਹੋਈ। ਕਾਨੂੰਨੀ ਮਾਹਿਰਾਂ ਵੱਲੋਂ ਤਿਆਰ ਨਾ ਕੀਤਾ ਹੋਣ ਕਾਰਨ ਇਹ ਵਿਸੰਗਤੀਆਂ ਨਾਲ ਭਰਪੂਰ ਹੈ।

ਇਹ ਵੀ ਸਪਸ਼ਟ ਹੋ ਗਿਆ ਕਿ ਚੋਣ ਪ੍ਰਕ੍ਰਿਆ ਅਪਣਾਉਂਦੇ ਸਮੇਂ ਭਾਸ਼ਾ ਵਿਭਾਗ ਦੇ ਅਧਿਕਾਰੀ, ਸਕਰੀਨਿੰਗ ਕਮੇਟੀ ਅਤੇ ਸਲਾਹਕਾਰ ਬੋਰਡ ਦੇ ਮੈਂਬਰ ਮਨ ਮਰਜ਼ੀ ਕਰਦੇ ਹਨ। ਆਪਣੇ ਚਹੇਤੇ ਦੀ ਝੋਲੀ ਪੁਰਸਕਾਰ ਪਾ ਸਕਦੇ ਹਨ।

ਇਸੇ ਦੌਰਾਨ ਰਜਿੰਦਰ ਪਾਲ ਸਿੰਘ ਭਾਸ਼ਾ ਵਿਭਾਗ ਕੋਲੋਂ ਪਿਛਲੇ ਛੇ ਸਾਲਾਂ (2015-2020) ਦੇ ਪੁਰਸਕਾਰਾਂ ਦੀ ਚੋਣ ਲਈ ਵਿਭਾਗ ਵਲੋਂ ਤਿਆਰ ਕੀਤੇ ਗਏ 2 ਏਜੰਡਿਆਂ, ਸਕਰੀਨਿੰਗ ਕਮੇਟੀ ਵਲੋਂ ਬਣਾਏ ਗਏ ਪੈਨਲਾਂ ਅਤੇ ਅੰਤਿਮ ਚੋਣ ਲਈ ਸਲਾਹਕਾਰ ਬੋਰਡ ਦੀ ਹੋਈ ਬੈਠਕ ਦੀਆਂ ਨਕਲਾਂ ਪ੍ਰਾਪਤ ਕਰਨ ਵਿਚ ਸਫਲ ਹੋ ਗਿਆ।

ਪ੍ਰਾਪਤ ਹੋਏ ਰਿਕਾਰਡ ਦੇ ਅਧਿਐਨ ਤੋਂ ਸਪਸ਼ਟ ਹੋ ਗਿਆ ਕਿ ਹਰ ਵਾਰ ਵਾਂਗ ਇਸ ਵਾਰ ਵੀ ਸਾਹਿਤ ਤੇ ਸਿਆਸਤ ਭਾਰੂ ਰਹੀ। ਇਸੇ ਕਾਰਨ ਚੋਣ ਪੱਖਪਾਤੀ ਤਾਂ ਸੀ ਹੀ ਨਾਲ ਸਾਜਸ਼ੀ ਵੀ ਸੀ।

ਇਸ ਪੁਸਤਕ ਵਿਚ ਦਰਜ ਸੂਚਨਾ ਅਤੇ ਉਸ ਸੂਚਨਾ ਤੇ ਅਧਾਰਿਤ ਖੋਜ ਪੱਤਰ ਮੇਰੇ ਇਸ ਸਿੱਟੇ ਦੀ ਪੁਸ਼ਟੀ ਕਰਨਗੇ।

- ਮਿੱਤਰ ਸੈਨ ਮੀਤ

## ਇਸ ਵਾਰ ਦੇ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਵਿਚ ਭਾਸ਼ਾ ਵਿਭਾਗ ਦੀ ਕਾਰਗੁਜ਼ਾਰੀ

ਪੁਰਸਕਾਰਾਂ ਦੀ ਨੀਤੀ ਘੜਨ ਲਈ ਬਣੀ ਕਮੇਟੀ ਦੇ ਚੇਅਰਪਰਸਨ (ਪ੍ਰਮੁੱਖ ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾਵਾਂ) ਵਲੋਂ, 08 ਸਤੰਬਰ 2009 ਨੂੰ ਕਮੇਟੀ ਦੀ ਮੀਟਿੰਗ ਸ਼ੁਰੁ ਕਰਨ ਤੋਂ ਪਹਿਲਾਂ ਆਸ ਪ੍ਰਗਟਾਈ ਗਈ ਸੀ 'ਕਿ ਜੋ ਵੀ ਨੀਤੀ ਨਿਰਧਾਰਤ ਕੀਤੀ ਜਾਵੇ ਉਹ ਪਾਰਦਰਸ਼ੀ ਹੋਣੀ ਚਾਹੀਦੀ ਹੈ ਅਤੇ ਇਸਦੀ ਜਾਣਕਾਰੀ ਸਮੂਹ ਮੈਂਬਰਾਂ, ਸਹਿਤਕਾਰਾਂ, ਲੇਖਕਾਂ ਅਤੇ ਸਹਿਤ ਵਰਗ ਨਾਲ ਜੁੜੇ ਹਰੇਕ ਵਿਅਕਤੀ ਨੂੰ ਹੋਣੀ ਚਾਹੀਦੀ ਹੈ। ' ਉਨ੍ਹਾਂ ਨੇ ਇਹ ਵੀ ਕਿਹਾ ਸੀ 'ਕਿ ਇਹ ਨੀਤੀ ਲਾਗੂ ਹੋਣ ਉਪਰੰਤ ਵਿਭਾਗ ਦੀ ਆਪਣੀ ਵੈਬਸਾਈਟ ਤੇ ਵੀ ਉਪਲਬੱਧ ਕਰਵਾਈ ਜਾਵੇਗੀ ਤਾਂ ਜੋ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਸਹਿਤਕਾਰ/ਕਲਾਕਾਰ ਅਤੇ ਪੰਜਾਬੀ ਇਸਨੂੰ ਆਸਾਨੀ ਨਾਲ ਵੇਖ ਸਕਣ। '

ਸਰਕਾਰ ਦੀ ਸ਼੍ਰੋਮਣੀ ਪੁਰਸਕਾਰਾਂ ਲਈ ਇਕ ਪਾਰਦਰਸ਼ੀ ਨੀਤੀ ਬਣਾਉਣ ਦੀ ਆਸ ਨੂੰ ਭਾਵੇਂ ਹਾਲੇ ਤੱਕ ਬੂਰ ਨਹੀਂ ਪਿਆ ਪਰ ਵਿਭਾਗ ਨੂੰ, ਸਰਕਾਰ ਵਲੋਂ ਪਿਛਲੇ 6 ਸਾਲ ਦੇ ਬਕਾਇਆ ਪੁਰਸਕਾਰ ਦੇਣ ਦੇ ਐਲਾਨ ਦੇ ਨਾਲ ਹੀ, ਆਪਣੇ ਉੱਚ ਅਧਿਕਾਰੀ ਦੀ ਇਸ ਨੇਕ ਸਲਾਹ ਨੂੰ ਹੁਕਮ ਸਮਝ ਕੇ, ਪੁਰਸਕਾਰਾਂ ਦੀ ਚੋਣ ਸਬੰਧੀ ਜੋ ਵੀ ਸਮਗਰੀ ਵਿਭਾਗ ਕੋਲ ਉਪਲੱਭਦ ਸੀ ਉਹ ਜਨਤਕ ਕਰ ਦੇਣੀ ਚਾਹੀਦੀ ਸੀ। ਸਰਕਾਰ ਦੇ ਇਸ ਐਲਾਨ ਦੀ ਅਤੇ ਵਿਭਾਗ ਵਲੋਂ ਪੁਰਸਕਾਰਾਂ ਲਈ ਚੋਣ ਪ੍ਰਕ੍ਰਿਆ ਦੇ ਸ਼ੁਰੂ ਕਰਨ ਦੀ ਸੂਚਨਾ ਤੁਰੰਤ ਹਰ ਪੰਜਾਬੀ ਦੇ ਘਰ ਤੱਕ ਪੁੱਜ ਜਾਣੀ ਚਾਹੀਦੀ ਸੀ।

ਇਸ ਵਾਰ ਦੀਆਂ ਹੱਕੀ ਸ਼ਖ਼ਸੀਅਤਾਂ ਦੀ ਚੋਣ ਲਈ ਸਕਰੀਨਿੰਗ ਕਮੇਟੀ ਦੀ ਮੀਟਿੰਗ 01 ਦਸੰਬਰ ਅਤੇ ਸਲਾਹਕਾਰ ਬੋਰਡ ਦੀ ਮੀਟਿੰਗ 03 ਦਸੰਬਰ ਨੂੰ ਰੱਖੀ ਗਈ ਸੀ। ਸਕਰੀਨਿੰਗ ਕਮੇਟੀ ਅਤੇ ਰਾਜ ਸਲਾਹਕਾਰ ਬੋਰਡ ਦੀਆਂ ਮੀਟਿੰਗਾਂ ਵਿਚ ਵਿਚਾਰੇ ਜਾਣ ਲਈ ਭਾਸ਼ਾ ਵਿਭਾਗ ਵੱਲੋਂ ਦੋ ਏਜੰਡੇ ਤਿਆਰ ਕੀਤੇ ਗਏ ਸਨ। ਪਹਿਲਾ ਏਜੰਡਾ 224 ਪੰਨਿਆਂ ਦਾ ਸੀ। ਦੂਜਾ ਏਜੰਡਾ 24 ਪੰਨਿਆਂ ਦਾ। ਪਹਿਲੇ ਏਜੰਡੇ ਵਿਚ ਭਾਸ਼ਾ ਵਿਭਾਗ ਵੱਲੋਂ ਪੁਰਸਕਾਰਾਂ ਲਈ ਆਪਣੇ ਵੱਲੋਂ ਸੁਝਾਏ ਨਾਂਵਾਂ ਦੀਆਂ ਸੂਚੀਆਂ ਸ਼ਾਮਲ ਕੀਤੀਆਂ ਗਈਆਂ ਸਨ। ਹਰ ਸ਼੍ਰੇਣੀ ਦੀ ਸੂਚੀ ਵੱਖਰੀ ਸੀ। ਇਨ੍ਹਾਂ ਸੂਚੀਆਂ ਵਿਚ ਯੋਗ ਉਮੀਦਵਾਰਾਂ ਦੇ ਕਰੀਬ 540 ਨਾਂ ਸ਼ਾਮਲ ਸਨ। ਨਾਲ ਹੀ ਏਜੰਡੇ ਵਿਚ ਸਾਹਿਤਕਾਰਾਂ ਨੂੰ ਪੈਨਸ਼ਨ ਦੇਣ ਆਦਿ ਵਰਗੀਆਂ ਸੱਤ ਹੋਰ ਮੱਦਾਂ ਵੀ ਸ਼ਾਮਲ ਸਨ। 27 ਨਵੰਬਰ ਤੋਂ ਬਾਅਦ (ਸਲਾਹਕਾਰ ਬੋਰਡ ਦੀ ਮੀਟਿੰਗ ਤੋਂ ਕੇਵਲ ਪੰਜ ਦਿਨ ਪਹਿਲਾਂ) ਤਿਆਰ ਕੀਤੇ ਗਏ ਦੂਜੇ ਏਜੰਡੇ, ਜਿਸ ਨੂੰ 'ਅਨੁਪੂਰਕ ਏਜੰਡਾ' ਦਾ ਨਾਂ ਦਿੱਤਾ ਗਿਆ, ਵਿਚ ਭਾਸ਼ਾ ਵਿਭਾਗ ਨੇ 24 ਹੋਰ ਉਮੀਦਵਾਰਾਂ ਦੇ ਨਾਂ ਸ਼ਾਮਲ ਕੀਤੇ। ਬਾਅਦ ਵਿਚ ਇਨ੍ਹਾਂ 24 ਉਮੀਦਵਾਰਾਂ ਵਿਚੋਂ 12 ਨੂੰ ਪੁਰਸਕਾਰਾਂ ਲਈ ਚੁਣ ਲਿਆ ਗਿਆ।

ਅਨੁਪੂਰਕ ਏਜੰਡੇ ਵਿਚ 120 ਉਨ੍ਹਾਂ ਨਾਂਵਾਂ ਦਾ ਜ਼ਿਕਰ ਵੀ ਕੀਤਾ ਗਿਆ ਜਿਹੜੇ ਪ੍ਰੋ.ਗੁਰਭਜਨ ਗਿੱਲ ਵੱਲੋਂ ਸੁਝਾਏ ਗਏ ਸਨ। ਇਨ੍ਹਾਂ ਨਾਂਵਾਂ ਬਾਰੇ ਭਾਸ਼ਾ ਵਿਭਾਗ ਵੱਲੋਂ ਟਿੱਪਣੀ ਕੀਤੀ ਗਈ ਕਿ ਬਹੁਤੇ ਨਾਂ ਪਹਿਲਾਂ ਹੀ ਸੁਝਾਏ ਗਏ ਨਾਂਵਾਂ ਵਿਚ ਸ਼ਾਮਲ ਹਨ। ਇਹ ਟਿੱਪਣੀ ਵੀ ਕੀਤੀ ਗਈ ਕਿ ਕੁਝ ਸੁਝਾਏ ਗਏ ਨਾਂਵਾਂ ਦੇ ਜੀਵਨ ਵੇਰਵੇ ਵਿਭਾਗ ਕੋਲ ਉਪਲਬਧ ਨਹੀਂ ਹਨ। ਭਾਵ ਇਨ੍ਹਾਂ ਨਾਂਵਾਂ ਤੇ ਭਾਸ਼ਾ ਵਿਭਾਗ ਨੇ ਵਿਚਾਰ ਕਰਨੀ ਯੋਗ ਨਹੀਂ ਸਮਝੀ।

ਇੰਝ ਭਾਸ਼ਾ ਵਿਭਾਗ ਵੱਲੋਂ ਸਕਰੀਨਿੰਗ ਕਮੇਟੀ ਅੱਗੇ ਪੁਰਸਕਾਰਾਂ ਲਈ ਕਰੀਬ 565 ਉਮੀਦਵਾਰਾਂ ਦੇ ਨਾਂ ਪੇਸ਼ ਕੀਤੇ ਗਏ।

ਸਲਾਹਕਾਰ ਬੋਰਡ ਦਾ ਗਠਨ 3 ਜੂਨ 2020 ਨੂੰ ਹੋ ਗਿਆ ਸੀ। ਪੁਰਸਕਾਰਾਂ ਦੀ ਚੋਣ ਲਈ ਬੋਰਡ ਦੀ ਮੀਟਿੰਗ ਪੂਰੇ 6 ਮਹੀਨੇ ਬਾਅਦ 3 ਦਸੰਬਰ 2020 ਨੂੰ ਹੋਈ। ਭਾਸ਼ਾ ਵਿਭਾਗ ਦੇ ਡਾਇਰੈਕਟਰ ਅਤੇ ਇਸ ਕਾਰਜ ਨਾਲ ਸਬੰਧਤ ਹੋਰ

ਅਧਿਕਾਰੀਆਂ ਕੋਲ ਪੁਰਸਕਾਰਾਂ ਨਾਲ ਸਬੰਧਤ ਵੱਖ ਵੱਖ ਸਲਾਹਕਾਰ ਬੋਰਡਾਂ ਵਲੋਂ ਤੈਅ ਕੀਤੀਆਂ ਗਈਆਂ ਸ਼ਰਤਾਂ ਅਤੇ ਨਿਰਦੇਸ਼ਾਂ ਦਾ ਅਧਿਐਨ ਕਰਨ ਅਤੇ ਪੁਰਸਕਾਰਾਂ ਲਈ ਯੋਗ ਉਮੀਦਵਾਰਾਂ ਦੇ ਵੱਖ ਵੱਖ ਸਰੋਤਾਂ ਤੋਂ ਨਾਂ ਇੱਕਠੇ ਕਰਨ ਲਈ ਖੁਲ੍ਹਾ ਸਮਾਂ ਸੀ। ਪਰ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਨੇ ਮਿਲੇ ਖੁਲ੍ਹੇ ਸਮੇਂ ਦਾ ਸਦਉਪਯੋਗ ਨਹੀਂ ਕੀਤਾ। ਅਧਿਕਾਰੀ ਆਪਣੀ ਬੁੱਕਲ ਵਿਚ ਹੀ ਗੁੜ ਭੰਨਦੇ ਰਹੇ।

ਭਾਸ਼ਾ ਵਿਭਾਗ ਵਲੋਂ ਹਰ ਸਾਲ ਕੁੱਝ ਸਰਬੋਤਮ ਪੁਸਤਕਾਂ ਨੂੰ ਪੁਰਸਕਾਰ ਦਿੱਤੇ ਜਾਂਦੇ ਹਨ। ਸ਼੍ਰੋਮਣੀ ਪੁਰਸਕਾਰਾਂ ਦੇ ਮੁਕਾਬਲੇ ਇਨ੍ਹਾਂ ਦੀ ਰਾਸ਼ੀ ਨਾ-ਮਾਤਰ, 21 ਹਜ਼ਾਰ ਰੁਪਏ ਹੈ। ਇਨ੍ਹਾਂ ਪੁਰਸਕਾਰਾਂ ਲਈ ਪੁਸਤਕਾਂ ਮੰਗਵਾਉਣ ਲਈ ਭਾਸ਼ਾ ਵਿਭਾਗ ਵਲੋਂ ਬਕਾਇਦਾ ਅਖਬਾਰਾਂ ਵਿਚ ਇਸ਼ਤਿਹਾਰ ਦਿੱਤੇ ਜਾਂਦੇ ਹਨ। ਪੁਸਤਕਾਂ ਭੇਜਣ ਦੀ ਆਖਰੀ ਤਿਥੀ ਵੀ ਇਸ਼ਤਿਹਾਰ ਵਿਚ ਦਿੱਤੀ ਜਾਂਦੀ ਹੈ। ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਪੁਰਸਕਾਰ ਦੇਣ ਦੇ ਕੀਤੇ ਗਏ ਫੈਸਲੇ ਬਾਰੇ ਅਤੇ ਸ਼੍ਰੋਮਣੀ ਪੁਰਸਕਾਰਾਂ ਲਈ ਯੋਗ ਉਮੀਦਵਾਰਾਂ ਦੇ ਨਾਂ ਸੁਝਾਉਣ ਬਾਰੇ, ਭਾਸ਼ਾ ਵਿਭਾਗ ਵਲੋਂ ਕਿਸੇ ਅਖਬਾਰ ਵਿਚ ਕੋਈ ਇਸ਼ਤਿਹਾਰ ਨਹੀਂ ਦਿੱਤਾ ਗਿਆ। ਕਈ ਸਾਲਾਂ ਤੋਂ ਭਾਸ਼ਾ ਵਿਭਾਗ ਦੀ ਵੈਬਸਾਈਟ ਵੀ ਬੰਦ ਹੈ। ਇਸ ਲਈ ਪੁਰਸਕਾਰਾਂ ਸਬੰਧੀ ਕੋਈ ਸੂਚਨਾ ਦੇਣ ਲਈ ਵੈਬਸਾਈਟ ਦੀ ਵੀ ਵਰਤੋਂ ਨਹੀਂ ਕੀਤੀ ਗਈ। ਭਾਸ਼ਾ ਵਿਭਾਗ ਦੀ ਇਸ ਅਣਗਹਿਲੀ ਕਾਰਨ, ਹਜ਼ਾਰਾਂ ਯੋਗ ਉਮੀਦਵਾਰ ਆਪਣੀਆਂ ਅਰਜ਼ੀਆਂ ਅਤੇ ਜੀਵਨ ਵੇਰਵੇ ਭਾਸ਼ਾ ਵਿਭਾਗ ਨੂੰ ਨਹੀਂ ਭੇਜ ਸਕੇ। 18 ਵਿਚੋਂ 8 ਪੁਰਸਕਾਰਾਂ ਲਈ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਵੀ ਹੱਕਦਾਰ ਹਨ। ਇਕ ਪੁਰਸਕਾਰ 'ਪੰਜਾਬੋਂ ਬਾਹਰ' ਰਹਿੰਦੇ ਪੰਜਾਬੀ ਸਾਹਿਤਕਾਰਾਂ ਲਈ ਰਾਖਵਾਂ ਹੈ। ਪੰਜਾਬੋਂ ਬਾਹਰ ਅਤੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਨੂੰ ਤਾਂ ਪੁਰਸਕਾਰਾਂ ਬਾਰੇ ਉਕਾ ਸੂਹ ਨਹੀਂ ਲੱਗੀ। ਸ਼ਾਇਦ ਇਸੇ ਕਾਰਨ ਭਾਸ਼ਾ ਵਿਭਾਗ ਨੂੰ ਸਾਰੇ ਸੰਸਾਰ ਵਿਚੋਂ ਸ਼੍ਰੋਮਣੀ ਰਾਗੀ ਅਤੇ ਢਾਡੀ/ਕਵੀਸ਼ਰ ਪੁਰਸਕਾਰਾਂ ਲਈ ਕੇਵਲ ਕ੍ਰਮ ਅਨੁਸਾਰ 17 ਅਤੇ 15 ਸ਼ਖਸ਼ੀਅਤਾਂ/ਜੱਥਿਆਂ ਦੇ ਨਾਂ ਹੀ ਮਿਲੇ। ਸ਼੍ਰੋਮਣੀ ਰਾਗੀਆਂ ਦੇ ਜੱਥਿਆਂ ਦੀ ਗਿਣਤੀ ਹਜ਼ਾਰਾਂ ਵਿਚ ਹੈ। ਦੁਨੀਆ ਭਰ ਦੇ ਸੈਂਕੜੇ ਇਤਹਾਸਿਕ ਗੁਰੂ ਘਰਾਂ ਵਿਚ ਹੀ ਹਜਾਰਾਂ ਉੱਚ ਕੋਟੀ ਦੇ ਰਾਗੀ ਜੱਥੇ ਕੀਰਤਨ ਕਰਦੇ ਹਨ। ਸ਼੍ਰੋਮਣੀ ਰਾਗੀਆਂ ਦੀਆਂ ਸੂਚੀਆਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕੋਲੋਂ ਵੀ ਅਸਾਨੀ ਨਾਲ ਪ੍ਰਾਪਤ ਹੋ ਸਕਦੀਆਂ ਸਨ। ਗੁਰਤੇਜ ਬੱਬੀ ਨੇ ਆਪਣੀਆਂ 2 ਪੁਸਤਕਾਂ ਵਿੱਚ ਕੇਵਲ ਮਾਲਵੇ ਦੇ 100 ਤੋਂ ਵੱਧ ਕਵੀਸ਼ਰਾਂ (ਢਾਡੀਆਂ ਦਾ ਨਹੀਂ) ਦਾ ਜਿਕਰ ਕੀਤਾ ਹੈ। ਉਨ੍ਹਾਂ ਵਿੱਚੋਂ, ਉੱਚ ਕੋਟੀ ਦੇ 50 ਦੇ ਕਰੀਬ ਕਵੀਸ਼ਰ ਜਿੰਦਾ ਹਨ। ਢਾਡੀਆਂ ਅਤੇ ਕਵੀਸ਼ਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ, ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਰੋਤ ਹਨ। ਭਾਸ਼ਾ ਵਿਭਾਗ ਨੂੰ ਪੰਜਾਬੀ ਗਾਇਕ/ ਸੰਗੀਤਕਾਰ ਪੁਰਸਕਾਰ ਲਈ ਕੇਵਲ 24 ਨਾਂ ਹੀ ਲੱਭੇ। ਜਦੋਂ ਕਿ ਇਕੱਲੇ ਗਾਇਕਾਂ ਦੀ ਗਿਣਤੀ ਹੀ ਹਜਾਰਾਂ ਵਿਚ ਹੈ। ਦੂਜੇ ਪਾਸੇ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰਾਂ (ਵਿਦੇਸ਼ੀ)' ਲਈ ਵਿਭਾਗ ਵੱਲੋਂ ਵੱਡੀ ਗਿਣਤੀ ਵਿਚ (52) ਨਾਂ ਸੁਝਾਏ ਗਏ। ਜਦੋਂ ਕਿ 10 ਲੱਖੇ ਸਾਹਿਤ ਰਤਨ ਪੁਰਸਕਾਰ ਲਈ ਕੇਵਲ 21, ਗਿਆਨ ਪੁਰਸਕਾਰ ਲਈ 33 ਅਤੇ ਕਵੀ ਪੁਰਸਕਾਰ ਲਈ 41 ਨਾਂ ਹੀ ਸੁਝਾਏ ਗਏ ਸਨ। ਇਸ ਸ਼੍ਰੇਣੀ ਲਈ ਦਰਸ਼ਨ ਢਿਲੋਂ ਦਾ ਨਾਂ ਬਿਨਾਂ ਜੀਵਨ ਵੇਰਵੇ ਦੇ ਹੀ ਸੁਝਾਅ ਦਿੱਤਾ ਗਿਆ।

ਭਾਸ਼ਾ ਵਿਭਾਗ ਵਲੋਂ ਇਨ੍ਹਾਂ ਪੁਰਸਕਾਰਾਂ ਲਈ ਉਮੀਦਵਾਰਾਂ ਵਲੋਂ ਆਪ ਜਾਂ ਹੋਰਾਂ ਵਲੋਂ ਨਾਂ ਭੇਜਣ ਲਈ ਕੋਈ ਅੰਤਿਮ ਮਿਤੀ ਨਹੀਂ ਸੀ ਮਿੱਥੀ ਗਈ। ਇਸੇ ਲਾਪਰਵਾਹੀ ਕਾਰਨ, ਭਾਸ਼ਾ ਵਿਭਾਗ ਸਲਾਹਕਾਰ ਬੋਰਡ ਦੀ ਮੀਟਿੰਗ ਤੋਂ 5/6 ਦਿਨ ਪਹਿਲਾਂ ਤੱਕ ਨਵੇਂ ਨਾਂ ਪ੍ਰਾਪਤ ਕਰਦਾ ਅਤੇ ਪ੍ਰਾਪਤ ਹੋਏ ਨਾਂਵਾਂ ਨੂੰ ਆਪਣੇ ਏਜੰਡੇ ਵਿਚ ਸ਼ਾਮਲ ਕਰਦਾ ਰਿਹਾ। ਗੁਰਭਜਨ

ਗਿੱਲ ਵੱਲੋਂ 25 ਨਵੰਬਰ 2020 ਨੂੰ, ਇਨ੍ਹਾਂ ਪੁਰਸਕਾਰਾਂ ਲਈ ਦਸ ਦਰਜਨ ਨਾਂ ਸੁਝਾਏ ਗਏ। ਉਨ੍ਹਾਂ ਸਾਰੇ ਨਾਂਵਾਂ ਨੂੰ 'ਅਨਪੂਰਕ ਏਜੰਡੇ' ਵਿਚ ਸ਼ਾਮਲ ਕਰ ਲਿਆ ਗਿਆ।

ਸਲਾਹਕਾਰ ਬੋਰਡ ਦੇ ਮੈਂਬਰਾਂ ਅਤੇ ਉਮੀਦਵਾਰਾਂ ਤੋਂ ਬਿਨ੍ਹਾਂ, ਕੀ ਕੋਈ ਹੋਰ ਵਿਅਕਤੀ ਵੀ ਪੁਰਸਕਾਰਾਂ ਲਈ ਆਪਣੀ ਪਸੰਦ ਦੀ ਕਿਸੇ ਸ਼ਖ਼ਸੀਅਤ ਦਾ ਨਾਂ ਸੁਝਾਅ ਸਕਦਾ ਹੈ? ਭਾਸ਼ਾ ਵਿਭਾਗ ਕੋਲ ਲਿਖਤੀ ਪੜਤੀ ਇਸ ਪ੍ਰਸ਼ਨ ਦਾ ਕੋਈ ਉੱਤਰ ਨਹੀਂ ਹੈ। ਇੱਕ ਵਿਅਕਤੀ ਕਿੰਨੇ ਨਾਂ ਸੁਝਾਅ ਸਕਦਾ ਹੈ? ਭਾਸ਼ਾ ਵਿਭਾਗ ਕੋਲ ਇਸ ਪ੍ਰਸ਼ਨ ਦਾ ਵੀ ਕੋਈ ਤਸਲੀਬਖਸ਼ ਉੱਤਰ ਨਹੀਂ ਹੈ। ਜੇ ਕੋਈ ਪਾਬੰਦੀ ਹੁੰਦੀ ਤਾਂ ਗੁਰਭਜਨ ਗਿੱਲ ਵਲੋਂ ਥੋਕ ਵਿਚ ਸੁਝਾਏ ਨਾਂਵਾਂ ਨੂੰ ਏਜੰਡੇ ਵਿਚ ਸ਼ਾਮਲ ਨਾ ਕੀਤਾ ਜਾਂਦਾ।

ਭਾਸ਼ਾ ਵਿਭਾਗ ਵਲੋਂ ਉਪਲੱਭਦ ਕਰਵਾਈ ਗਈ ਸੂਚਨਾ ਅਨੁਸਾਰ ਇਨ੍ਹਾਂ ਪੁਰਸਕਾਰਾਂ ਲਈ 182 ਲੇਖਕਾਂ ਨੇ ਆਪ ਅਰਜੀਆਂ ਦਿੱਤੀਆਂ। ਭਾਸ਼ਾ ਵਿਭਾਗ ਨੇ ਹੋਰ ਦੱਸਿਆ ਕਿ ਜਿਨ੍ਹਾਂ ਵਿਅਕਤੀਆਂ ਨੇ ਪੁਰਸਕਾਰਾਂ ਲਈ ਆਪ ਅਰਜ਼ੀਆਂ ਨਹੀਂ ਦਿੱਤੀਆਂ ਉਨ੍ਹਾਂ ਦੇ ਨਾਂ 'ਅਨੁਪੂਰਕ ਏਜੰਡੇ' ਵਿਚ ਦਰਜ ਹਨ। ਅਨੁਪੂਰਕ ਏਜੰਡੇ ਵਿਚ 24 ਨਾਂ ਦਰਜ ਹਨ। ਭਾਵ ਕੇਵਲ 24 ਵਿਅਕਤੀ ਅਜਿਹੇ ਸਨ ਜਿਨ੍ਹਾਂ ਨੇ ਆਪ ਪੁਰਸਕਾਰਾਂ ਲਈ ਅਰਜ਼ੀਆਂ ਨਹੀਂ ਦਿੱਤੀਆਂ। ਭਾਸ਼ਾ ਵਿਭਾਗ ਵਲੋਂ ਦਿੱਤੀ ਗਈ ਇਸ ਸੂਚਨਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਨ੍ਹਾਂ ਪੁਰਸਕਾਰਾਂ ਲਈ ਕੇਵਲ 182 ਵਿਅਕਤੀਆਂ ਵੱਲੋਂ ਅਰਜ਼ੀਆਂ ਦਿੱਤੀਆਂ ਗਈਆਂ। ਜਦੋਂ ਕਿ ਭਾਸ਼ਾ ਵਿਭਾਗ ਵੱਲੋਂ ਪੁਰਸਕਾਰਾਂ ਲਈ ਕਰੀਬ 565 ਨਾਂ ਸੁਝਾਏ ਗਏ ਸਨ। ਸਵਾਲ ਪੈਦਾ ਹੁੰਦਾ ਹੈ ਕਿ ਬਾਕੀ ਦੇ ਕਰੀਬ 390 ਸੰਭਾਵੀ ਉਮੀਦਵਾਰਾਂ ਦੇ ਨਾਂ ਅਤੇ ਜੀਵਨ ਵੇਰਵੇ ਭਾਸ਼ਾ ਵਿਭਾਗ ਨੇ ਕਿਸ ਸਰੋਤ ਤੋਂ ਪ੍ਰਾਪਤ ਕੀਤੇ? ਵਿਭਾਗ ਨੇ ਇਸ ਮਹੱਤਵਪੂਰਣ ਪ੍ਰਸ਼ਨ ਦਾ ਉੱਤਰ ਦੇਣ ਦੀ ਖੇਚਲ ਨਹੀਂ ਕੀਤੀ।

ਲਿਖਤੀ ਪੜਤੀ ਸਪਸ਼ਟ ਨਿਰਦੇਸ਼ ਨਾ ਹੋਣ ਕਾਰਨ, ਕਦੇ ਭਾਸ਼ਾ ਵਿਭਾਗ ਕਹਿੰਦਾ ਹੈ ਕਿ ਉਸ ਨੂੰ ਯੋਗ ਉਮੀਦਵਾਰਾਂ ਦੇ ਨਾਂ ਸਲਾਹਕਾਰ ਬੋਡਰ ਦੇ ਮੈਂਬਰ ਭੇਜਦੇ ਹਨ ਅਤੇ ਕਦੇ ਕਹਿੰਦਾ ਹੈ ਕਿ ਪਹਿਲਾਂ ਸ਼੍ਰੋਮਣੀ ਪੁਰਸਕਾਰ ਪ੍ਰਾਪਤ ਕਰ ਚੁੱਕੀਆਂ ਸ਼ਖਸ਼ੀਅਤਾਂ। ਇਸ ਸਮੇਂ ਸਲਾਹਕਾਰ ਬੋਰਡ ਦੇ 50 ਮੈਂਬਰ ਹਨ। ਇਨ੍ਹਾਂ ਵਿਚੋਂ 4 ਅਤੀ ਉੱਚ ਸਰਕਾਰੀ ਅਧਿਕਾਰੀ ਹਨ ਅਤੇ ਆਪਣੇ ਆਹੁਦਿਆਂ ਕਾਰਨ ਮੈਂਬਰ ਨਿਯੁਕਤ ਹੋਏ ਹੋਏ ਹਨ। ਨਿੱਜੀ ਤੌਰ ਤੇ ਉਨ੍ਹਾਂ ਨੂੰ ਪੁਰਸਕਾਰਾਂ ਦੀ ਚੋਣ ਵਿਚ ਬਹੁਤੀ ਦਿਲਚਸਪੀ ਨਹੀਂ ਹੋਵੇਗੀ। ਬਾਕੀ ਬਚਦੇ 45 ਮੈਂਬਰਾਂ ਵਿਚੋਂ, ਭਾਸ਼ਾ ਵਿਭਾਗ ਨੇ ਨਾਂ ਸੁਝਾਉਣ ਲਈ, ਕਿਸੇ ਨਾਲ ਵੀ ਚਿੱਠੀ ਪੱਤਰ ਨਹੀਂ ਕੀਤਾ। ਸ਼ਾਇਦ ਇਸੇ ਲਈ ਬੋਰਡ ਦੇ ਕੇਵਲ ਇਕ ਸੁਚੇਤ ਮੈਂਬਰ ਪ੍ਰੋ ਚਮਨ ਲਾਲ ਨੇ ਆਪਣਾ ਫਰਜ਼ ਆਪ ਹੀ ਪਛਾਣਿਆ ਅਤੇ ਭਾਸ਼ਾ ਵਿਭਾਗ ਨੂੰ 14 ਨਾਂ ਸੁਝਾਏ। ਇਨ੍ਹਾਂ ਵਿਚੋਂ 9 ਨਾਂ ਵਿਭਾਗ ਨੇ ਆਪਣੇ ਵਲੋਂ ਤਿਆਰ ਕੀਤੀਆਂ ਸੂਚੀਆਂ ਵਿਚ ਸ਼ਾਮਲ ਕਰ ਲਏ। (ਭਾਸ਼ਾ ਵਿਭਾਗ ਨੇ ਪ੍ਰੋ. ਚਮਨ ਲਾਲ ਵੱਲੋਂ ਸੁਝਾਏ ਨਾਂਵਾਂ ਦਾ ਜ਼ਿਕਰ, ਸਾਨੂੰ ਭੇਜੀ ਸੂਚਨਾ ਵਿਚ ਨਹੀਂ ਕੀਤਾ ਗਿਆ। ਇਹ ਸੂਚਨਾ ਸਾਨੂੰ ਪ੍ਰੋ ਸਾਹਿਬ ਵਲੋਂ ਆਪ ਦਿੱਤੀ ਗਈ ਹੈ।) ਇਸੇ ਤਰਾਂ ਵਿਭਾਗ ਵਲੋਂ ਪਹਿਲਾਂ ਸ਼੍ਰੋਮਣੀ ਪੁਰਸਕਾਰ ਪ੍ਰਾਪਤ ਕਰ ਚੁੱਕੀਆਂ ਸ਼ਖਸ਼ੀਅਤ ਨਾਲ ਵੀ, ਇਸ ਵਿਸ਼ੇ ਬਾਰੇ, ਕੋਈ ਚਿੱਠੀ ਪੱਤਰ ਨਹੀਂ ਕੀਤਾ। ਭਾਵੇਂ ਕਿ ਵਿਭਾਗ ਕੋਲ ਇਨ੍ਹਾਂ ਵਿਅਕਤੀਆਂ ਦੀ ਸੂਚੀ ਉਪਲਬਧ ਹੈ। ਕੇਵਲ ਗੁਰਭਜਨ ਗਿੱਲ ਵੱਲੋਂ ਇਹ ਫਰਜ਼ ਨਿਭਾਇਆ ਗਿਆ। ਪਰ ਵਿਭਾਗ ਵਲੋਂ ਉਨ੍ਹਾਂ ਦੀ ਸੂਚੀ ਨੂੰ ਵੀ, ਪਹਿਲਾਂ ਦੱਸੇ ਕਾਰਨਾਂ ਦੇ ਅਧਾਰ ਤੇ ਕੋਈ ਮੱਹਤਤਾ ਨਹੀਂ ਦਿੱਤੀ ਗਈ।

ਕਈ ਵਾਰ ਵੱਡੇ ਲੇਖਕ ਆਪ ਪੁਰਸਕਾਰਾਂ ਲਈ ਅਰਜ਼ੀਆਂ ਦੇਣ ਤੋਂ ਝਿਜਕਦੇ ਹਨ। ਕਈ ਹੋਰ ਸਰਕਾਰੀ ਪੁਰਸਕਾਰਾਂ ਦੀ ਪ੍ਰਵਾਹ ਨਹੀਂ ਕਰਦੇ। ਭਾਸ਼ਾ ਵਿਭਾਗ ਨੂੰ ਆਪ ਯਤਨ ਕਰਕੇ ਵੱਡੇ ਲੇਖਕਾਂ ਦੇ ਜੀਵਣ ਵੇਰਵੇ ਇੱਕਠੇ ਕਰਨੇ

ਚਾਹੀਦੇ ਸਨ। ਭਾਸ਼ਾ ਵਿਭਾਗ ਨੇ ਆਪਣਾ ਇਹ ਫਰਜ ਨਹੀਂ ਨਿਭਾਇਆ। ਪ੍ਰੋ. ਚਮਨ ਲਾਲ ਨੂੰ ਲੇਖਕਾਂ ਦੇ ਇਸ ਸੁਭਾਅ ਦਾ ਪਤਾ ਸੀ। ਆਪਣਾ ਫਰਜ਼ ਸਮਝ ਕੇ ਉਨ੍ਹਾਂ ਨੇ ਅਜਿਹੇ 7 ਵੱਡੇ ਲੇਖਕਾਂ ਦੇ ਜੀਵਣ ਵੇਰਵੇ, ਉਨ੍ਹਾਂ ਤੱਕ ਆਪ ਪਹੁੰਚ ਕਰਕੇ ਮੰਗਵਾਏ। ਲੇਖਕਾਂ ਦੇ ਅਣਖੀਲੇ ਸੁਭਾਅ ਅਤੇ ਆਪਣੇ ਯਤਨਾਂ ਦਾ ਜ਼ਿਕਰ ਪ੍ਰੋ. ਚਮਨ ਲਾਲ ਨੇ ਆਪਣੀ ਪੰਜਾਬ ਸਰਕਾਰ ਦੇ ਉੱਚ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਜੋ ਸਲਾਹਕਾਰ ਬੋਰਡ ਦੇ ਕਨਵੀਨਰ ਵੀ ਹਨ, 13 ਮਾਰਚ 2021 ਨੂੰ ਲਿਖੀ ਚਿੱਠੀ ਵਿਚ ਵੀ ਕੀਤਾ ਹੈ। ਉਨ੍ਹਾਂ ਅਨੁਸਾਰ, 'ਬਹੁਤ ਵਾਰ ਵੱਡੇ ਲੇਖਕ ਇਨਾਮਾਂ ਦੀ ਬਹੁਤੀ ਪਰਵਾਹ ਨਹੀਂ ਕਰਦੇ ਅਤੇ ਪੰਜਾਬ ਤੋਂ ਬਾਹਰ ਰਹਿੰਦੇ ਲੇਖਕਾਂ ਨੂੰ ਇੰਨਾ ਇਨਾਮਾਂ ਬਾਰੇ ਜਾਣਕਾਰੀ ਤੱਕ ਨਹੀਂ ਹੁੰਦੀ। ... ਮੈਂ ਜਿੰਨਾਂ ਸੱਤ ਲੇਖਕਾਂ ਦੇ ਜੀਵਣ ਵੇਰਵੇ ਵਿਭਾਗ ਨੂੰ ਭੇਜੇ ਸਨ, ਉਹ ਸਾਰੇ ਮੈਂ ਉਹਨਾਂ ਨੂੰ ਖ਼ੁਦ ਪਹੁੰਚ ਕਰਕੇ ਮੰਗਵਾਏ ਸਨ। ਕਿਉਂਕਿ ਮੈਂ ਸਮਝਦਾ ਸੀ ਕਿ ਪਿਛਲੇ ਸਮੇਂ ਵਿੱਚ ਉਹਨਾਂ ਦੀ ਘੋਰ ਅਣਦੇਖੀ ਹੋਈ ਹੈ। ਇਹ ਇਨਾਮ ਉਹਨਾਂ ਨੂੰ ਬਹੁਤ ਪਹਿਲਾਂ ਮਿਲ ਜਾਣੇ ਚਾਹੀਦੇ ਸਨ। ....'। ਵਿਭਾਗ ਦੀ ਇਸ ਸੁਸਤੀ ਕਾਰਨ ਕਈ ਵੱਡੇ ਲੇਖਕ ਸਨਮਾਨਿਤ ਹੋਣੋ ਰਹਿ ਗਏ।

ਭਾਸ਼ਾ ਵਿਭਾਗ ਵੱਲੋਂ ਸਾਹਿਤਕਾਰਾਂ ਅਤੇ ਹੋਰ ਸ਼੍ਰੇਣੀਆਂ ਨਾਲ ਸਬੰਧਤ ਉਮੀਦਵਾਰਾਂ ਦੇ ਜੋ ਜੀਵਨ ਵੇਰਵੇ ਤਿਆਰ ਕੀਤੇ ਗਏ ਸਨ ਉਨ੍ਹਾਂ ਵਿਚ ਦਰਜ ਸੂਚਨਾ ਅਧੂਰੀ ਸੀ। ਕਈ ਜੀਵਨ ਵੇਰਵਿਆਂ ਵਿਚ ਤਾਂ ਉਸ ਵਿਅਕਤੀ ਵੱਲੋਂ ਪਿਛਲੇ ਦਸ ਸਾਲਾਂ ਵਿਚ ਕੀਤੇ ਮਹੱਤਵਪੂਰਣ ਕੰਮਾਂ ਅਤੇ ਪ੍ਰਾਪਤੀਆਂ ਦਾ ਜ਼ਿਕਰ ਤੱਕ ਨਹੀਂ ਸੀ ਕੀਤਾ ਗਿਆ। ਅਜਿਹੀਆਂ ਅਣਗਹਿਲੀਆਂ ਕਾਰਨ ਹੀ, ਜੀਵਨ ਵੇਰਵੇ ਤਿਆਰ ਕਰਦੇ ਸਮੇਂ, ਭਾਸ਼ਾ ਵਿਭਾਗ ਨੂੰ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਉਸ ਵੱਲੋਂ ਸੁਝਾਏ ਗਏ ਨਾਂਵਾਂ ਵਿਚ ਕਈ ਮ੍ਰਿਤਕਾਂ ਦੇ ਨਾਂ ਵੀ ਸ਼ਾਮਲ ਹੋ ਗਏ ਹਨ। ਜਿਵੇਂ ਜਸਦੇਵ ਸਿੰਘ ਧਾਲੀਵਾਲ, ਕੇ.ਦੀਪ ਅਤੇ ਬਲਬੀਰ ਸਿੰਘ ਬੀਲ੍ਹਾ। ਬੀਲ੍ਹਾ ਸਾਹਿਬ ਤਾਂ 2012 ਵਿਚ ਹੀ ਚੜਾਈ ਕਰ ਗਏ ਸਨ। ਉਨ੍ਹਾਂ ਨੂੰ ਸ਼੍ਰੋਮਣੀ ਰਾਗੀ ਪੁਰਸਕਾਰ ਲਈ ਚੁਣ ਵੀ ਲਿਆ ਗਿਆ ਹੈ। ਆਪਣੇ 'ਅਨੁਪੂਰਕ ਏਜੰਡਾ' ਵਿਚ ਭਾਸ਼ਾ ਵਿਭਾਗ ਨੇ ਜਿਹੜੇ 24 ਨਵੇਂ ਨਾਂ ਸ਼ਾਮਲ ਕੀਤੇ ਹਨ ਉਨ੍ਹਾਂ ਦੇ ਜੀਵਨ ਵੇਰਵੇ ਵੀ ਏਜੰਡੇ ਵਿਚ ਸ਼ਾਮਲ ਕੀਤੇ ਗਏ ਸਨ। ਹੈਰਾਨੀ ਵਾਲੀ ਗੱਲ ਹੈ ਕਿ ਈਸ਼ਵਰ ਨਾਹਿਦ ਅਤੇ ਦਰਸ਼ਨ ਢਿੱਲੋਂ ਦੇ ਜੀਵਨ ਵੇਰਵਿਆਂ ਵਾਲੇ ਸਾਰੇ ਕਾਲਮ ਖਾਲੀ ਛੱਡੇ ਦਿੱਤੇ ਗਏ ਸਨ।

ਪੰਜਾਬ ਸਰਕਾਰ ਵਲੋਂ 'ਇਨਾਮਾਂ ਦੀ ਚੋਣ ਸਬੰਧੀ ਨਵੀਂ ਪਾਲਿਸੀ ਨਿਰਧਾਤਰ' ਕਰਨ ਲਈ ਇਕ ਸਬ-ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਦੀ ਮੀਟਿੰਗ 8 ਸਤੰਬਰ 2009 ਨੂੰ ਹੋਈ ਸੀ। ਇਸ ਕਮੇਟੀ ਵਲੋਂ ਇਕ ਇਹ ਫੈਸਲਾ ਕੀਤਾ ਗਿਆ ਕਿ ਇਕ ਵਿਦਵਾਨ/ਲੇਖਕ/ਕਲਾਕਾਰ ਦਾ ਨਾਂ ਪੁਰਸਕਾਰ ਦੇ ਕੇਵਲ ਇੱਕ ਹੀ ਪੈਨਲ ਵਿੱਚ ਸ਼ਾਮਲ ਕੀਤਾ ਜਾਵੇ। ਪਰ ਜੇ ਕਿਸੇ ਇਕ ਵਿਦਵਾਨ ਦਾ ਨਾਂ ਇਕ ਤੋਂ ਜ਼ਿਆਦਾ ਪੁਰਸਕਾਰਾਂ ਲਈ ਨਾਮਜ਼ਦ ਕੀਤਾ ਗਿਆ ਹੋਵੇ ਤਾਂ ਵਿਭਾਗ ਆਪਣੀ ਪੱਧਰ ਤੇ ਉਸ ਵਿਦਵਾਨ ਦਾ ਨਾਂ, ਉਸ ਵੱਲੋਂ ਸਾਹਿਤ ਦੀ ਜਿਸ ਵਿਧਾ ਵਿੱਚ ਜ਼ਿਆਦਾ ਯੋਗਦਾਨ ਹੋਵੇ, ਉਸ ਸ਼੍ਰੇਣੀ ਵਿੱਚ ਸ਼ਾਮਲ ਕਰ ਲਵੇ। ਸ਼ਾਇਦ ਭਾਸ਼ਾ ਵਿਭਾਗ ਦੇ ਸਬੰਧਿਤ ਅਧਿਕਾਰੀਆਂ ਨੂੰ ਕਮੇਟੀ ਦੇ ਇਸ ਫੈਸਲੇ ਦਾ ਪਤਾ ਨਹੀਂ ਸੀ। ਇਸੇ ਲਈ ਵਿਭਾਗ ਵਲੋਂ ਕਈ ਵਿਦਵਾਨਾਂ ਦਾ ਨਾਂ ਵੱਖ ਵੱਖ ਪੁਰਸਕਾਰਾਂ ਲਈ ਤਿਆਰ ਕੀਤੀਆਂ ਸੂਚੀਆਂ ਵਿਚ ਦੋ ਦੋ ਵਾਰ ਪਾ ਦਿਤਾ ਗਿਆ। ਜਿਵੇਂ ਕਿ ਡਾ.ਰਵੀ ਰਵਿੰਦਰ ਦਾ 'ਅਲੋਚਕਾਂ' ਵਾਲੀ ਅਤੇ 'ਸਾਹਿਤਕਾਰਾਂ' ਵਾਲੀਆਂ ਸੂਚੀਆਂ ਵਿਚ। ਜਗੀਰ ਸਿੰਘ ਜਗਤਾਰ ਦਾ 'ਪੱਤਰਕਾਰ' ਅਤੇ 'ਸਾਹਿਤਕ ਪੱਤਰਕਾਰ' ਵਾਲੀਆਂ ਸੂਚੀਆਂ ਵਿਚ। ਬਲਬੀਰ ਪਰਵਾਨਾ ਦਾ 'ਪੱਤਰਕਾਰ' ਅਤੇ 'ਸਾਹਿਤਕਾਰ' ਵਾਲੀਆਂ ਸੂਚੀਆਂ ਵਿਚ ਆਦਿ। ਸਪੱਸ਼ਟ ਤੌਰ ਤੇ ਭਾਸ਼ਾ ਵਿਭਾਗ ਦਾ ਇਹ ਰਵੱਈਆ ਪੱਖਪਾਤੀ ਸੀ। ਇਹ

ਅਣਗਹਿਲੀ ਨਹੀਂ ਸਗੋਂ ਕੁੱਝ ਖਾਸ ਵਿਅਕਤੀਆਂ ਵੱਲ ਹੇਜ ਦਾ ਪ੍ਰਗਟਾਵਾ ਸੀ। ਬਾਅਦ ਵਿੱਚ ਇਨ੍ਹਾਂ ਤਿੰਨਾਂ ਦਾ, ਕਿਸੇ ਨਾ ਕਿਸੇ ਪੁਰਸਕਾਰ ਲਈ ਚੁਣੇ ਜਾਣਾ ਇਸ ਦਾ ਸਬੂਤ ਹੈ।

ਭਾਸ਼ਾ ਵਿਭਾਗ ਦੇ ਸਬੰਧਿਤ ਅਧਿਕਾਰੀਆਂ ਨੇ ਪਿਛਲੇ ਸਲਾਹਕਾਰ ਬੋਰਡਾਂ ਦੇ ਫੈਸਲਿਆਂ ਅਤੇ ਆਪ ਹੀ ਬਣਾਏ 'ਵਿਆਖਿਆ ਪੱਤਰ' ਵਿਚ ਪੁਰਸਕਾਰਾਂ ਵਿਚ ਦਰਜ ਸ਼ਰਤਾਂ ਤੇ ਵੀ ਨਜ਼ਰ ਨਹੀਂ ਸੀ ਮਾਰੀ। ਸਾਹਿਤ ਵਿਚ ਥੋੜੀ ਬਹੁਤ ਮੱਸ ਰੱਖਣ ਵਾਲੇ ਵਿਅਕਤੀ ਨੂੰ ਵੀ ਪਤਾ ਹੈ ਕਿ ਸਾਲ 2008 ਵਿਚ ਸਲਾਕਾਰ ਬੋਰਡ ਦੇ ਸੱਤ ਮੈਂਬਰਾਂ ਨੇ ਆਪਣੇ ਆਪ ਨੂੰ ਅਤੇ ਇਕ ਨੇ ਆਪਣੇ ਜੀਵਨ ਸਾਥੀ ਨੂੰ ਪੁਰਸਕਾਰ ਲਈ ਚੁਣ ਲਿਆ ਸੀ। ਬੋਰਡ ਦੇ ਇਸ ਫੈਸਲੇ ਨੂੰ ਸ੍ਰੀ ਪਰਦੀਪ ਜੋਸ਼ੀ ਵਲੋਂ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ। ਸੁਣਵਾਈ ਦੌਰਾਣ ਪੰਜਾਬ ਸਰਕਾਰ ਵਲੋਂ ਹਾਈ ਕੋਰਟ ਨੂੰ ਹਲਫੀਆ ਭਿਆਨ ਰਾਹੀਂ ਭਰੋਸਾ ਦਿੱਤਾ ਗਿਆ ਸੀ ਕਿ ਸਰਕਾਰ ਪੁਰਸਕਾਰਾਂ ਸਬੰਧੀ ਇਕ ਨੀਤੀ ਤਿਆਰ ਕਰੇਗੀ ਅਤੇ ਇਹ ਯਕੀਨੀ ਬਣਾਵੇਗੀ ਕਿ ਬੋਰਡ ਦੇ ਮੈਂਬਰਾਂ ਦੇ ਨਿੱਜੀ ਹਿੱਤ ਪੁਰਸਕਾਰਾਂ ਦੇ ਆੜੇ ਨਾ ਆਉਣ। ਇਸ ਭਰੋਸੇ ਨੂੰ ਅਮਲੀ ਰੂਪ ਦੇਣ ਲਈ ਸਰਕਾਰ ਵਲੋਂ ਨਵੀਂ ਪੁਰਸਕਾਰ ਨੀਤੀ ਤਿਆਰ ਕਰਨ ਲਈ ਬਣਾਈ ਗਈ ਕਮੇਟੀ ਵਲੋਂ ਸੁਝਾਅ ਦਿੱਤਾ ਗਿਆ ਸੀ 'ਕਿ ਰਾਜ ਸਲਾਹਕਾਰ ਬੋਰਡ ਦਾ ਮੈਬਰ ਮੌਜੂਦਾ ਸਾਲ (ਭਾਵ ਜਿਸ ਸਾਲ ਲਈ ਮੀਟਿੰਗ ਹੋ ਰਹੀ ਹੋਵੇ) ਦੇ ਕਿਸੇ ਪੁਰਸਕਾਰ ਲਈ ਨਹੀਂ ਚੁਣਿਆ ਜਾਣਾ ਚਾਹੀਦਾ। ਪਰੰਤੂ ਜੇਕਰ ਬੋਰਡ ਦਾ ਕੋਈ ਮੈਂਬਰ ਆਪਣਾ ਨਾ ਵਿਭਾਗ ਦੇ ਕਿਸੇ ਪੁਰਸਕਾਰ ਦੇ ਪੈਨਲ ਵਿਚ ਸ਼ਾਮਲ ਕਰਵਾਉਣ ਦਾ ਇਛਕ ਹੋਵੇ ਤਾਂ ਉਸ ਵੱਲੋਂ ਪਹਿਲਾਂ ਬੋਰਡ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣਾ ਹੋਵੇਗਾ। ਉਸ ਵੱਲੋਂ ਅਸਤੀਫ਼ਾ ਦੇਣ ਦੀ ਮਿਤੀ ਤੋਂ ਇੱਕ ਸਾਲ ਦੇ ਵਕਫੇ ਲਈ ਉਸ ਦਾ ਨਾਂ ਕਿਸੇ ਪੁਰਸਕਾਰ ਲਈ ਨਹੀ ਵਿਚਾਰਿਆ ਜਾਣਾ ਚਾਹੀਦਾ। ਭਾਵ ਉਸ ਦਾ ਨਾਂ ਅਗਲੇ ਸਾਲ ਦੇ ਪੁਰਸਕਾਰਾਂ ਲਈ ਤਿਆਰ ਕੀਤੇ ਜਾਣ ਵਾਲੇ ਪੈਨਲ ਵਿੱਚ ਹੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। 22 ਫਰਵਰੀ 2010 ਨੂੰ ਪੁਰਸਕਾਰਾਂ ਦੀ ਚੋਣ ਲਈ ਬਣੀ ਸਕਰੀਨਿੰਗ ਕਮੇਟੀ ਵਲੋਂ ਇਸ ਸੁਝਾਅ ਨੂੰ ਅੰਤਿਮ ਰੂਪ ਦੇ ਕੇ ਲਾਗੂ ਵੀ ਕਰ ਦਿੱਤਾ ਗਿਆ। ਸਲਾਹਕਾਰ ਬੋਰਡ ਦੀ ਅਗਲੀ ਲੱਗਭੱਗ ਹਰ ਮੀਟਿੰਗ ਵਿਚ ਇਸ ਫ਼ੈਸਲੇ ਦਾ ਜ਼ਿਕਰ ਅਤੇ ਸਮੱਰਥਨ ਹੁੰਦਾ ਰਿਹਾ।

ਭਾਸ਼ਾ ਵਿਭਾਗ ਵਲੋਂ ਸਲਾਹਕਾਰ ਬੋਰਡ ਅਤੇ ਸਕਰੀਨਿੰਗ ਕਮੇਟੀ ਦੇ ਮੈਂਬਰਾਂ ਨੂੰ 24 ਨਵੰਬਰ 2020 ਨੂੰ ਭੇਜੇ ਗਏ ਮੀਟਿੰਗ ਦੇ ਏਜੰਡੇ ਵਿਚ ਮੈਂਬਰਾਂ ਵਲੋਂ ਆਪਣੇ ਨਾਂ ਨਾ ਵਿਚਾਰੇ ਜਾਣ ਬਾਰੇ ਜਾਣਕਾਰੀ ਤਾਂ ਦਿੱਤੀ ਗਈ ਪਰ ਇਹ ਨਹੀਂ ਦੱਸਿਆ ਗਿਆ ਕਿ ਅਸਤੀਫ਼ਾ ਦੇਣ ਵਾਲੇ ਇਕ ਮੈਂਬਰ ਦਾ ਆਪਣਾ ਨਾਂ ਅਤੇ ਦੂਜੇ ਦੀ ਜੀਵਨ ਸਾਥਨ ਦਾ ਨਾਂ, ਇਨ੍ਹਾਂ (ਸਾਲ 2015 ਤੋਂ ਸਾਲ 2020 ਵਾਲੇ) ਪੁਰਸਕਾਰਾਂ ਲਈ ਨਹੀਂ ਵਿਚਾਰਿਆ ਜਾ ਸਕਦਾ। ਭਾਸ਼ਾ ਵਿਭਾਗ ਦੀ ਇਸ ਅਣਗਹਿਲੀ ਕਾਰਨ ਹਾਈ ਕੋਰਟ ਦੇ ਨਿਰਦੇਸ਼ ਅਤੇ ਸਲਾਹਕਾਰ ਬੋਰਡ ਦੇ ਫੈਸਲੇ ਦੀ ਉਲੰਘਣਾ ਹੋਈ ਅਤੇ ਦੋ ਅਯੋਗ ਉਮੀਦਵਾਰ ਪੁਰਸਕਾਰਾਂ ਲਈ ਚੁਣੇ ਜਾਣ ਵਿਚ ਸਫਲ ਹੋ ਗਏ।

'ਵਿਆਖਿਆ ਪੱਤਰ' ਵਿਚ ਦਰਜ ਸ਼ਰਤਾਂ ਅਨੁਸਾਰ 'ਸ਼੍ਰੋਮਣੀ ਹਿੰਦੀ ਸਾਹਿਤਕਾਰ' ਪੁਰਸਕਾਰ ਲਈ ਕੇਵਲ ਉਹੋ ਸਾਹਿਤਕਾਰ ਯੋਗ ਹੋ ਸਕਦਾ 'ਜੋ ਪੰਜਾਬ ਦਾ ਜੰਮਪਲ ਹੋਵੇ ਜਾਂ ਇੱਥੋਂ ਦਾ ਅਧਿਵਾਸੀ ਹੋਵੇ' ਅਤੇ 'ਉਸ ਦਾ ਪੰਜਾਬ ਵਿਚ ਅਧਿਵਾਸ ਦਾ ਸਮਾਂ ਘੱਟੋ–ਘੱਟ 10 ਸਾਲ ਦਾ ਹੋਵੇ' । ਪ੍ਰੋ. ਚਮਨ ਲਾਲ ਵਲੋਂ, ਜੋ ਹਿੰਦੀ ਭਾਸ਼ਾ ਸ਼੍ਰੇਣੀ ਦੀ ਪ੍ਰਤੀਨਿਧਤਾ ਕਰ ਰਹੇ ਸਨ, ਇਸ ਪੁਰਸਕਾਰ ਲਈ 7 ਨਾਂ ਸੁਝਾਏ ਗਏ ਹਨ। ਇਨ੍ਹਾਂ ਵਿਚੋਂ 5 ਸਾਹਿਤਕਾਰ ਅਣਵੰਡੇ ਪੰਜਾਬ ਵਿਚ ਪੈਦਾ ਹੋਏ ਸਨ। ਸਕਰਰੀਨਿੰਗ ਕਮੇਟੀ ਵਲੋਂ ਇਨ੍ਹਾਂ ਵਿਚੋਂ 4 ਨਾਂ ਆਪਣੇ ਪੈਨਲਾਂ ਵਿਚ ਇਸ ਪੁਰਸਕਾਰ ਲਈ ਨਹੀਂ ਸਨ ਪਾਏ ਗਏ

ਕਿਉਂਕਿ ਇਸ ਸਮੇਂ ਉਹ ਪੰਜਾਬ ਤੋਂ ਬਾਹਰ ਰਹਿ ਰਹੇ ਸਨ। ਸਕਰੀਨਿੰਗ ਕਮੇਟੀ ਅਨੁਸਾਰ, ਉਸ ਨੇ ਇੰਝ ਭਾਸ਼ਾ ਵਿਭਾਗ ਵਲੋਂ ਇਸ ਨਿਯਮ ਦੀ ਇਸੇ ਤਰਾਂ ਕੀਤੀ ਵਿਆਖਿਆ ਦੇ ਅਧਾਰ ਤੇ ਕੀਤਾ ਸੀ। ਸਕਰੀਨਿੰਗ ਕਮੇਟੀ ਅਤੇ ਭਾਸ਼ਾ ਵਿਭਾਗ ਦੀ ਇਹ ਵਿਆਖਿਆ ਸਰਾ ਸਰ ਗਲਤ ਸੀ। ਇਹ ਸਾਰੇ ਸਾਹਿਤਕਾਰ ਪੰਜਾਬ ਵਿਚ ਜਨਮੇ ਹੋਣ ਦੇ ਅਧਾਰ ਤੇ ਇਸ ਪੁਰਸਕਾਰ ਦੀਆਂ ਸ਼ਰਤਾਂ ਪੂਰੀਆਂ ਕਰਦੇ ਸਨ। ਸਲਾਹਕਾਰ ਬੋਰਡ ਦੀ ਮੀਟਿੰਗ ਵਿਚ, ਪ੍ਰੋ. ਚਮਨ ਲਾਲ ਵਲੋਂ ਇਸ ਨਿਯਮ ਦੀ ਕੀਤੀ ਵਿਆਖਿਆ ਨਾਲ ਸਹਿਮਤੀ ਪ੍ਰਗਟਾਈ ਗਈ ਅਤੇ ਪੈਨਲ ਵਿਚੋਂ ਬਾਹਰ ਰੱਖੀ ਗਈ ਰਾਜੀ ਸੇਠ ਨੂੰ ਇਹ ਪੁਰਸਕਾਰ ਦੇ ਦਿੱਤਾ ਗਿਆ। ਪਰ ਇਸ ਗਲਤ ਵਿਆਖਿਆ ਕਾਰਨ ਕਈ ਹੋਰ ਸਾਹਿਤਕਾਰ ਆਪਣਾ ਹੱਕ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਗਏ। ਪ੍ਰੋ. ਚਮਨ ਲਾਲ ਨੇ, ਭਾਸ਼ਾ ਵਿਭਾਗ ਦੇ ਅਧਿਕਾਰੀਆਂ ਦੇ ਇਸ ਗੈਰ-ਜ਼ਿੰਮੇਵਾਰਨਾ ਵਿਹਾਰ ਦਾ ਜ਼ਿਕਰ, ਭਾਸ਼ਾ ਮੰਤਰੀ ਨੂੰ ਲਿਖੀ ਆਪਣੀ ਚਿੱਠੀ ਵਿਚ ਵੀ ਕੀਤਾ ਹੈ। ਉਨ੍ਹਾਂ ਅਨੁਸਾਰ ''... ਭਾਸ਼ਾ ਵਿਭਾਗ ਦੇ ਅਧਿਕਾਰੀ ਉੱਨੇ ਇਨਸਾਫ਼ ਪਸੰਦ ਨਹੀਂ ਰਹੇ। ਮੈਨੂੰ ਮੀਟਿੰਗ ਦੇ (ਸਲਾਹਕਾਰ ਬੋਰਡ ਦੀ) ਸ਼ੁਰੂ ਵਿੱਚ ਹੀ ਇਸ ਗੱਲ ਵੱਲ ਧਿਆਨ ਦੁਆਉਣਾ ਪਿਆ ਕਿ ਭਾਸ਼ਾ ਵਿਭਾਗ ਦੇ ਇਨਾਮਾਂ ਸੰਬੰਧੀ ਨਿਯਮ ਦੀ ਅਧਿਕਾਰੀਆਂ ਵੱਲੋਂ ਗਲਤ ਵਿਆਖਿਆ ਕਰਨ ਨਾਲ ਹਿੰਦੀ ਦੇ ਕਈ ਲੇਖਕਾਂ ਨੂੰ ਪੈਨਲ ਵਿੱਚ ਰਖਿਆ ਹੀ ਨਹੀਂ ਗਿਆ। ਹਿੰਦੀ, ਉਰਦੂ, ਸੰਸਕ੍ਰਿਤ ਅਤੇ ਪੰਜਾਬੀ ਦੀਆਂ ਕੁਝ ਵਿਧਾਵਾਂ ਲਈ ਭਾਸ਼ਾ ਵਿਭਾਗ ਦੇ ਇਨਾਮਾਂ ਦਾ ਸਪੱਸ਼ਟ ਨਿਯਮ ਹੈ ਕਿ ਲੇਖਕ ਪੰਜਾਬ ਦਾ ਜਮਪਲ ਹੋਵੇ ਜਾਂ ਦਸ ਸਾਲ ਤੱਕ ਲਗਾਤਾਰ ਪੰਜਾਬ ਦਾ ਅਧੀਵਾਸੀ ਹੋਵੇ। ਅਧਿਕਾਰੀਆਂ ਨੇ ਇਹ ਵਿਆਖਿਆ ਦਿੱਤੀ ਕਿ ਲੇਖਕ ਨੂੰ ਪੰਜਾਬ ਦਾ ਵਾਸੀ ਹੋਣਾ ਚਾਹੀਦਾ ਹੈ, ਜੋ ਸਰਾਸਰ ਗਲਤ ਵਿਆਖਿਆ ਸੀ। (ਸਲਾਹਕਾਰ ਬੋਰਡ ਵਲੋਂ) ਮੇਰੇ ਇਤਰਾਜ਼ ਨੂੰ ਸਹੀ ਸਮਝਿਆ ਗਿਆ ਅਤੇ ਛੇ ਵਿਚੋਂ ਇੱਕ ਲੇਖਕ ਰਾਜੀ ਸੇਠ ਨੂੰ ਇਨਾਮ ਲਈ ਚੁਣ ਵੀ ਲਿਆ ਗਿਆ।'

ਇੱਥੇ ਹੀ ਬਸ ਨਹੀਂ। ਇਕ ਹੋਰ ਉਦਾਹਰਣ ਦੇਖੋ। 'ਵਿਆਖਿਆ ਪੱਤਰ' ਵਿਚ ਦਰਜ ਸ਼ਰਤਾਂ ਅਨੁਸਾਰ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ)'ਪੁਰਸਕਾਰ ਦੇ ਕੇਵਲ ਉਹੋ ਸਾਹਿਤਕਾਰ ਯੋਗ ਹੋ ਸਕਦਾ ਜੋ 'ਕਿਸੇ ਹੋਰ ਪ੍ਰਾਂਤ ਦਾ ਜੰਮਪਲ ਹੋਵੇ ਜਾਂ ਕਿਸੇ ਹੋਰ ਪ੍ਰਾਂਤ ਵਿਚ ਪਿਛਲੇ ਘੱਟੋ-ਘੱਟ 10 ਸਾਲ ਤੋਂ ਵਾਸੀ/ਅਧਿਵਾਸੀ ਹੋਵੇ ਅਤੇ ਹੁਣ ਵੀ ਉਹ ਪੰਜਾਬ ਤੋਂ ਬਾਹਰ ਕਿਸੇ ਹੋਰ ਪ੍ਰਾਂਤ ਵਿਚ ਰਹਿ ਰਿਹਾ ਹੋਵੇ। ' ਡਾ ਰਵਿੰਦਰ ਰਵੀ ਨੂੰ ਦਿੱਲੀ ਗਿਆਂ ਕੇਵਲ 7 ਸਾਲ ਹੋਏ ਹਨ। ਸ਼ਰਤਾਂ ਪੂਰੀਆਂ ਨਾ ਹੋਣ ਦੇ ਬਾਵਜੂਦ ਸਕਰੀਨਿੰਗ ਕਮੇਟੀ ਵਲੋਂ ਉਨ੍ਹਾਂ ਦਾ ਨਾਂ ਇਸ ਪੁਰਸਕਾਰ ਵਾਲੇ ਪੈਨਲ ਵਿਚ ਸ਼ਾਮਲ ਕੀਤਾ ਗਿਆ ਅਤੇ ਭਾਸ਼ਾ ਵਿਭਾਗ ਦੇ ਉੱਚ ਅਧਿਕਾਰੀ ਨੇ ਕਮੇਟੀ ਨੂੰ ਇਸ ਨਿਯਮ ਦੀ ਹੋ ਰਹੀ ਉਲੰਘਣਾ ਬਾਰੇ ਸੁਚੇਤ ਨਹੀਂ ਕੀਤਾ। ਭਾਸਾ ਵਿਭਾਗ ਦੀ ਇਸ ਅਣਗਹਿਲੀ ਕਾਰਨ, ਅਯੋਗ ਹੁੰਦੇ ਹੋਏ ਵੀ ਡਾ. ਰਵੀ ਨੂੰ ਇਹ ਪੁਰਸਕਾਰ ਮਿਲ ਗਿਆ।

ਇਸ ਵਾਰ ਛੇ ਸਾਲਾਂ ਦੇ 108 ਪੁਰਸਕਾਰ ਦਿੱਤੇ ਜਾਣੇ ਸਨ। ਭਾਸ਼ਾ ਵਿਭਾਗ ਦਾ ਫ਼ਰਜ਼ ਬਣਦਾ ਸੀ ਕਿ ਉਹ ਹਰ ਸਾਲ ਲਈ, ਯੋਗ ਉਮੀਦਵਾਰਾਂ ਦੀਆਂ, ਵੱਖ-ਵੱਖ ਸੂਚੀਆਂ ਬਣਾਉਂਦਾ। ਭਾਸ਼ਾ ਵਿਭਾਗ ਵੱਲੋਂ ਪੁਰਸਕਾਰ ਦੀ ਹਰ ਸ਼੍ਰੇਣੀ ਲਈ ਇੱਕ-ਇੱਕ ਸੂਚੀ ਹੀ ਬਣਾਈ ਗਈ। ਭਾਸ਼ਾ ਵਿਭਾਗ ਦੇ ਡਾਇਰੈਕਟਰ ਦਾ, ਸਕਰੀਨਿੰਗ ਕਮੇਟੀ ਦੇ ਕਨਵੀਨਰ ਵਜੋਂ ਇਹ ਫ਼ਰਜ਼ ਸੀ ਕਿ ਜਦੋਂ ਸਕਰੀਨਿੰਗ ਕਮੇਟੀ, ਵੱਖ ਵੱਖ ਸਾਲਾਂ ਦੇ ਪੁਰਸਕਾਰਾਂ ਲਈ ਉਮੀਦਵਾਰਾਂ ਦੇ ਪੈਨਲ ਬਣਾ ਰਹੀ ਸੀ ਤਾਂ ਉਹ ਕਮੇਟੀ ਮੈਂਬਰਾਂ ਦੇ ਧਿਆਨ ਲਿਆਦਾ ਜਾਂਦਾ ਕਿ ਹਰ ਉਮੀਦਵਾਰ, ਹਰ ਸਾਲ ਦੇ ਪੁਰਸਕਾਰ ਲਈ ਯੋਗ ਹੁੰਦਾ ਹੈ। ਕਿਸੇ ਉਮੀਦਵਾਰ ਨੂੰ ਇੱਕ ਸਾਲ ਦੇ ਪੈਨਲ ਵਿਚ ਸ਼ਾਮਲ ਕਰਕੇ ਉਸ ਨੂੰ ਬਾਕੀ ਸਾਲਾਂ ਦੇ ਪੈਨਲਾਂ ਵਿਚੋਂ ਬਾਹਰ ਨਹੀਂ ਕੀਤਾ ਜਾ ਸਕਦਾ। ਪੈਨਲ ਬਣਾਉਂਦੇ ਸਮੇਂ, ਸਕਰੀਨਿੰਗ ਕਮੇਟੀ ਵੱਲੋਂ, ਇੱਕ ਉਮੀਦਵਾਰ ਨੂੰ ਕੇਵਲ ਇੱਕ ਸਾਲ ਦੇ ਪੈਨਲ ਵਿਚ ਹੀ

ਸ਼ਾਮਲ ਕੀਤਾ ਗਿਆ। ਘੱਟੋ-ਘੱਟ ਜਿਹੜਾ ਸਾਹਿਤਕਾਰ ਸਾਲ 2015 ਦੇ ਪੁਰਸਕਾਰ ਦੇ ਯੋਗ ਮੰਨਿਆ ਗਿਆ, ਪਰ ਕਿਸੇ ਕਾਰਨ ਉਸ ਸਾਲ ਪੁਰਸਕਾਰ ਲਈ ਨਹੀਂ ਚੁਣਿਆ ਜਾ ਸਕਿਆ, ਉਹ ਅਗਲੇ ਸਾਲਾਂ ਦੇ ਪੁਰਸਕਾਰ ਲਈ ਆ ਯੋਗ ਰਹੇਗਾ। ਪੁਰਸਕਾਰਾਂ ਦੇ ਯੋਗ ਹੋਣ ਦੇ ਬਾਵਜੂਦ ਅਜਿਹੀਆਂ ਸ਼ਖ਼ਸੀਅਤਾਂ ਦੇ ਨਾਂ ਬਾਕੀ ਸਾਲਾਂ ਦੇ ਪੈਨਲਾਂ ਵਿਚ ਸ਼ਾਮਲ ਨਹੀਂ ਕੀਤੇ ਗਏ। ਭਾਸ਼ਾ ਵਿਭਾਗ ਦੀ ਇਸ ਬੱਜਰ ਗਲਤੀ ਅਤੇ ਅਨਿਯਮਤਤਾ ਕਾਰਨ ਬੀਸੀਆਂ ਉਮੀਦਵਾਰਾਂ ਦਾ ਹੱਕ ਮਾਰਿਆ ਗਿਆ।

ਇਸ ਵਾਰ ਪੁਰਸਕਾਰਾਂ ਦੀ ਗਿਣਤੀ ਜਿਆਦਾ ਸੀ ਅਤੇ ਰਾਸ਼ੀ ਵੀ ਚੋਖੀ ਸੀ। ਸਲਾਹਾਕਾਰ ਬੋਰਡ ਦੇ ਮੈਂਬਰਾਂ ਦੀ ਗਿਣਤੀ 49 ਸੀ। ਭਾਸ਼ਾ ਵਿਭਾਗ ਦਾ ਫਰਜ਼ ਸੀ ਕਿ ਉਹ ਸਲਾਹਾਕਾਰ ਬੋਰਡ ਦੇ ਹਰ ਮੈਂਬਰ ਨਾਲ ਤਾਲਮੇਲ ਰੱਖਦਾ ਅਤੇ ਪੁਰਸਕਾਰ ਨਾਲ ਸਬੰਧਤ ਹਰ ਗਤੀਵਿਧੀ ਬਾਰੇ ਉਚਿਤ ਸਮੇਂ ਤੇ ਹਰ ਮੈਂਬਰਾਂ ਨੂੰ ਸੂਚਿਤ ਕਰਦਾ। ਤਾਂ ਜੋ ਮੈਂਬਰਾਂ ਨੂੰ ਆਪਣਾ ਹੋਮ ਵਰਕ ਕਰਨ ਲਈ ਖੁੱਲ੍ਹਾ ਸਮਾਂ ਮਿਲ ਸਕਦਾ ਅਤੇ ਉਹ ਪੁਰਸਕਾਰਾਂ ਦੇ ਹੱਕੀ ਉਮੀਦਵਾਰਾਂ ਬਾਰੇ ਆਪਣੀ ਸਹੀ ਅਤੇ ਨਿਰਪੱਖ ਰਾਏ ਬਣਾ ਸਕਦੇ। 6 ਮਹੀਨੇ ਦਾ ਸਮਾਂ ਹੋਣ ਦੇ ਬਾਵਜੂਦ ਭਾਸ਼ਾ ਵਿਭਾਗ ਨੇ 24 ਨਵੰਬਰ ਤੱਕ ਘਸੇਲ ਵੱਟੀ ਰੱਖੀ। ਮੈਂਬਰਾਂ ਨੂੰ ਕਰੀਬ 224 ਪੰਨਿਆਂ ਦਾ ਪੁਹਲਾ ਏਜੰਡਾ, 25 ਨਵੰਬਰ ਜਾਂ ਉਸ ਤੋਂ ਬਾਅਦ ਭੇਜਿਆ ਗਿਆ। ਕਈਆਂ ਨੂੰ ਏਜੰਡਾ ਵਟਸਅਪ ਰਾਹੀਂ ਭੇਜ ਕੇ ਬੁੱਤਾ ਸਾਰ ਦਿੱਤਾ ਗਿਆ। ਵਿਭਾਗ ਦੀ ਇਸ ਲਾਪਰਵਾਹੀ ਦਾ ਜਿਕਰ ਪ੍ਰੋ. ਚਮਨ ਲਾਲ ਨੇ ਆਪਣੀ ਚਿੱਠੀ ਵਿਚ ਵੀ ਕੀਤਾ ਹੈ। ਉਨ੍ਹਾਂ ਅਨੁਸਾਰ, 'ਪੰਜਾਬ ਸਰਕਾਰ ਨੇ ਸਤੰਬਰ ਵਿੱਚ ਸਕਰਿਨਿੰਗ ਕਮੇਟੀ ਦੇ ਗਠਨ ਬਾਰੇ ਜੋ ਨੋਟਿਫ਼ਿਕੇਸ਼ਨ ਜਾਰੀ ਕੀਤੀ ਸੀ, ਭਾਸ਼ਾ ਵਿਭਾਗ ਦੇ ਅਧਿਕਾਰੀਆਂ ਨੇ, ਸਲਾਹਕਾਰ ਬੋਰਡ ਦੀ ਦਸੰਬਰ ਵਿੱਚ ਹੋਣ ਵਾਲੀ ਮੀਟਿੰਗ ਤੱਕ, ਉਸ ਦੀ ਜਾਣਕਾਰੀ ਬੋਰਡ ਦੇ ਮੈਂਬਰਾਂ ਨੂੰ ਦੇਣ ਦੀ ਲੋੜ ਨਹੀਂ ਸਮਝੀ। 'ਭਾਸ਼ਾ ਵਿਭਾਗ ਵੱਲੋਂ ਤਿਆਰ ਕੀਤੇ ਗਏ ਅਨੁਪੂਰਕ ਏਜੰਡੇ ਵਿਚ 24 ਨਵੇਂ ਨਾਂ ਸ਼ਾਮਲ ਕੀਤੇ ਗਏ ਸਨ। ਨਵੇਂ ਨਾਂਵਾਂ ਦੀ ਜਾਣਕਾਰੀ ਸਲਾਹਕਾਰ ਬੋਰਡ ਦੇ ਮੈਂਬਰਾਂ ਨੂੰ ਮੀਟਿੰਗ ਵਾਲੇ ਦਿਨ ਤੱਕ ਨਹੀਂ ਦਿੱਤੀ ਗਈ। ਪ੍ਰੋ. ਸਾਹਿਬ ਅਨੁਸਾਰ, 'ਬੋਰਡ ਦੀ ਮੀਟਿੰਗ ਤੋਂ 2-3 ਦਿਨ ਪਹਿਲਾਂ ਇਨਾਮਾਂ ਲਈ ਲੇਖਕਾਂ ਦੇ ਨਵੇਂ ਨਾਂ ਸ਼ਾਮਿਲ ਕੀਤੇ ਗਏ, ਜਿੰਨਾਂ ਬਾਰੇ ਵੇਰਵੇ ਸਿਰਫ ਮੌਕੇ ਤੇ ਹੀ ਦਿੱਤੇ। ਸਕਰਿਨਿੰਗ ਕਮੇਟੀ ਨੇ ਉੱਨਾਂ ਵਿਚੋਂ ਕਈ ਲੇਖਕਾਂ ਦੇ ਨਾਂ ਇਨਾਮਾਂ ਵਾਲੇ ਪੈਨਲਾਂ ਵਿੱਚ ਪਾ ਦਿੱਤੇ। ਅਤੇ ਉੱਨਾਂ ਵਿਚੋਂ ਕਈਆਂ ਨੂੰ ਇਨਾਮਾਂ ਲਈ ਚੁਣ ਵੀ ਲਿਆ ਗਿਆ।

ਇੰਞ ਭਾਸ਼ਾ ਵਿਭਾਗ ਨੇ ਇਸ ਚੋਣ ਪ੍ਰਕ੍ਰਿਆ ਵਿਚ ਆਪਣੀ ਬਣਦੀ ਭੂਮਿਕਾ ਨਹੀਂ ਨਿਭਾਈ ਅਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਨੂੰ ਢਾਹ ਲਾਈ।

## ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਵਿਚ ਸਕਰੀਨਿੰਗ ਕਮੇਟੀ ਦੀ ਵਿਵਾਦ ਗ੍ਰਸਤ ਕਾਰਗੁਜ਼ਾਰੀ

ਸਕਰੀਨਿੰਗ ਕਮੇਟੀ ਦੇ ਸਾਰੇ ਮੈਂਬਰ ਸਲਾਹਕਾਰ ਬੋਰਡ ਦੇ ਮੈਂਬਰਾਂ ਵਿਚੋਂ ਨਾਮਜ਼ਦ ਕੀਤੇ ਜਾਂਦੇ ਹਨ। ਭਾਸ਼ਾ ਵਿਭਾਗ ਅਨੁਸਾਰ, ਪੁਰਸਕਾਰਾਂ ਲਈ ਯੋਗ ਉਮੀਦਵਾਰਾਂ ਦੇ ਨਾਂਵਾਂ ਦੀ ਸਿਫਾਰਸ਼ ਸਲਾਹਕਾਰ ਬੋਰਡ ਦੇ ਮੈਂਬਰਾਂ ਵਲੋਂ ਕੀਤੀ ਜਾਂਦੀ ਹੈ। ਸਿਫਾਰਸ਼ੀ ਜੇ ਸਕਰੀਨਿੰਗ ਕਮੇਟੀ ਦਾ ਮੈਂਬਰ ਵੀ ਹੋਵੇ ਤਾਂ ਉਸਦਾ ਝੁਕਾਅ ਆਪਣੇ ਵਲੋਂ ਸੁਝਾਏ ਨਾਂਵਾਂ ਵੱਲ ਹੋਣਾ ਕੁਦਰਤੀ ਹੈ। ਕਮੇਟੀ ਵਿਚਲੇ ਆਪਣੇ ਰਸੂਖ ਦੀ ਵਰਤੋਂ ਕਰਕੇ, ਜਾਂ ਇਕ ਦੂਜੇ ਮੈਂਬਰਾਂ ਨਾਲ ਸਮਝੌਤਾ ਕਰਕੇ, ਉਹ ਆਪਣੀ ਪਸੰਦ ਦੇ ਨਾਂਵਾਂ ਨੂੰ ਪੈਨਲਾਂ ਵਿਚ ਵੀ ਪਵਾਏਗਾ। ਇਕ ਨਹੀਂ, ਇੰਝ ਕਮੇਟੀ ਦੇ ਸਾਰੇ ਮੈਂਬਰ ਕਰਨਗੇ। ਇਥੇ ਹੀ ਬਸ ਨਹੀਂ। ਪੈਨਲਾਂ ਵਿਚੋਂ ਇਕ ਨਾਂ ਚੁਨਣ ਲਈ ਸਲਾਹਕਾਰ ਬੋਰਡ ਦੀ ਮੀਟਿੰਗ ਵਿਚ ਵੀ ਉਹ, ਬੋਰਡ ਦੇ ਮੈਂਬਰ ਵਜੋਂ ਹਾਜਰ ਹੋਣਗੇ। ਉਥੇ ਵੀ ਉਨ੍ਹਾਂ ਦੀ ਤੂਤੀ ਬੋਲੇਗੀ। ਆਪਣੇ ਪਸੰਦਦੀਦਾ ਨਾਂ ਨੂੰ ਉਹ ਚੋਣ ਵਾਲੀ ਪੌੜੀ ਦੇ ਆਖਰੀ ਟੰਬਾ ਤੇ ਚੜਾ ਕੇ ਹੀ ਦਮ ਲੈਣਗੇ।

ਅਜਿਹੀਆਂ ਮੁੱਢਲੀਆਂ ਕਮਜੋਰੀਆਂ ਅਤੇ ਪੱਖਪਾਤ ਦੀਆਂ ਸੰਭਾਵਨਾਵਾਂ ਕਾਰਨ ਕਮੇਟੀ ਦਾ ਗਠਨ ਗੈਰ-ਕਾਨੂੰਨੀ ਤਾਂ ਹੈ ਹੀ, ਇਹ ਅਨੈਤਿਕ ਵੀ ਹੈ।

ਵਰਤਮਾਣ ਚੋਣ ਪ੍ਰਕ੍ਰਿਆ ਵਿਚ ਭਾਸ਼ਾ ਵਿਭਾਗ ਵੱਲੋਂ ਪੁਰਸਕਾਰਾਂ ਲਈ ਸੁਝਾਏ ਗਏ ਨਾਂਵਾਂ ਵਿਚੋਂ, ਯੋਗ ਉਮੀਦਵਾਰਾਂ ਦੇ ਨਾਂ ਛਾਂਟ ਕੇ, ਹਰ ਸ਼੍ਰੇਣੀ ਲਈ ਵੱਖਰਾ ਪੈਨਲ ਬਣਾਉਣ ਦੀ ਜ਼ਿੰਮੇਵਾਰੀ ਸਕਰੀਨਿੰਗ ਕਮੇਟੀ ਦੀ ਹੁੰਦੀ ਹੈ। ਕਮੇਟੀ ਗਠਨ ਕਰਨ ਵਾਲਿਆਂ ਦੀ ਕੋਸ਼ਿਸ਼ ਹੁੰਦੀ ਹੈ ਕਿ ਸਕਰੀਨਿੰਗ ਕਮੇਟੀ ਵਿਚ ਚਾਰੇ ਭਾਸ਼ਾਵਾਂ ਅਤੇ ਪੁਰਸਕਾਰਾਂ ਦੀਆਂ ਬਾਕੀ ਸ਼੍ਰੇਣੀਆਂ ਦੇ ਮਾਹਿਰ ਸ਼ਾਮਲ ਹੋਣ ਤਾਂ ਜੋ ਚੋਣ ਸਹੀ ਹੋ ਸਕੇ।

ਇਸ ਵਾਰ ਸਲਾਹਕਾਰ ਬੋਰਡ ਦਾ ਗਠਨ ਹੋਣ ਬਾਅਦ ਭਾਸ਼ਾ ਵਿਭਾਗ ਵੱਲੋਂ, ਇਸ ਕਮੇਟੀ ਦੇ ਗਠਨ ਲਈ ਪੰਜਾਬ ਸਰਕਾਰ ਨੂੰ (11 ਅਗਸਤ 2020 ਨੂੰ) 13 ਨਾਂਵਾਂ ਦੀ ਸੂਚੀ ਭੇਜੀ ਗਈ। ਪੰਜਾਬ ਸਰਕਾਰ ਨੇ ਇਨ੍ਹਾਂ ਨਾਂਵਾਂ ਵਿਚੋਂ ਚਾਰ ਨਾਂ (ਡਾ.ਜਸਬੀਰ ਸਿੰਘ ਸਾਬਰ, ਸ੍ਰੀ ਹਰਦੀਪ ਸਿੰਘ, ਡਾ.ਸੇਵਾ ਸਿੰਘ, ਸ.ਹਰਕਮਲਜੀਤ ਸਿੰਘ) ਕੱਟ ਕੇ ਪੰਜ ਨਵੇਂ ਨਾਂ (ਡਾ.ਜੋਗਾ ਸਿੰਘ, ਪੰਮੀ ਬਾਈ, ਅਨਿਲ ਧੀਮਾਨ, ਡਾ.ਸਵਰਾਜਬੀਰ ਸਿੰਘ, ਡਾ.ਮੇਘਾ ਸਿੰਘ) ਪਾ ਕੇ ਇਸ ਕਮੇਟੀ ਨੂੰ ਅੰਤਿਮ ਰੂਪ ਦੇ ਦਿੱਤਾ। ਕਮੇਟੀ ਦੇ ਗਠਨ ਦੀ ਅਧਿਸੂਚਨਾ (15 ਸਤੰਬਰ 2020 ਨੂੰ) ਸਰਕਾਰੀ ਗਜ਼ਟ ਵਿਚ ਛਪ ਗਈ। ਇਸ ਸਮੇਂ ਕਮੇਟੀ ਦੇ 14 ਮੈਂਬਰ (ਸ੍ਰੀ ਦਰਸ਼ਨ ਬੁੱਟਰ, ਡਾ.ਸੁਰਜੀਤ ਪਾਤਰ, ਡਾ.ਜੋਗਾ ਸਿੰਘ, ਸ੍ਰੀ ਪਰਮਜੀਤ ਸਿੰਘ ਸਿੱਧੂ ਉਰਫ ਪੰਮੀ ਬਾਈ, ਸ੍ਰੀ ਅਨਿਲ ਧੀਮਾਨ, ਸਰਦਾਰ ਪੰਛੀ, ਡਾ.ਵਰਿੰਦਰ ਕੁਮਾਰ, ਸ੍ਰੀ ਕੇਵਲ ਧਾਲੀਵਾਲ, ਡਾ.ਸੁਰਜੀਤ ਲੀ, ਡਾ.ਦੀਪਕ ਮਨਮੋਹਨ ਸਿੰਘ, ਡਾ.ਮਨਮੋਹਨ ਸਿੰਘ ਦਾਊਂ, ਸ.ਤੀਰਥ ਸਿੰਘ ਢਿੱਲੋਂ, ਡਾ.ਮੇਘਾ ਸਿੰਘ ਅਤੇ ਡਾ.ਸਵਰਾਜਬੀਰ ਸਿੰਘ) ਹਨ। 15ਵੇਂ ਡਾਇਰੈਕਟਰ ਭਾਸ਼ਾ ਵਿਭਾਗ ਕਮੇਟੀ ਦੇ ਚੇਅਰਮੈਨ/ਕਨਵੀਨਰ ਹਨ।

ਇਸ ਕਮੇਟੀ ਦੀ ਪਹਿਲੀ ਕਮਜ਼ੋਰੀ ਇਹ ਸੀ ਕਿ ਇਸ ਵਿਚ 'ਸਾਹਿਤਕ ਪੱਤਰਕਾਰ' ਅਤੇ 'ਫਿਲਮ/ਟੈਲੀਵੀਜ਼ਨ' ਸ਼੍ਰੇਣੀ ਦੇ ਮਾਹਿਰਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ। 3 ਜੂਨ ਨੂੰ ਗਠਤ ਹੋਏ ਸਲਾਹਕਾਰ ਬੋਰਡ ਵਿਚ ਇਨ੍ਹਾਂ ਸ਼੍ਰੇਣੀਆਂ ਦੇ ਨੁਮਾਇੰਦੇ ਸ਼ਾਮਲ ਨਹੀਂ ਸਨ। ਇਹ ਘਾਟ ਮਹਿਸੂਸ ਕਰਦੇ ਹੋਏ, ਇਨ੍ਹਾਂ ਸ਼੍ਰੇਣੀਆਂ ਦੇ ਨੁਮਾਇੰਦੇ ਬਾਅਦ ਵਿਚ ਸਲਾਹਕਾਰ ਬੋਰਡ ਵਿਚ ਸ਼ਾਮਲ ਕੀਤੇ ਗਏ ਸਨ।

ਸਲਾਹਾਕਾਰ ਬੋਰਡ ਦੇ ਮੈਂਬਰ,ਪ੍ਰੋ. ਚਮਨ ਲਾਲ ਨੂੰ ਸਕਰੀਨਿੰਗ ਕਮੇਟੀ ਦੇ ਗਠਨ ਅਤੇ ਮੈਂਬਰਾਂ ਦੀ ਯੋਗਤਾ, ਦੋਵਾਂ ਤੇ ਇਤਰਾਜ਼ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਮੇਟੀ ਵਿੱਚ ਸੀਨੀਅਰ ਮੈਂਬਰਾਂ (ਪ੍ਰੋ. ਚਮਨ ਲਾਲ ਵਰਗੇ) ਦੀ ਥਾਂ

ਜੂਨੀਅਰ ਅਤੇ ਘੱਟ ਤਜ਼ਰਬੇਕਾਰ ਮੈਂਬਰ (ਅਨਿਲ ਧੀਮਾਨ ਵਰਗੇ) ਨਿਯੁਕਤ ਕੀਤੇ ਗਏ। ਉਨ੍ਹਾਂ ਨੇ ਆਪਣਾ ਇਹ ਵਿਚਾਰ, ਆਪਣੀ ਭਾਸ਼ਾ ਮੰਤਰੀ ਨੂੰ ਲਿਖੀ ਉਸ ਚਿੱਠੀ ਵਿਚ ਪਰਗਟਾਇਆ ਜਿਸ ਵਿਚ ਉਨ੍ਹਾਂ ਨੇ ਇਸ ਚੋਣ ਪ੍ਰਕ੍ਰਿਆ ਵਿਚ ਸ਼ਾਮਲ ਸਾਰੀਆਂ ਧਿਰਾਂ (ਭਾਸ਼ਾ ਵਿਭਾਗ, ਸਕਰੀਨਿੰਗ ਕਮੇਟੀ, ਸਲਾਹਕਾਰ ਬੋਰਡ) ਦੇ ਪੱਖਪਾਤੀ ਵਿਵਹਾਰ ਤੇ ਕਿੰਤੂ ਕੀਤਾ ਹੈ। ਉਨ੍ਹਾਂ ਅਨੁਸਾਰ:

**'... ਮੈਨੂੰ ਇਨਾਮਾਂ ਦੀ ਚੋਣ ਲਈ ਬਣਾਈ ਸਕਰੀਨਿੰਗ ਕਮੇਟੀ ਵਿੱਚ ਸ਼ਾਮਿਲ ਨਾ ਕਰਕੇ ਇੱਕ ਅਜਿਹੇ ਮੈਂਬਰ ਨੂੰ ਸ਼ਾਮਿਲ ਕੀਤਾ ਗਿਆ, ਜਿਸ ਨੂੰ ਨਾ ਹਿੰਦੀ ਲੇਖਕਾਂ ਅਤੇ ਨਾ ਹਿੰਦੀ ਵਿਦਵਾਨਾਂ ਵਿੱਚੋਂ ਕੋਈ ਜਾਣਦਾ ਹੈ। ਜੋ ਅਹੁਦੇ ਵਿੱਚ ਵੀ ਹਿੰਦੀ ਦੇ ਦੂਸਰੇ ਦੋਨਾਂ ਮੈਂਬਰਾਂ ਤੋਂ ਕਿਤੇ ਜੂਨੀਅਰ ਹੈ। ਡਾ. ਸੇਵਾ ਸਿੰਘ ਅਤੇ ਮੈਂ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰ ਅਤੇ ਵਿਭਾਗੀ ਮੁਖੀ ਰਹੇ ਹਾਂ। ਮੈਂ ਡੀਨ ਵੀ ਰਿਹਾ। ਮੈਨੂੰ ਕੌਮੀ ਅਤੇ ਸਟੇਟ ਇਨਾਮ ਵੀ ਮਿਲੇ ਹੋਏ ਹਨ। ਸਾਡੇ ਦੋਵਾਂ ਦੀ ਅਣਦੇਖੀ ਕਰਕੇ ਇਹਨਾਂ (ਭਾਵ ਉਨ੍ਹਾਂ ਅਤੇ ਸੇਵਾ ਸਿੰਘ) ਪ੍ਰੋਫੈਸਰਾਂ ਦੇ ਇੱਕ ਵਿਦਿਆਰਥੀ ਨੂੰ ਨਾਮਜ਼ਦ ਕਰ ਦਿੱਤਾ ਗਿਆ।...'**

ਜਦੋਂ ਕਿਸੇ ਅਧਿਕਾਰੀ ਜਾਂ ਸੰਸਥਾਂ ਨੇ ਕਿਸੇ ਦੂਸਰੇ ਵਿਅਕਤੀ ਦੇ ਕਿਸੇ ਅਧਿਕਾਰ ਬਾਰੇ ਫੈਸਲਾ ਕਰਨਾ ਹੋਵੇ ਤਾਂ ਕਾਨੂੰਨ ਮੰਗ ਕਰਦਾ ਹੈ ਕਿ ਉਹ ਅਧਿਕਾਰੀ ਕੀਤੇ ਗਏ ਫੈਸਲੇ ਦੇ ਕਾਰਨ, ਲਿਖਤੀ ਰੂਪ ਵਿੱਚ ਦਰਜ ਕਰੇ। ਅਧਾਰ ਭਾਵੇਂ ਸੰਖੇਪ ਵਿੱਚ ਹੀ ਹੋਣ ਪਰ ਦਰਜ ਜਰੂਰ ਹੋਣ। ਸਕਰੀਨਿੰਗ ਕਮੇਟੀ ਨੇ ਭਾਸ਼ਾ ਵਿਭਾਗ ਵੱਲੋਂ ਪੁਰਸਕਾਰ ਲਈ ਸੁਝਾਈ ਹਰ ਸ਼ਖਸ਼ੀਅਤ ਦੇ ਇਕ ਮਹੱਤਵਪੂਰਣ ਹੱਕ, ਉਸਦੇ ਪੁਰਸਕਾਰ ਪ੍ਰਾਪਤ ਕਰਨ ਦੇ ਯੋਗ ਹੋਣ ਜਾਂ ਨਾ ਹੋਣ, ਬਾਰੇ ਫੈਸਲਾ ਕਰਨਾ ਸੀ। ਪੁਰਸਕਾਰ ਲਈ ਚੁਣੇ ਗਏ ਵਿਅਕਤੀ ਨੂੰ, ਸਰਕਾਰੀ ਮਾਣ—ਸਨਮਾਨ ਦੇ ਨਾਲ ਨਾਲ, 5 ਲੱਖ (ਜਾਂ 10 ਲੱਖ) ਰੁਪਏ ਦੀ ਵੱਡੀ ਰਾਸ਼ੀ ਵੀ ਮਿਲਣੀ ਸੀ। ਅਯੋਗ ਠਹਿਰਾਏ ਗਏ ਵਿਅਕਤੀ ਨੇ ਇਸ ਹੱਕ ਤੋਂ ਵਾਂਝਾ ਹੋ ਜਾਣਾ ਸੀ। ਇਸ ਲਈ ਕਮੇਟੀ ਦਾ ਫਰਜ ਸੀ ਕਿ ਉਹ ਇਸ ਨਿਯਮ ਦੀ ਸਖਤੀ ਨਾਲ ਪਾਲਨਾ ਕਰਦੀ ਅਤੇ ਹਰ ਵਿਚਾਰੇ ਗਏ ਵਿਅਕਤੀ ਦੀ ਯੋਗਤਾ ਬਾਰੇ ਲਿਖਤੀ ਟਿੱਪਣੀ ਕਰਦੀ।

ਸਕਰੀਨਿੰਗ ਕਮੇਟੀ ਦੀ ਮੀਟਿੰਗ 01 ਦਸੰਬਰ 2020 ਨੂੰ ਡਾਇਰੈਕਟਰ ਭਾਸ਼ਾ ਵਿਭਾਗ ਦੇ ਦਫ਼ਤਰ ਵਿਚ ਹੋਈ। ਮੀਟਿੰਗ ਸਵੇਰੇ 11:00 ਵਜੇ ਸ਼ੁਰੂ ਹੋਈ। 14 ਮੈਂਬਰਾਂ ਵਿਚੋਂ 12 ਮੈਂਬਰ ਮੀਟਿੰਗ ਵਿਚ ਹਾਜ਼ਰ ਹੋਏ। ਡਾ.ਸਵਰਾਜਬੀਰ ਸਿੰਘ ਅਤੇ ਮੇਘਾ ਸਿੰਘ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ। ਇਸ ਕਮੇਟੀ ਦਾ ਮੁੱਖ ਕਾਰਜ, ਭਾਸ਼ਾ ਵਿਭਾਗ ਵੱਲੋਂ ਸੁਝਾਏ ਗਏ ਨਾਂਵਾਂ ਵਿਚੋਂ ਪੁਰਸਕਾਰਾਂ ਦੀ ਹਰ ਸ਼੍ਰੇਣੀ ਲਈ ਯੋਗ ਉਮੀਦਵਾਰਾਂ ਨੂੰ ਛਾਂਟਣਾ ਸੀ। ਪੁਰਸਕਾਰਾਂ ਦੀਆਂ 18 ਸ਼੍ਰੇਣੀਆਂ ਹਨ। ਪੁਰਸਕਾਰ ਪਿਛਲੇ ਛੇ ਸਾਲਾਂ ਦੇ ਬਕਾਇਆ ਸਨ। ਇਸ ਤਰ੍ਹਾਂ ਸਕਰੀਨਿੰਗ ਕਮੇਟੀ ਨੇ ਯੋਗ ਉਮੀਦਵਾਰਾਂ ਦੇ 108 ਪੈਨਲ ਤਿਆਰ ਕਰਨੇ ਸਨ। ਭਾਸ਼ਾ ਵਿਭਾਗ ਵੱਲੋਂ ਸਾਰੇ ਪੁਰਸਕਾਰਾਂ ਲਈ ਕਰੀਬ 540 ਨਾਂ ਸੁਝਾਏ ਗਏ ਸਨ। ਕਮੇਟੀ ਨੇ ਇਨ੍ਹਾਂ ਵਿਚੋਂ 324 ਦੇ ਕਰੀਬ ਨਾਂਵਾਂ ਦੀ ਛਾਂਟੀ ਕਰਨੀ ਸੀ। ਇਸ ਤਰ੍ਹਾਂ ਕਮੇਟੀ ਨੇ ਪਹਾੜ ਜਿੱਡਾ ਕਾਰਜ ਥੋੜੇ ਜਿਹੇ ਸਮੇਂ ਵਿਚ ਨੇਪਰੇ ਚਾੜਨਾ ਸੀ।

ਕਮੇਟੀ ਨੇ 14 ਸ਼੍ਰੇਣੀਆਂ ਲਈ ਬਣਾਏ ਪੈਨਲਾਂ ਵਿਚ ਤਿੰਨ-ਤਿੰਨ ਨਾਂ ਸ਼ਾਮਲ ਕੀਤੇ। ਚਾਰ ਸ਼੍ਰੇਣੀਆਂ (ਰਾਗੀ, ਢਾਡੀ, ਉਰਦੂ ਅਤੇ ਗਾਇਕ) ਦੇ ਪੈਨਲਾਂ ਵਿਚ ਕੇਵਲ ਦੋ-ਦੋ। ਇਸ ਤਰ੍ਹਾਂ ਸਕਰੀਨਿੰਗ ਕਮੇਟੀ ਵਲੋਂ ਪੈਨਲਾਂ ਵਿਚ 300 ਨਾਂ ਸ਼ਾਮਲ ਕੀਤੇ ਗਏ ਅਤੇ ਕਰੀਬ ਇੰਨੇ ਹੀ ਰੱਦ ਕੀਤੇ।

ਆਪਣੀ ਜਿੰਮੇਵਾਰੀ ਨਿਭਾਉਂਦੇ ਸਮੇਂ ਸਕਰੀਨਿੰਗ ਕਮੇਟੀ ਵਲੋਂ ਜੋ ਪ੍ਰਕ੍ਰਿਆ ਅਪਣਾਈ ਗਈ ਉਸ ਕਾਰਨ ਕਮੇਟੀ ਦੀ ਨਿਰਪੱਖਤਾ ਤੇ ਬੀਸੀਆਂ ਪ੍ਰਸ਼ਨ ਉੱਠ ਰਹੇ ਹਨ। ਉਨ੍ਹਾਂ ਵਿਚੋਂ ਕੁੱਝ ਦਾ ਜ਼ਿਕਰ ਕਰਨਾ ਜਰੂਰੀ ਹੈ।

ਸਕਰੀਨਿੰਗ ਕਮੇਟੀ ਵੱਲੋਂ ਭਾਸ਼ਾ ਵਿਭਾਗ ਵੱਲੋਂ ਸੁਝਾਏ ਗਏ ਨਾਂਵਾਂ ਵਿਚੋਂ ਕਰੀਬ 260 ਨਾਂ ਪੈਨਲਾਂ ਵਿਚ ਸ਼ਾਮਲ ਕਰਨ ਦੇ ਯੋਗ ਨਹੀਂ ਸਮਝੇ ਗਏ। ਇਨ੍ਹਾਂ ਨਾਂਵਾਂ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਦਿੱਗਜ ਅਜੀਤ ਕੌਰ, ਸਰਦਾਰਾ ਸਿੰਘ ਜੌਹਲ, ਪ੍ਰੇਮ ਗੋਰਖੀ, ਬਲਬੀਰ ਮਾਧੋਪੁਰੀ, ਦੇਵ ਥਰੀਕੇ ਵਾਲਾ, ਬਚਿੰਤ ਕੌਰ, ਰਾਣੀ ਬਲਬੀਰ ਕੌਰ, ਰਾਣਾ ਰਣਬੀਰ ਅਤੇ ਡਾ.ਸਤਿੰਦਰ ਸਰਤਾਜ ਵੀ ਸ਼ਾਮਲ ਹਨ। ਆਪਣੀ ਚੋਣ ਨੂੰ ਨਿਰਪੱਖ ਅਤੇ ਤਰਕਸੰਗਤ ਸਿੱਧ ਕਰਨ ਲਈ ਕਮੇਟੀ ਨੂੰ ਚਾਹੀਦਾ ਸੀ ਕਿ ਘੱਟੋ ਘੱਟ ਇਨ੍ਹਾਂ ਅਤੇ ਅਜਿਹੀਆਂ ਹੋਰ ਅਜਹਿਆਂ ਬੀਸੀਆਂ ਸ਼ਖਸ਼ੀਅਤਾਂ ਨੂੰ ਪੈਨਲਾਂ ਵਿਚ ਸ਼ਾਮਲ ਨਾਂ ਕਰਨ ਦੇ ਕਾਰਨ ਲਿਖਤੀ ਰੂਪ ਵਿਚ ਦਰਜ਼ ਕਰਨੇ ਚਾਈਦੇ ਸਨ ਤਾਂ ਜੋ ਦਿਜਗਾਂ ਦੇ ਨਾਲ ਨਾਲ ਪੰਜਾਬੀ ਭਾਸ਼ਾ ਨਾਲ ਮੱਸ ਰੱਖਣ ਵਾਲੇ ਹੋਰਾਂ ਨੂੰ ਵੀ ਇਨ੍ਹਾਂ ਦੀ ਯੋਗਤਾ ਦਾ, ਚੁਣੇ ਗਏ ਉਮੀਦਵਾਰਾਂ ਦੀ ਯੋਗਤਾ ਨਾਲ ਤੁਲਨਾ ਕਰਨ ਦਾ ਮੌਕਾ ਮਿਲ ਜਾਂਦਾ।

ਭਾਸ਼ਾ ਵਿਭਾਗ ਵੱਲੋਂ ਕਈ ਉਮੀਦਵਾਰਾਂ ਦੇ ਨਾਂ ਕਿਸੇ ਹੋਰ ਸ਼੍ਰੇਣੀਆਂ ਵਿਚ ਸ਼ਾਮਲ ਕੀਤੇ ਗਏ ਸਨ। ਪੈਨਲ ਬਣਾਉਂਦੇ ਸਮੇਂ ਸਕਰੀਨਿੰਗ ਕਮੇਟੀ ਨੇ ਇਨ੍ਹਾਂ ਵਿਚੋਂ ਕਈਆਂ ਦੀਆਂ ਸ਼੍ਰੇਣੀਆਂ ਬਦਲ ਦਿੱਤੀਆਂ। ਜਿਵੇਂ ਡਾ.ਅਨੂਪ ਸਿੰਘ ਬਟਾਲਾ ਦਾ ਨਾਂ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਸ਼੍ਰੇਣੀ ਲਈ ਸੁਝਾਇਆ ਗਿਆ ਸੀ ਪਰ ਸਕਰੀਨਿੰਗ ਕਮੇਟੀ ਨੇ ਇਨ੍ਹਾਂ ਦਾ ਨਾਂ 'ਗਿਆਨ ਸਾਹਿਤਕਾਰ ਪੁਰਸਕਾਰ' ਸ਼੍ਰੇਣੀ ਵਿਚ ਸ਼ਾਮਲ ਕੀਤਾ। ਇਸੇ ਤਰ੍ਹਾਂ ਭਾਸ਼ਾ ਵਿਭਾਗ ਵੱਲੋਂ ਡਾ.ਰਵੀ ਰਵਿੰਦਰ ਦਾ ਨਾਂ 'ਅਲੋਚਕ ਪੁਰਸਕਾਰ' ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ ਸੀ। ਸਕਰੀਨਿੰਗ ਕਮੇਟੀ ਵੱਲੋਂ ਇਨ੍ਹਾਂ ਨੂੰ 'ਪੰਜਾਬੋਂ ਬਾਹਰ' ਵਾਲੀ ਸ਼੍ਰੇਣੀ ਵਿਚ ਸ਼ਾਮਲ ਕਰ ਲਿਆ । ਭਾਸ਼ਾ ਵਿਭਾਗ ਵੱਲੋਂ ਦਰਸ਼ਨ ਢਿੱਲੋਂ ਦਾ ਨਾਂ 'ਵਿਦੇਸ਼ੀ ਸਾਹਿਤਕਾਰਾਂ' ਵਾਲੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ ਸੀ। ਕਮੇਟੀ ਨੇ ਇਨ੍ਹਾਂ ਦੀ ਸ਼੍ਰੇਣੀ ਬਦਲ ਕੇ 'ਸਾਹਿਤਕ ਪੱਤਰਕਾਰ' ਵਾਲੀ ਕਰ ਦਿੱਤੀ। ਗੁਰਬਚਨ ਸਿੰਘ ਦੀ 'ਅਲੋਚਕ' ਤੋਂ 'ਸਾਹਿਤਕ ਪੱਤਰਕਾਰ'ਅਤੇ ਬਰਜਿੰਦਰ ਚੌਹਾਨ ਦੀ 'ਪੰਜਾਬੀ ਸਾਹਿਤਕਾਰ' ਦੀ ਥਾਂ 'ਪੰਜਾਬੋਂ ਬਾਹਰ' ਵਾਲੀ ਸ਼੍ਰੇਣੀ ਕਰ ਦਿੱਤੀ ਗਈ। ਬਾਅਦ ਵਿਚ ਇਨ੍ਹਾਂ ਸਾਰਿਆਂ ਨੂੰ ਬਦਲੀਆਂ ਗਈਆਂ ਸ਼੍ਰੇਣੀਆਂ ਵਾਲੇ ਪੁਰਸਕਾਰ ਵੀ ਮਿਲੇ। ਕਮੇਟੀ ਨੂੰ ਉਮੀਦਵਾਰਾਂ ਦੀਆਂ ਸ਼੍ਰੇਣੀਆਂ ਬਦਲਣ ਦੇ ਕਾਰਨ ਵੀ ਲਿਖਤੀ ਰੂਪ ਵਿਚ ਦਰਜ ਕਰਨੇ ਚਾਹੀਦੇ ਸਨ।

ਪੈਨਲ ਵਿਚ ਸ਼ਾਮਲ ਕੀਤੇ ਗਏ ਕਈ ਨਾਂਵਾਂ ਦੇ ਜੀਵਨ ਵੇਰਵੇ ਭਾਸ਼ਾ ਵਿਭਾਗ ਵੱਲੋਂ ਕਮੇਟੀ ਅੱਗੇ ਪੇਸ਼ ਨਹੀਂ ਕੀਤੇ ਗਏ। ਜਿਵੇਂ ਕਿ ਦਰਸ਼ਨ ਢਿੱਲੋਂ ਦਾ। ਕਮੇਟੀ ਵੱਲੋਂ ਇਨ੍ਹਾਂ ਦਾ ਨਾਂ ਸਾਹਿਤਕ ਪੱਤਰਕਾਰ ਵਾਲੀ ਸ਼੍ਰੇਣੀ ਵਿਚ ਸ਼ਾਮਲ ਕਰ ਲਿਆ ਗਿਆ। ਕਮੇਟੀ ਨੇ ਇਨ੍ਹਾਂ ਦੀ ਯੋਗਤਾ ਦਾ ਅੰਦਾਜ਼ਾ ਕਿਸ ਅਧਾਰ ਤੇ ਲਾਇਆ?

ਕਮੇਟੀ ਵੱਲੋਂ ਆਪਣੇ ਤੌਰ 16 ਅਜਿਹੇ ਨਾਂ ਪੈਨਲਾਂ ਵਿਚ ਸ਼ਾਮਲ ਕੀਤੇ ਗਏ ਜਿਨ੍ਹਾਂ ਦੇ ਨਾਂ ਭਾਸ਼ਾ ਵਿਭਾਗ ਵੱਲੋਂ ਕਿਸੇ ਵੀ ਸ਼੍ਰੇਣੀ ਲਈ ਨਹੀਂ ਸਨ ਸੁਝਾਏ ਗਏ। ਜਿਵੇਂ ਕਿ (ਵਿਸ਼ਾਲ (ਅੱਖਰ), ਕ੍ਰਾਂਤੀਪਾਲ, ਅਤਿੰਦਰ ਸੰਧੂ (ਏਕਮ), ਚਰਨਜੀਤ ਸੋਹਲ , ਕੈਲਾਸ਼ ਕੌਰ, ਜਸਵੰਤ ਕੌਰ ਦਮਨ, ਅਨੀਤਾ ਸਬਦੀਸ਼, ਲਾਟ ਭਿੰਡਰ , ਜਸਬੀਰ ਜੱਸੀ ,ਜੀਤ ਸਿੰਘ ਬਾਵਾ, ਬੀ.ਐਨ. ਸ਼ਰਮਾ, ਤੇਜਿੰਦਰ ਹਰਜੀਤ, ਸ਼ਰਨ ਕੌਰ, ਪਰਮਜੀਤ ਕੌਰ ਸਰਹਿੰਦ, ਡਾ.ਗੁਰਸ਼ਰਨ ਕੌਰ ਜੱਗੀ ਅਤੇ ਡਾ.ਰਮਾਕਾਂਤ ਅੰਗਰੀਸ਼)। ਭਾਅਦ ਵਿਚ ਇਨ੍ਹਾਂ ਵਿਚੋਂ 6 (ਡਾ.ਗੁਰਸ਼ਰਨ ਕੌਰ ਜੱਗੀ, ਕੈਲਾਸ਼ ਕੌਰ, ਜਸਵੰਤ

ਕੌਰ ਦਮਨ, ਤੇਜਿੰਦਰ ਹਰਜੀਤ, ਸ਼ਰਨ ਕੌਰ ਅਤੇ ਡਾ.ਰਮਾਕਾਂਤ ਅੰਗਰੀਸ਼) ਨੂੰ ਪੁਰਸਕਾਰ ਵੀ ਮਿਲ ਗਏ। ਇਨ੍ਹਾਂ ਵਿਅਕਤੀਆਂ ਦੇ ਨਾਂ ਕਿਸ ਮੈਂਬਰ ਨੇ ਸੁਝਾਏ? ਇਨ੍ਹਾਂ ਵਿਦਵਾਨਾਂ ਦੇ ਜੀਵਨ ਵੇਰਵੇ ਵੀ ਮੀਟਿੰਗ ਵਿਚ ਪੇਸ਼ ਨਹੀਂ ਕੀਤੇ ਗਏ। ਜੇ ਕੀਤੇ ਗਏ ਹੁੰਦੇ ਤਾਂ ਭਾਸ਼ਾ ਵਿਭਾਗ ਵੱਲੋਂ ਸਾਨੂੰ ਉਨ੍ਹਾਂ ਦੀਆਂ ਨਕਲਾਂ ਦਿੱਤੀਆਂ ਗਈਆਂ ਹੁੰਦੀਆਂ। ਕਮੇਟੀ ਦੀ ਕਾਰਵਾਈ ਵਿਚ ਇਨ੍ਹਾਂ ਨਾਂਵਾਂ ਨੂੰ ਸੁਝਾਏ ਜਾਣ ਦੇ ਕਾਰਨਾਂ ਦਾ ਵਿਸਥਾਰ ਨਾਲ ਜ਼ਿਕਰ ਹੋਣਾ ਚਾਹੀਦਾ ਸੀ। ਪਰ ਇੰਝ ਨਹੀਂ ਹੋਇਆ।

ਕਮੇਟੀ ਵੱਲੋਂ ਵੱਖ-ਵੱਖ ਪੈਨਲਾਂ ਵਿਚ ਸ਼ਾਮਲ ਕੀਤੇ ਕਈ ਨਾਂ, ਉਸ ਸ਼੍ਰੇਣੀ ਦੇ ਪੁਰਸਕਾਰ ਲਈ 'ਵਿਆਖਿਆ ਪੱਤਰ' ਵਿਚ ਦਰਜ ਤੈਅ ਸ਼ਰਤਾਂ ਪੂਰੀਆਂ ਨਹੀਂ ਸਨ ਕਰਦੇ। ਜਿਵੇਂ ਕਿ ਡਾ.ਰਵੀ ਰਵਿੰਦਰ ਨੂੰ 'ਪੰਜਾਬੋਂ ਬਾਹਰ' ਰਹਿੰਦੇ ਸਾਹਿਤਕਾਰ ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ। ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ) ਪੁਰਸਕਾਰ ਦੇ ਯੋਗ ਹੋਣ ਲਈ ਸ਼ਰਤ ਹੈ ਕਿ ਉਹ ਘੱਟੋ-ਘੱਟ ਦਸ ਸਾਲ ਤੋਂ ਪੰਜਾਬ ਤੋਂ ਬਾਹਰ ਰਹਿ ਰਿਹਾ ਹੋਵੇ। ਡਾ.ਰਵੀ 2013 ਤੱਕ ਪੰਜਾਬ ਯੂਨੀਵਰਸਿਟੀ ਦੇ ਮੁਕਤਸਰ ਰੀਜਨਲ ਸੈਂਟਰ ਵਿਚ ਪ੍ਰੋਫ਼ੈਸਰ ਰਹੇ ਹਨ। ਦਿੱਲੀ ਯੂਨੀਵਰਸਿਟੀ ਦੀ ਵੈੱਬਸਾਈਟ ਤੇ ਉਪਲੱਬਧ ਉਨ੍ਹਾਂ ਦੇ ਜੀਵਨ ਵੇਰਵੇ ਅਨੁਸਾਰ ਉਹ ਦਿੱਲੀ ਯੂਨੀਵਰਸਿਟੀ ਵਿਚ, ਜਨਵਰੀ 2014 ਵਿਚ, ਬਤੌਰ ਪ੍ਰੋਫ਼ੈਸਰ, ਹਾਜਰ ਹੋਏ। ਇਸ ਤਰ੍ਹਾਂ ਉਨ੍ਹਾਂ ਦੇ ਪੰਜਾਬੋਂ ਬਾਹਰ ਰਹਿਣ ਦਾ ਸਮਾਂ ਕੇਵਲ ਸੱਤ ਸਾਲ ਬਣਦਾ ਹੈ। ਫੇਰ ਉਹ ਇਸ ਸ਼੍ਰੇਣੀ ਦੇ ਪੁਰਸਕਾਰ ਲਈ ਕਿਸ ਤਰ੍ਹਾਂ ਯੋਗ ਠਹਿਰਾਏ ਗਏ? ਡਾ.ਹਰਜਿੰਦਰ ਵਾਲੀਆ ਦੇ ਭਾਸ਼ਾ ਵਿਭਾਗ ਵੱਲੋਂ ਤਿਆਰ ਕੀਤੇ ਗਏ ਜੀਵਨ ਵੇਰਵੇ ਅਨੁਸਾਰ ਉਨ੍ਹਾਂ ਵੱਲੋਂ ਸਾਲ 1979 ਤੋਂ 1983 ਤੱਕ ਇਕ 'ਮੰਚ' ਨਾਂ ਦੇ ਰਸਾਲੇ ਦਾ ਸੰਪਾਦਨ ਕੀਤਾ ਗਿਆ ਸੀ। 1983 ਤੋਂ ਬਾਅਦ ਉਨ੍ਹਾਂ ਵੱਲੋਂ ਕਿਸੇ ਸਾਹਿਤਕ ਪੱਤਰਿਕਾ ਦਾ ਸੰਪਾਦਨ ਕੀਤਾ ਗਿਆ ਹੋਵੇ ਇਸ ਦਾ ਜਿਕਰ ਉਨ੍ਹਾਂ ਦੇ ਜੀਵਨ ਵੇਰਵੇ ਵਿਚ ਦਰਜ ਨਹੀਂ ਹੈ। 37 ਸਾਲ ਪਹਿਲਾਂ ਬੰਦ ਹੋ ਚੁੱਕੇ ਕਿਸੇ ਸਾਹਿਤਕ ਰਸਾਲੇ ਦੇ ਸੰਪਾਦਕ ਹੋਣ ਦੇ ਅਧਾਰ ਤੇ ਉਨ੍ਹਾਂ ਨੂੰ 'ਸਾਹਿਤਕ ਪੱਤਰਕਾਰ' ਦੇ ਪੁਰਸਕਾਰ ਚੁਣਿਆ ਜਾਣਾ ਨਿਯਮਾਂ ਅਨੁਸਾਰ ਨਹੀਂ ਹੈ। ਇਹ ਵੀ ਨਹੀਂ ਕਿ ਕਮੇਟੀ ਨੂੰ ਇਨ੍ਹੀ ਦਿਨੀ ਪ੍ਰਕਾਸ਼ਿਤ ਹੁੰਦੇ ਸਾਹਿਤਕ ਰਸਾਲਿਆਂ ਦਾ ਗਿਆਨ ਨਹੀਂ ਸੀ। ਸਕਰੀਨਿੰਗ ਕਮੇਟੀ ਵੱਲੋਂ ਖੁਦ ਸੱਤ ਅਜਿਹੇ ਸੰਪਾਦਕਾਂ ਦੇ ਨਾਂ ਵੱਖ-ਵੱਖ ਪੈਨਲਾਂ ਵਿਚ ਸ਼ਾਮਲ ਕੀਤੇ ਗਏ ਸਨ ਜਿਨ੍ਹਾਂ ਵੱਲੋਂ ਸੰਪਾਦਤ ਕੀਤੇ ਜਾਂਦੇ ਰਸਾਲੇ ਸਾਲਾਂ ਤੋਂ ਲਗਾਤਾਰ ਪ੍ਰਕਾਸ਼ਤ ਹੋਣ ਦੇ ਨਾਲ-ਨਾਲ ਮਿਆਰੀ ਵੀ ਹਨ। ਸਕਰੀਨਿੰਗ ਕਮੇਟੀ ਦੀ ਸਿਫ਼ਾਰਸ਼ ਦੇ ਅਧਾਰ ਤੇ ਡਾ.ਰਵੀ ਅਤੇ ਡਾ.ਵਾਲੀਆ ਇਨ੍ਹਾਂ ਨੂੰ ਪੁਰਸਕਾਰਾਂ ਲਈ ਚੁਣ ਵੀ ਲਿਆ ਗਿਆ।

ਭਾਸ਼ਾ ਵਿਭਾਗ ਵੱਲੋਂ ਸੁਝਾਏ ਗਏ ਨਾਂਵਾਂ ਵਿਚ ਇਹ ਜ਼ਿਕਰ ਨਹੀਂ ਸੀ ਕੀਤਾ ਗਿਆ ਕਿ ਕਿਹੜਾ ਵਿਦਵਾਨ ਕਿਸ ਸਾਲ ਦੇ ਪੁਰਸਕਾਰ ਲਈ ਯੋਗ ਹੈ। ਇਹ ਫ਼ੈਸਲਾ ਸਕਰੀਨਿੰਗ ਕਮੇਟੀ ਨੇ ਖੁਦ ਕੀਤਾ। ਕਿਸੇ ਵਿਦਵਾਨ ਨੂੰ ਕਿਸੇ ਵਿਸ਼ੇਸ਼ ਸਾਲ ਦੇ ਪੁਰਸਕਾਰ ਦੇ ਯੋਗ ਹੀ ਕਿਉਂ ਸਮਝਿਆ ਗਿਆ? ਇੱਕ ਵਾਰ ਕਿਸੇ ਸਾਹਿਤਕਾਰ ਨੂੰ ਕਿਸੇ ਪੁਰਸਕਾਰ ਦੇ ਯੋਗ ਸਮਝ ਲੈਣ ਬਾਅਦ, ਉਸ ਸਾਹਿਤਕਾਰ ਨੂੰ ਅਗਲੇ ਸਾਲਾਂ ਦੇ ਉਸੇ ਪੁਰਸਕਾਰ ਲਈ ਅਯੋਗ ਨਹੀਂ ਠਹਿਰਾਇਆ ਜਾ ਸਕਦਾ। ਅਜਿਹੇ ਮਹੱਤਵਪੂਰਣ ਫੈਸਲੇ ਕਰਦੇ ਸਮੇਂ ਸਕਰੀਨਿੰਗ ਕਮੇਟੀ ਨੂੰ ਮਾਪਦੰਡ ਨਿਸ਼ਚਤ ਕਰਨੇ ਚਾਈਦੇ ਸਨ। ਅਤੇ ਅਪਣਾਏ ਮਾਪਦੰਡਾਂ ਦਾ ਜਿਕਰ ਬੈਠਕ ਦੀ ਕਾਰਵਾਈ ਵਿਚ ਦਰਜ ਹੋਣਾ ਹੀ ਚਾਹੀਦਾ ਸੀ।

ਸਕਰੀਨਿੰਗ ਕਮੇਟੀ ਵੱਲੋਂ ਸੰਸਕ੍ਰਿਤ, ਉਰਦੂ, ਹਿੰਦੀ, ਸੰਗੀਤਕਾਰ, ਗਾਇਕ ਆਦਿ ਸ਼੍ਰੇਣੀਆਂ ਲਈ ਵੀ ਪੈਨਲ ਬਣਾਏ ਗਏ। ਇਨ੍ਹਾਂ ਸ਼੍ਰੇਣੀਆਂ ਦੇ ਨੁਮਾਇੰਦੇ ਸਕਰੀਨਿੰਗ ਕਮੇਟੀ ਵਿਚ ਵਿਸ਼ੇਸ਼ ਤੌਰ ਤੇ ਸ਼ਾਮਲ ਕੀਤੇ ਗਏ ਸਨ।

ਸਕਰੀਨਿੰਗ ਕਮੇਟੀ ਵੱਲੋਂ ਸਾਰੇ ਫ਼ੈਸਲੇ ਸਾਂਝੇ ਤੌਰ ਤੇ ਕੀਤੇ ਗਏ। ਕਮੇਟੀ ਦਾ ਹਰ ਮੈਂਬਰ ਹਰ ਸ਼੍ਰੇਣੀ ਦੇ ਵਿਸ਼ੇ ਦਾ ਗਿਆਤਾ ਤਾਂ ਨਹੀਂ ਹੈ।

ਸੁਸ਼ੀਲ ਦੁਸਾਂਝ ਅਤੇ ਸ਼੍ਰੀਮਤੀ ਨਿਰਮਲ ਰਿਸ਼ੀ 'ਸਾਹਿਤਕ ਪੱਤਰਕਾਰ' ਅਤੇ 'ਟੈਲੀਵੀਜ਼ਨ /ਰੇਡੀਓ/ਫਿਲਮ' ਸ਼੍ਰੇਣੀਆਂ ਦੇ ਨੁਮਾਇੰਦਿਆਂ ਵਜੋਂ ਸਲਾਹਕਾਰ ਬੋਰਡ ਦੇ ਮੈਂਬਰ ਨਾਮਜਦ ਕੀਤੇ ਗਏ ਸਨ। ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਇਨ੍ਹਾਂ ਸ਼੍ਰੇਣੀਆਂ ਦੇ ਯੋਗ ਉਮੀਦਵਾਰਾਂ ਦੀ ਚੋਣ ਕਿਸ ਨੇ ਕੀਤੀ?

ਭਾਸ਼ਾ ਵਿਭਾਗ ਵਲੋਂ ਪਹਿਲਾ ਏਜੰਡਾ 25 ਨਵੰਬਰ ਤੋਂ ਬਾਅਦ, ਕਮੇਟੀ ਦੀ ਬੈਠਕ ਤੋਂ 6 ਦਿਨ ਪਹਿਲਾਂ, ਮੈਂਬਰਾਂ ਨੂੰ ਭੇਜਣਾ ਸ਼ੁਰੂ ਕੀਤਾ ਗਿਆ। ਬਹੁਤ ਲੇਟ ਹੋ ਜਾਣ ਕਾਰਨ, ਕਈ ਮੈਂਬਰਾਂ ਨੂੰ ਇਹ 28 ਨਵੰਬਰ ਨੂੰ ਬਨਾਏ ਨਵੇਂ ਵਟਸਅਪ ਗਰੁਪ ਰਾਹੀਂ ਭੇਜਿਆ ਗਿਆ। ਏਜੰਡੇ ਦੀ ਪੀ.ਡੀ.ਐਫ ਕਾਪੀ ਭੇਜੀ ਗਈ। ਪਤਾ ਨਹੀਂ ਮੈਂਬਰਾਂ ਨੂੰ 224 ਪੰਨਿਆਂ ਦੇ ਏਜੰਡੇ ਦੀਆਂ ਹਾਰਡ ਕਾਪੀਆਂ ਕਢਵਾਉਣ ਦਾ ਸਮਾਂ ਮਿਲਿਆ ਵੀ ਜਾਂ ਨਹੀਂ। ਦੂਜੇ ਅਨੂਪੁਰਕ ਏਜੰਡੇ ਵਿਚ ਭਾਸ਼ਾ ਵਿਭਾਗ ਵਲੋਂ ਉਹ ਨਾਂ ਵੀ ਸ਼ਾਮਲ ਕੀਤੇ ਗਏ ਜੋ ਵਿਭਾਗ ਨੂੰ 1 ਨਵੰਬਰ ਤੱਕ, ਜਾਣੀ ਮੀਟਿੰਗ ਵਾਲੇ ਦਿਨ ਤੱਕ, ਪ੍ਰਾਪਤ ਹੋਏ। ਜਿਕਰਯੋਗ ਹੈ ਕਿ ਦੂਜੇ ਏਜੰਡੇ ਵਿਚ 24 ਨਵੇਂ ਨਾਂ ਸ਼ਾਮਲ ਕੀਤੇ ਗਏ ਸਨ। ਇਨ੍ਹਾਂ ਵਿਚੋਂ ਘੱਟੋ ਘੱਟ 12 ਨਾਂਵਾਂ ਨੂੰ ਪੈਨਲਾਂ ਵਿਚ ਸ਼ਾਮਲ ਕੀਤਾ ਗਿਆ ਅਤੇ ਉਨ੍ਹਾਂ ਨੂੰ ਪੁਰਸਕਾਰ ਵੀ ਮਿਲੇ। ਲੰਬੇ ਚੌੜੇ ਏਜੰਡਿਆ ਦੇ ਐਨ ਵਕਤ ਸਿਰ ਮਿਲਣ ਕਾਰਨ ਕੀ ਮੈਂਬਰ ਆਪਣਾ ਹੋਮ ਵਰਕ ਕਰ ਸਕੇ ਅਤੇ ਆਪਣੀ ਜਿੰਮੇਵਾਰੀ ਨਿਪੁੰਨਤਾ ਨਾਲ ਨਿਭਾ ਸਕੇ ਹੋਣਗੇ?

ਸਕਰੀਨਿੰਗ ਕਮੇਟੀ ਦੀ ਮੀਟਿੰਗ ਸਵੇਰੇ 11:00 ਵਜੇ ਸ਼ੁਰੂ ਹੋਈ। ਭਾਸ਼ਾ ਵਿਭਾਗ ਨੇ ਕਮੇਟੀ ਅੱਗੇ ਕਰੀਬ 565 ਯੋਗ ਉਮੀਦਵਾਰਾਂ ਦੇ ਨਾਂ ਚੋਣ ਲਈ ਪੇਸ਼ ਕੀਤੇ। ਕਮੇਟੀ ਵੱਲੋਂ ਜੇ ਇੱਕ ਮੈਂਬਰ ਦੇ ਨਾਂ ਤੇ ਵਿਚਾਰ ਕਰਨ ਲਈ ਇੱਕ ਮਿੰਟ ਹੀ ਲਾਇਆ ਹੋਵੇ ਤਾਂ ਵੀ ਸਾਰੇ ਨਾਂਵਾਂ ਨੂੰ ਵਿਚਾਰਨ ਲਈ ਕਰੀਬ ਦਸ ਘੰਟੇ ਚਾਹੀਦੇ ਸਨ। ਕਮੇਟੀ ਨੇ ਪੈਨਲਾਂ ਲਈ 300 ਨਾਂ ਛਾਂਟੇ। ਫੇਰ ਇਹ ਫ਼ੈਸਲਾ ਕੀਤਾ ਕਿ ਕਿਸ ਉਮੀਦਵਾਰ ਨੂੰ ਕਿਸ ਸਾਲ ਦੇ ਪੈਨਲ ਵਿਚ ਰੱਖਣਾ ਹੈ। ਫੇਰ ਇਨ੍ਹਾਂ ਨਾਂਵਾਂ ਨੂੰ ਯੋਗਤਾ ਅਨੁਸਾਰ ਪੈਨਲਾਂ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਦਿੱਤਾ ਗਿਆ। ਕਈ ਮੈਂਬਰਾਂ ਦੀਆਂ ਸ਼੍ਰੇਣੀਆਂ ਬਦਲੀਆਂ ਗਈਆਂ। ਕਈ ਨਵੇਂ ਨਾਂ ਪਹਿਲੀ ਵਾਰ ਪੇਸ਼ ਹੋਏ। ਫੇਰ ਇਹ ਪੈਨਲ ਟਾਈਪ ਹੋਏ। ਇਹ ਲੰਬੀ ਚੌੜੀ ਪ੍ਰਕ੍ਰਿਆ ਕੁਝ ਘੰਟਿਆਂ ਦੀ ਮੀਟਿੰਗ ਵਿਚ ਸੰਭਵ ਨਹੀਂ ਹੋ ਸਕਦੀ।

ਅਜਿਹੇ ਹਾਲਾਤਾਂ ਵਿਚ ਇਹ ਪ੍ਰਸ਼ਨ ਉੱਠਣਾ ਸੁਭਾਵਿਕ ਹੈ ਕਿ ਕੀ ਪੈਨਲ ਸੱਚਮੁੱਚ ਸਕਰੀਨਿੰਗ ਕਮੇਟੀ ਨੇ ਬਣਾਏ ਜਾਂ ਇਹ ਕਿੱਧਰੋਂ ਹੋਰ ਬਣ ਕੇ ਆਏ ਅਤੇ ਮੈਂਬਰਾਂ ਨੇ ਕੇਵਲ ਆਪਣੇ ਅੰਗੂਠੇ ਹੀ ਲਾਏ।

ਇਸ ਪ੍ਰਸ਼ਨ ਦਾ ਉੱਤਰ, ਕੁੱਝ ਹੱਦ ਤੱਕ, ਇਸ ਵਾਰ ਦੀ ਚੋਣ ਪ੍ਰਕ੍ਰਿਆ ਨਾਲ ਨੇੜੇ ਤੋਂ ਜੁੜੇ ਰਹੇ, ਪ੍ਰੋ. ਚਮਨ ਲਾਲ ਨੇ ਦਿੱਤਾ ਹੈ। ਤਤ ਪੜਤ 'ਚ ਹੋਈ ਚੋਣ ਤੋਂ ਉਨ੍ਹਾਂ ਨੂੰ ਲਗਿਆ ਜਿਵੇਂ ਕਮੇਟੀ ਵਲੋਂ ਪੈਨਲ, ਸਲਾਹਕਾਰ ਬੋਰਡ ਦੇ ਇਕ ਪ੍ਰਭਾਵਸ਼ਾਲੀ ਧੱੜੇ ਦੇ ਮੈਂਬਰਾਂ ਦੀ ਸਲਾਹ ਨਾਲ ਅਤੇ ਇਕ ਸੋਚੀ-ਸਮਝੀ ਸਾਜਿਸ਼ ਅਧੀਨ ਤਿਆਰ ਕੀਤੇ ਜਾਂਦੇ ਹਨ। ਇਸ ਸਾਜਿਸ਼ ਦਾ ਜਿਕਰ ਉਨ੍ਹਾਂ ਨੇ ਭਾਸ਼ਾ ਮੰਤਰੀ ਨੂੰ ਲਿਖੀ ਆਪਣੀ ਚਿੱਠੀ ਵਿਚ ਬਿਨ੍ਹਾਂ ਝਿਜਕ ਕੀਤਾ ਹੈ। ਉਹ ਲਿਖਦੇ ਹਨ, 'ਸ਼੍ਰੋਮਣੀ ਹਿੰਦੀ ਸਾਹਿਤਕਾਰਾਂ ਦੀ ਚੋਣ ਸਮੇਂ ਇਸ ਲੇਖਕ ਨੂੰ ਹਿੰਦੀ ਦੀ ਨੁਮਾਇੰਦਗੀ ਕਰਨ ਦੇ ਬਾਵਜੂਦ (ਸਲਾਹਕਾਰ ਬੋਰਡ ਦੀ ਬੈਠਕ ਵਿਚ) ਯੋਗ ਲੇਖਕਾਂ ਬਾਰੇ ਬੋਲਣ ਤੱਕ ਨਹੀਂ ਦਿੱਤਾ ਗਿਆ, ਜਿੰਨਾਂ ਦੇ ਨਾਂ ਸਾਜ਼ਸ਼ੀ ਢੰਗ ਨਾਲ ਸਕਰਿਨਿੰਗ ਕਮੇਟੀ ਵਿੱਚ ਛਾਂਟ ਦਿੱਤੇ ਗਏ ਸਨ। ... ਜਿਸ ਸਾਜ਼ਿਸ਼ ਤਹਿਤ ਲੇਖਕ ਪੈਨਲ ਵਿਚੋਂ ਛਡੇ ਅਤੇ ਕੱਢੇ

ਗਏ ਉਸ ਨਾਲ ਲਾਹੌਰ ਵਿੱਚ ਜੰਮੇ 85 ਸਾਲਾਂ ਦੇ ਸਤਯੇਂਦਰ ਤਨੇਜਾ ਵਰਗੇ ਬਜ਼ੁਰਗ ਲੇਖਕ, ਜਿੰਨਾਂ ਕਿਸੇ ਵੇਲੇ ਭਾਸ਼ਾ ਵਿਭਾਗ ਨੂੰ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਸਨ, ਦਾ ਅਪਮਾਨ ਹੋਇਆ। ਲਾਹੌਰ ਵਿੱਚ ਹੀ ਜੰਮੀ ਹਿੰਦੀ ਦੀ ਉਘੀ ਗਲਪਕਾਰ ਸੁਧਾ ਅਰੋੜਾ ਨਾਲ ਵੀ ਸਕਰਿਨਿੰਗ ਕਮੇਟੀ ਨੇ ਇਹੋ ਸਲੂਕ ਕੀਤਾ।'

ਪ੍ਰੋ.ਚਮਨ ਲਾਲ ਨੇ ਆਪਣੀ ਚਿੱਠੀ ਵਿਚ ਹੋਰ ਸਪੱਸ਼ਟ ਕੀਤਾ ਹੈ ਕਿ ਪੈਨਲਾਂ ਦੇ ਦੂਜੇ ਮੈਂਬਰਾਂ ਦੀ ਸਲਾਹ ਨਾਲ ਬਣੇ ਹੋਣ ਕਾਰਨ, ਬੋਰਡ ਦੀ ਮੀਟਿੰਗ ਵਿਚ, ਸਕਰੀਨਿੰਗ ਕਮੇਟੀ ਵੱਲੋਂ ਸੁਝਾਏ ਨਾਂਵਾਂ ਤੇ, ਬਿਨਾਂ ਚਰਚਾ ਦੇ ਠੱਪਾ ਲਗ ਜਾਂਦਾ ਹੈ। ਉਹ ਲਿਖਦੇ ਹਨ, 'ਸਕਰਿਨਿੰਗ ਕਮੇਟੀ ਹਰ ਸਾਲ ਦੇ ਹਰ ਇਨਾਮ ਲਈ ਤਿੰਨ-ਤਿੰਨ ਲੇਖਕਾਂ ਦਾ ਪੈਨਲ ਬਣਾ ਕੇ ਲੈ ਆਉਂਦੀ ਹੈ ਅਤੇ ਬਿਨਾ ਚਰਚਾ ਉਨ੍ਹਾਂ ਵਿਚੋਂ ਕੁਝ ਪ੍ਰਭਾਵਸ਼ਾਲੀ ਮੈਂਬਰ ਕਿਸੇ ਵੀ ਨਾਂ ਤੇ ਬੋਰਡ ਦਾ ਠੱਪਾ ਲੁਆ ਦਿੰਦੇ ਹਨ।'

ਇਹ ਸੱਚਾਈ ਸਲਾਹਕਾਰ ਬੋਰਡ ਦੀ ਮੀਟਿੰਗ ਵਿਚ ਸਾਹਮਣੇ ਵੀ ਆਈ। ਸਕਰੀਨਿੰਗ ਕਮੇਟੀ ਵੱਲੋਂ ਪਹਿਲੇ ਨੰਬਰ ਤੇ ਰੱਖੇ 108 ਨਾਂਵਾਂ ਵਿਚੋਂ 96 ਨਾਂ ਪੁਰਸਕਾਰਾਂ ਲਈ ਚੁਣ ਲਏ ਗਏ।

---

**ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਵਿਚ ਰਾਜ ਸਲਾਹਕਾਰ ਬੋਰਡ ਦੀ ਕਾਰਗੁਜ਼ਾਰੀ**

ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਸ੍ਰੀ ਐਨ.ਐਸ. ਰਤਨ ਆਈ.ਏ.ਐਸ. ਸਾਲ 2002 ਵਿਚ ਉੱਚ ਸਿੱਖਿਆ ਅਤੇ ਭਾਸ਼ਾ ਵਿਭਾਗ ਦੇ ਪ੍ਰਮੁੱਖ ਸਕੱਤਰ ਸਨ। ਭਾਸ਼ਾ ਵਿਭਾਗ ਉਨ੍ਹਾਂ ਦੇ ਅਧੀਨ ਸੀ। ਇਸ ਅਹੁੱਦੇ ਤੇ ਤਾਇਨਾਤ ਹੁੰਦਿਆਂ ਹੀ ਉਨ੍ਹਾਂ ਨੂੰ ਮਹਿਸੂਸ ਹੋਇਆ ਜਿਵੇਂ ਕੁਦਰਤ ਨੇ ਹੁਣ ਉਨ੍ਹਾਂ ਨੂੰ ਇਹ ਸੁਨਹਿਰੀ ਮੌਕਾ ਪੰਜਾਬੀ ਭਾਸ਼ਾ ਦੇ ਵਿਕਾਸ ਦੀਆਂ ਲੀਹਾਂ ਪੱਕੀਆਂ ਕਰਨ ਲਈ ਦਿੱਤਾ ਹੈ। ਉਨ੍ਹਾਂ ਨੂੰ ਇਸ ਮੌਕੇ ਦਾ ਭਰਪੂਰ ਫ਼ਾਇਦਾ ਉਠਾਉਣਾ ਚਾਹੀਦਾ ਹੈ। ਉਸ ਸਮੇਂ ਸ੍ਰੀ ਮਦਨ ਲਾਲ ਹਸੀਜਾ ਭਾਸ਼ਾ ਵਿਭਾਗ ਦੇ ਡਾਇਰੈਕਟਰ ਸਨ। ਉਹ ਵੀ ਲਿਆਕਤਾਂ ਦੇ ਭੰਡਾਰ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਸਮੱਰਪਿਤ ਸਨ। ਦੋਹਾਂ ਨੇ ਰਲ ਕੇ, ਭਾਸ਼ਾ ਵਿਭਾਗ ਦੀ ਰਹਿਨੁਮਾਈ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਯੋਜਨਾਵਾਂ ਸੁਝਾਉਣ ਅਤੇ ਪ੍ਰਸਤਾਵ ਬਣਾਉਣ ਲਈ ਗਠਿਤ ਹੁੰਦੇ ਰਾਜ ਸਲਾਹਕਾਰ ਬੋਰਡ ਨੂੰ ਪੱਕੇ ਪੈਰੀਂ ਕਰਨ ਦੇ ਯਤਨ ਸ਼ੁਰੂ ਕਰ ਦਿੱਤੇ। ਭਾਸ਼ਾਵਾਂ ਦੇ ਵਿਕਾਸ ਲਈ ਕੰਮ ਕਰਦੀਆਂ ਹੋਰ ਸੰਸਥਾਵਾਂ ਦੇ ਸਲਾਹਕਾਰ ਬੋਰਡਾਂ ਦੇ ਨਿਯਮਾਂ ਦਾ ਅਧਿਐਨ ਕਰਕੇ, ਉਨ੍ਹਾਂ ਨੇ ਰਾਜ ਸਲਾਹਕਾਰ ਬੋਰਡ ਦੇ ਉਦੇਸ਼ਾਂ ਅਤੇ ਕਾਰਜ ਖੇਤਰ ਨੂੰ ਪਰਿਭਾਸ਼ਤ ਕੀਤਾ। ਲੋੜੀਂਦੀਆਂ ਕਾਨੂੰਨੀ ਪ੍ਰਕ੍ਰਿਆਵਾਂ ਵਿਚੋਂ ਲੰਘਾ ਕੇ, ਪੰਜਾਬ ਸਰਕਾਰ ਅਤੇ ਰਾਜਪਾਲ ਦੀ ਸਹਿਮਤੀ ਲੈ ਕੇ, ਇਨ੍ਹਾਂ ਨਿਯਮਾਂ ਨੂੰ ਕਾਨੂੰਨੀ ਜਾਮਾ ਪਹਿਨਾਇਆ। 15 ਨਵੰਬਰ 2002 ਨੂੰ ਇਹ ਨਿਯਮ, ਸ੍ਰੀ ਐਨ.ਐਸ. ਰਤਨ ਦੇ ਦਸਖਤਾਂ ਹੇਠ, ਪੰਜਾਬ ਸਰਕਾਰ ਦੇ ਗਜ਼ਟ ਵਿਚ ਪ੍ਰਕਾਸ਼ਤ ਹੋ ਗਏ।

ਇਨ੍ਹਾਂ ਨਿਯਮਾਂ ਅਨੁਸਾਰ, ਰਾਜ ਸਲਾਹਕਾਰ ਬੋਰਡ ਨੇ 6 ਉਦੇਸ਼ਾਂ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿਣਾ ਹੈ। ਇਹ ਉਦੇਸ਼ ਹਨ: (ੳ) ਲੇਖਕਾਂ, ਕਲਾਕਾਰਾਂ, ਸੰਸਥਾਵਾਂ ਆਦਿ ਨੂੰ ਸਰਕਾਰੀ ਮਾਲੀ ਸਹਾਇਤਾ ਦੇਣ ਲਈ ਸਿਫ਼ਾਰਸ਼ਾਂ, (ਅ) ਪੰਜਾਬੀ, ਉਰਦੂ, ਹਿੰਦੀ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਦੀਆਂ ਪ੍ਰਕਾਸ਼ਤ ਹੋਈਆਂ ਸਾਹਿਤਕ ਪੁਸਤਕਾਂ ਦਾ ਮੁਲਾਂਕਣ, (ੲ) ਭਾਸ਼ਾ ਵਿਭਾਗ ਵੱਲੋਂ ਦਿੱਤੇ ਜਾਂਦੇ ਸ਼੍ਰੋਮਣੀ ਪੁਰਸਕਾਰਾਂ ਲਈ ਯੋਗ ਵਿਅਕਤੀਆਂ ਦੇ ਨਾਂਵਾਂ ਨੂੰ 'ਸੁਝਾਉਣਾ', (ਸ) ਭਾਸ਼ਾਵਾਂ ਦੇ ਵਿਕਾਸ ਲਈ ਸੁਝਾਅ ਦੇਣਾ, (ਹ) ਪੰਜਾਬੀ ਨੂੰ ਰਾਜ ਭਾਸ਼ਾ ਦੇ ਤੌਰ ਤੇ ਲਾਗੂ ਕਰਨ ਲਈ ਸੁਝਾਅ ਦੇਣਾ ਅਤੇ (ਕ) ਭਾਸ਼ਾ ਵਿਭਾਗ ਦੇ ਸਮੁੱਚੇ ਕੰਮ-ਕਾਜ ਨੂੰ ਸੁਚਾਰੂ ਬਣਾਉਣ ਲਈ ਸੁਝਾਅ ਅਤੇ ਠੋਸ ਪ੍ਰਸਤਾਵ ਦੇਣਾ।

ਜਾਪਦਾ ਹੈ ਜਨਮਦਿਆਂ ਹੀ ਇਨ੍ਹਾਂ ਨਿਯਮਾਂ ਦਾ ਗਲਾ ਘੁੱਟ ਦਿੱਤਾ ਗਿਆ। ਸਾਲ 2008 ਜਾਂ ਇਸ ਤੋਂ ਬਾਅਦ ਗਠਿਤ ਹੋਏ ਸਲਾਹਕਾਰ ਬੋਰਡਾਂ ਵਿਚ ਇਨ੍ਹਾਂ ਨਿਯਮਾਂ ਦੀ ਉੱਕਾ ਪਾਲਣਾ ਨਹੀਂ ਕੀਤੀ ਗਈ।

ਇਨ੍ਹਾਂ ਨਿਯਮਾਂ ਅਨੁਸਾਰ, ਭਾਰਤ ਦੀ ਰਾਜ ਸਭਾ ਵਾਂਗ, ਰਾਜ ਸਲਾਹਕਾਰ ਬੋਰਡ ਨੇ ਹਮੇਸ਼ਾਂ ਹੋਂਦ ਵਿਚ ਰਹਿਣਾ ਸੀ। ਇਨ੍ਹਾਂ ਨਿਯਮਾਂ ਅਨੁਸਾਰ ਗਠਿਤ ਹੋਏ ਸਲਾਹਕਾਰ ਬੋਰਡ ਨੇ ਆਪਣੇ ਗਠਨ ਤੋਂ ਤਿੰਨ ਸਾਲ ਬਾਅਦ ਪੂਰੀ ਤਰ੍ਹਾਂ ਗਠਿਤ ਹੋ ਜਾਣਾ ਸੀ। ਅਗੋਂ ਤੋਂ ਬੋਰਡ ਦੇ ਕੁੱਲ ਮੈਂਬਰਾਂ ਵਿਚੋਂ ਇੱਕ ਤਿਹਾਈ ਨੇ ਆਪਣੀ ਤਿੰਨ ਸਾਲ ਦੀ ਟਰਮ ਪੂਰੀ ਕਰਕੇ ਰਿਟਾਇਰ ਹੋਣਾ ਸ਼ੁਰੂ ਹੋ ਜਾਣਾ ਸੀ। ਰਿਟਾਇਰ ਹੋਏ ਮੈਂਬਰਾਂ ਦੀ ਥਾਂ ਨਵੇਂ ਮੈਂਬਰਾਂ ਨੂੰ ਨਾਮਜ਼ਦ ਕੀਤਾ ਜਾਣਾ ਸੀ। ਇੰਞ ਬੋਰਡ ਵਿਚ ਹਰ ਸਾਲ ਤਾਜ਼ਗੀ ਆਉਂਦੀ ਰਹਿਣੀ ਸੀ। ਸਰਕਾਰਾਂ ਦੇ ਬਦਲਣ ਦਾ ਬੋਰਡ ਤੇ ਕੋਈ ਅਸਰ ਨਹੀਂ ਸੀ ਹੋਣਾ। ਸਾਲ 2008 ਅਤੇ ਇਸ ਤੋਂ ਬਾਅਦ ਜੋ ਵੀ ਸਲਾਹਕਾਰ ਬੋਰਡ ਗਠਿਤ ਹੋਏ ਉਨ੍ਹਾਂ ਲਈ ਹਰ ਮੈਂਬਰ ਨੂੰ ਤਿੰਨ ਸਾਲ ਲਈ ਮੈਂਬਰ ਨਿਯੁਕਤ ਕੀਤਾ ਗਿਆ। ਬੋਰਡ ਦੀ ਲਗਾਤਾਰਤਾ ਵੀ ਕਾਇਮ ਨਹੀਂ ਰੱਖੀ ਗਈ। ਹਰ ਬੋਰਡ ਦੀ ਮਿਆਦ ਤਿੰਨ ਸਾਲ ਮਿੱਥੀ ਗਈ। ਤਿੰਨ ਸਾਲ ਬਾਅਦ ਬੋਰਡ ਆਪਣੇ ਆਪ ਭੰਗ ਹੁੰਦੇ ਰਹੇ।

ਇਨ੍ਹਾਂ ਨਿਯਮਾਂ ਅਨੁਸਾਰ ਸਲਾਹਕਾਰ ਬੋਰਡ ਦੀਆਂ ਇੱਕ ਸਾਲ ਵਿਚ ਘੱਟੋ-ਘੱਟ ਦੋ ਮੀਟਿੰਗਾਂ ਹੋਣੀਆਂ ਜ਼ਰੂਰੀ ਹਨ। ਹਰ ਮੀਟਿੰਗ ਵਿਚ ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਦੀ ਹਾਜਰੀ ਜ਼ਰੂਰੀ ਹੈ। ਪਿਛਲੇ 12 ਸਾਲਾਂ (2009-2020) ਵਿਚ ਇਸ ਨਿਯਮ ਦੀ ਕਦੇ ਵੀ ਪਾਲਣਾ ਨਹੀਂ ਹੋਈ। ਇਨ੍ਹਾਂ 12 ਸਾਲਾਂ ਵਿਚ 24 ਦੀ ਥਾਂ ਕੇਵਲ ਪੰਜ ਮੀਟਿੰਗਾਂ ਹੋਈਆਂ। ਸੱਤ ਸਾਲ

(2009, 2012, 2014 ਅਤੇ 2016-2019) ਬੋਰਡ ਦੀ ਇੱਕ ਵੀ ਮੀਟਿੰਗ ਨਹੀਂ ਹੋਈ। ਦਸੰਬਰ 2020 ਵਿਚ ਹੋਈ ਮੀਟਿੰਗ ਵਿਚ ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਹਾਜ਼ਰ ਨਹੀਂ ਹੋਏ।

ਇਨ੍ਹਾਂ ਨਿਯਮਾਂ ਅਨੁਸਾਰ ਸਲਾਹਕਾਰ ਬੋਰਡ ਦੇ ਮੈਂਬਰਾਂ ਦੀ ਜ਼ਿੰਮੇਵਾਰੀ, ਸਾਹਿਤ ਅਕਾਦਮੀ ਦਿੱਲੀ ਦੇ ਸਲਾਹਕਾਰ ਬੋਰਡ ਵਾਂਗ, ਭਾਸ਼ਾ ਵਿਭਾਗ ਵੱਲੋਂ ਦਿੱਤੇ ਜਾਂਦੇ ਸ਼੍ਰੋਮਣੀ ਪੁਰਸਕਾਰਾਂ ਲਈ ਯੋਗ ਉਮੀਦਵਾਰਾਂ ਦੇ ਨਾਂ ਕੇਵਲ ਸੁਝਾਉਣਾ ਹੈ। ਚੋਣ ਪ੍ਰਕ੍ਰਿਆ ਵਿਚ ਹਿੱਸਾ ਲੈਣਾ ਨਹੀਂ। ਇਹ ਨਿਯਮ ਤਾਂ ਬੋਰਡ ਦੇ ਮੈਂਬਰ ਨੂੰ ਕਿਸੇ ਉਮੀਦਵਾਰ ਦੇ ਹੱਕ ਵਿਚ ਪ੍ਰਚਾਰ ਕਰਨ ਤੱਕ ਦੀ ਇਜਾਜ਼ਤ ਨਹੀਂ ਦਿੰਦੇ। ਪ੍ਰਚਾਰ ਕਰਦਾ ਫੜੇ ਜਾਣ ਤੇ ਮੈਂਬਰ ਨੂੰ ਪਹਿਲਾਂ ਮੈਂਬਰੀ ਤੋਂ ਮੁਅੱਤਲ ਕਰਨ ਅਤੇ ਫੇਰ ਦੋਸ਼ ਸਿੱਧ ਹੋਣ ਤੇ ਬਰਖ਼ਾਸਤ ਕਰਨ ਤੱਕ ਦੀ ਵਿਵਸਥਾ ਕਰਦੇ ਹਨ। ਦੂਜੇ ਪਾਸੇ ਇਨੀਂ ਦਿਨੀਂ ਭਾਸ਼ਾ ਵਿਭਾਗ ਵੱਲੋਂ ਪੁਰਸਕਾਰਾਂ ਲਈ ਸੁਝਾਏ ਉਮੀਦਵਾਰਾਂ ਵਿਚੋਂ ਤਿੰਨ-ਤਿੰਨ ਨਾਂ ਛਾਂਟ ਕੇ ਪੈਨਲ ਬਣਾਉਣ ਦੀ ਜ਼ਿੰਮੇਵਾਰੀ ਜਿਸ ਸਕਰੀਨਿੰਗ ਕਮੇਟੀ ਨੂੰ ਦਿੱਤੀ ਜਾਂਦੀ ਹੈ ਉਸ ਕਮੇਟੀ ਦੇ ਸਾਰੇ ਮੈਂਬਰ ਸਲਾਹਕਾਰ ਬੋਰਡ ਦੇ ਮੈਂਬਰ ਹੁੰਦੇ ਹਨ। ਇੱਥੇ ਹੀ ਬਸ ਨਹੀਂ। ਪੈਨਲਾਂ ਵਿਚੋਂ ਜਾਂ ਪੈਨਲਾਂ ਤੋਂ ਬਾਹਰ ਵੀ, ਪੁਰਸਕਾਰ ਦੇ ਹੱਕੀ ਇੱਕ ਉਮੀਦਵਾਰ ਦੀ ਚੋਣ ਵੀ ਸਲਾਹਕਾਰ ਬੋਰਡ ਵੱਲੋਂ ਹੀ ਕੀਤੀ ਜਾਂਦੀ ਹੈ। ਹਰ ਵਾਰ ਇਸ ਨਿਯਮ ਦੀ ਘੋਰ ਉਲੰਘਣਾ ਹੁੰਦੀ ਹੈ। ਉਲਟਾ ਸਲਾਹਕਾਰ ਬੋਰਡ ਦਾ, ਪੁਰਸਕਾਰਾਂ ਦੀ ਚੋਣ ਤੇ ਏਕਾ-ਅਧਿਕਾਰ ਹੋ ਗਿਆ ਹੈ।

ਇਸ ਸਮੇਂ ਸਲਾਹਕਾਰ ਬੋਰਡ ਦਾ ਇੱਕੋ-ਇੱਕ ਕੰਮ ਪੁਰਸਕਾਰਾਂ ਲਈ ਉਮੀਦਵਾਰਾਂ ਦੀ ਚੋਣ ਕਰਨਾ ਰਹਿ ਗਿਆ ਹੈ। ਇਨ੍ਹਾਂ ਨਿਯਮਾਂ ਵਿਚ ਦਰਜ ਬਾਕੀ ਦੇ ਪੰਜ ਉਦੇਸ਼ਾਂ ਨੂੰ ਪੂਰੀ ਤਰ੍ਹਾਂ ਭੁਲਾ ਦਿੱਤਾ ਗਿਆ ਹੈ। ਭਾਸ਼ਾ ਵਿਭਾਗ ਵੱਲੋਂ ਹਰ ਸਾਲ, ਉਸ ਸਾਲ ਵਿਚ ਪ੍ਰਕਾਸ਼ਤ ਹੋਈਆਂ ਕੁਝ ਪੁਸਤਕਾਂ ਨੂੰ ਸਰਵੋਤਮ ਪੁਸਤਕ ਪੁਰਸਕਾਰ ਦਿੱਤਾ ਜਾਂਦਾ ਹੈ। ਇਨ੍ਹਾਂ ਨਿਯਮਾਂ ਅਨੁਸਾਰ, ਇਨ੍ਹਾਂ ਪੁਸਤਕਾਂ ਦਾ ਮੁਲਾਂਕਣ ਸਲਾਹਕਾਰ ਬੋਰਡ ਵੱਲੋਂ ਹੋਣਾ ਚਾਹੀਦਾ ਹੈ। ਇਸ ਸਮੇਂ ਪੁਰਸਕਾਰਾਂ ਲਈ ਹੱਕੀ ਪੁਸਤਕਾਂ ਦੀ ਚੋਣ ਕਰਨ ਦੀ ਸਾਰੀ ਜ਼ਿੰਮੇਵਾਰੀ ਭਾਸ਼ਾ ਵਿਭਾਗ ਆਪ ਨਿਭਾਉਂਦਾ ਹੈ। ਲੇਖਕਾਂ, ਮ੍ਰਿਤਕ ਲੇਖਕਾਂ ਦੇ ਆਸ਼ਰਿਤਾਂ, ਸਾਹਿਤ ਸਭਾਵਾਂ ਅਤੇ ਲਾਇਬ੍ਰੇਰੀਆਂ ਆਦਿ ਨੂੰ ਸਰਕਾਰ ਵੱਲੋਂ ਦਿੱਤੀ ਜਾਂਦੀ ਮਾਲੀ ਸਹਾਇਤਾ ਦਾ ਪ੍ਰਸਤਾਵ ਭਾਸ਼ਾ ਵਿਭਾਗ ਆਪਣੇ ਤੌਰ ਤੇ ਤਿਆਰ ਕਰਦਾ ਹੈ। ਸਲਾਹਕਾਰ ਬੋਰਡ, ਮੀਟਿੰਗ ਸਮੇਂ, ਉਨ੍ਹਾਂ ਪ੍ਰਸਤਾਵਾਂ ਵਿਚ ਛੋਟੀ-ਮੋਟੀ ਤਬਦੀਲੀ ਕਰਕੇ ਪ੍ਰਸਤਾਵਾਂ ਨੂੰ ਬਸ ਪ੍ਰਵਾਨਗੀ ਹੀ ਦਿੰਦਾ ਹੈ। ਦਸੰਬਰ 2020 ਵਾਲੀ ਬੈਠਕ ਵਿਚ ਇਨ੍ਹਾਂ ਮੱਦਾਂ ਤੇ ਵਿਚਾਰ ਕੀਤੀ ਹੀ ਨਹੀਂ ਗਈ।

ਇਨ੍ਹਾਂ ਨਿਯਮਾਂ ਅਨੁਸਾਰ ਸਲਾਹਕਾਰ ਬੋਰਡ ਦੇ ਮੈਂਬਰ ਨੂੰ ਲਗਾਤਾਰ ਕੇਵਲ ਦੋ ਵਾਰੀਆਂ ਲਈ, ਭਾਵ ਛੇ ਸਾਲ, ਨਿਯੁਕਤ ਕੀਤਾ ਜਾ ਸਕਦਾ ਹੈ। ਦੋ ਵਾਰ ਰਹੇ ਮੈਂਬਰ ਨੂੰ ਤੀਜੀ ਵਾਰ ਤਿੰਨ ਸਾਲਾਂ ਦੇ ਵਕਫ਼ੇ ਬਾਅਦ ਹੀ ਮੈਂਬਰ ਨਿਯੁਕਤ ਕੀਤਾ ਜਾ ਸਕਦਾ ਹੈ। ਇਸ ਸਮੇਂ ਕਈ ਵਿਅਕਤੀ ਦਹਾਕਿਆਂ ਤੋਂ ਬੋਰਡ ਮੈਂਬਰ ਚਲੇ ਆ ਰਹੇ ਹਨ। ਜਿਵੇਂ ਸਰਦਾਰ ਪੰਛੀ, ਦੀਪਕ ਮਨਹੋਹਨ ਸਿੰਘ ਅਤੇ ਸੁਰਜੀਤ ਪਾਤਰ। ਲੰਬੇ ਸਮੇਂ ਤੱਕ ਮੈਂਬਰ ਰਹਿਣ ਕਾਰਨ ਉਨ੍ਹਾਂ ਦਾ ਪ੍ਰਭਾਵ ਭਾਸ਼ਾ ਵਿਭਾਗ ਵਿਚ ਤਾਂ ਬਣਨਾ ਹੀ ਹੈ ਹੋਰ ਸੰਸਥਾਵਾਂ ਦੇ ਕਾਰਜਾਂ ਵਿਚ ਵੀ ਦਖਲਅੰਦਾਜ਼ੀ ਕਰਨ ਦੇ ਯੋਗ ਵੀ ਹੋ ਗਏ ਹਨ।

ਇਨ੍ਹਾਂ ਨਿਯਮਾਂ ਅਨੁਸਾਰ ਸਲਾਹਕਾਰ ਬੋਰਡ ਵਿਚ ਪੰਜਾਬੀ, ਹਿੰਦੀ, ਉਰਦੂ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਤਿੰਨ-ਤਿੰਨ ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ। ਇਨ੍ਹਾਂ ਮੈਂਬਰਾਂ ਦੀ ਜ਼ਿੰਮੇਵਾਰੀ ਇਨ੍ਹਾਂ ਭਾਸ਼ਾਵਾਂ ਦੇ ਵਿਕਾਸ ਲਈ ਨਵੇਂ ਸੁਝਾਅ ਦੇਣ ਅਤੇ ਯੋਜਨਾਵਾਂ ਬਣਾ ਕੇ ਵਿਭਾਗ ਨੂੰ ਸੌਂਪਣ ਦੀ ਲਾਈ ਗਈ ਹੈ। ਇਸ ਸਮੇਂ, ਸਲਾਹਕਾਰ ਬੋਰਡ ਦਾ ਕੋਈ ਵੀ ਮੈਂਬਰ ਇਹ ਜ਼ਿੰਮੇਵਾਰੀ ਨਹੀਂ ਨਿਭਾਉਂਦਾ। ਮੈਂਬਰ ਕੇਵਲ ਪੁਰਸਕਾਰਾਂ ਦੀ ਚੋਣ ਸਮੇਂ ਹੀ ਆਪਣੀ ਭੂਮਿਕਾ ਨਿਭਾਉਂਦੇ ਹਨ।

ਜੇ ਇਹ ਨਿਯਮ ਇੰਨ-ਬਿੰਨ ਲਾਗੂ ਕੀਤੇ ਗਏ ਹੁੰਦੇ ਤਾਂ ਹੁਣ ਤੱਕ ਸ਼੍ਰੀ ਐਨ.ਐਸ.ਰਤਨ ਦਾ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਬੁਲੰਦੀਆਂ ਤੇ ਪਹੁੰਚਾਉਣ ਦਾ ਸੁਪਨਾ ਪੂਰਾ ਹੋ ਗਿਆ ਹੁੰਦਾ। ਹਾਲੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਇਨ੍ਹਾਂ ਨਿਯਮਾਂ ਨੂੰ ਰੱਦੀ ਦੀ ਟੋਕਰੀ ਵਿਚੋਂ ਕੱਢ ਕੇ ਅਤੇ ਲਾਗੂ ਕਰਕੇ ਪੰਜਾਬੀ ਭਾਸ਼ਾ ਦੇ ਵਿਕਾਸ ਦਾ ਰਾਹ ਪੱਧਰਾ ਕੀਤਾ ਜਾ ਸਕਦਾ ਹੈ। ਇੰਝ ਹੋਣਾ ਹੀ ਚਾਹੀਦਾ ਹੈ।

ਇਨ੍ਹਾਂ ਨਿਯਮਾਂ ਦੀ ਪਿੱਠ ਭੂਮੀ ਵਿਚ, ਜੂਨ 2020 ਵਿਚ ਨਵੇਂ ਬਣੇ ਰਾਜ ਸਲਾਹਕਾਰ ਬੋਰਡ ਦੇ ਗਠਨ ਅਤੇ ਇਸ ਦੀ ਪੁਰਸਕਾਰਾਂ ਦੀ ਚੋਣ ਸਮੇਂ ਦੀ ਕਾਰਗੁਜਾਰੀ ਮੁਲਾਂਕਣ ਕੀਤਾ ਸਕਦਾ ਹੈ।

ਪੰਜਾਬ ਸਰਕਾਰ ਵੱਲੋਂ ਨਵੇਂ ਰਾਜ ਸਲਾਹਕਾਰ ਬੋਰਡ ਦਾ ਗਠਨ 3 ਜੂਨ 2020 ਨੂੰ ਅਧਿਸੂਚਨਾ ਜਾਰੀ ਕਰਕੇ ਕੀਤਾ ਗਿਆ। ਆਮ ਵਾਂਗ ਬੋਰਡ ਦੇ ਮੈਂਬਰਾਂ ਨੂੰ ਦੋ ਸ੍ਰੇਣੀਆਂ ਵਿਚ ਵੰਡਿਆ ਗਿਆ। ਪਹਿਲੀ ਸ੍ਰੇਣੀ ਵਿਚ 'ਅਹੁੱਦੇ ਵਜੋਂ ਨਾਮਜ਼ਦ ਮੈਂਬਰ' ਸ਼ਾਮਲ ਕੀਤੇ ਗਏ। ਇਨ੍ਹਾਂ ਵਿਚੋਂ ਨੌ ਸਰਕਾਰੀ ਅਧਿਕਾਰੀ, ਦੋ ਯੂਨੀਵਰਸਿਟੀਆਂ (ਪੰਜਾਬੀ ਅਤੇ ਗੁਰੂ ਨਾਨਕ ਦੇਵ) ਦੇ ਵਾਈਸ ਚਾਂਸਲਰ ਅਤੇ ਪੰਜ ਸਾਹਿਤਕ ਸੰਸਥਾਵਾਂ ਦੇ ਨੁਮਾਇੰਦੇ ਹਨ। ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ ਇਸ ਬੋਰਡ ਦੇ ਚੇਅਰਮੈਨ ਅਤੇ ਭਾਸ਼ਾ ਵਿਭਾਗ ਦੇ ਪ੍ਰਬੰਧਕੀ ਸਕੱਤਰ ਵਾਈਸ ਚੇਅਰਮੈਨ ਹਨ।

ਦੂਜੀ ਸ੍ਰੇਣੀ ਵਿਚ 'ਗੈਰ-ਸਰਕਾਰੀ ਮੈਂਬਰ' ਨਿਯੁਕਤ ਕੀਤੇ ਗਏ। ਇਹ ਨਿੱਜੀ ਰੂਪ ਵਿਚ ਨਿਯੁਕਤ ਹੁੰਦੇ ਹਨ। ਇਨ੍ਹਾਂ ਮੈਂਬਰਾਂ ਦੀਆਂ ਅਗਾਂਹ ਦੋ ਸ਼੍ਰੇਣੀਆਂ ਹਨ। ਪਹਿਲੀ ਵਿਚ ਪੰਜਾਬੀ, ਹਿੰਦੀ, ਉਰਦੂ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਸਾਹਿਤਕਾਰ/ਵਿਦਵਾਨ ਹੁੰਦੇ ਹਨ। ਦੂਜੀ ਵਿਚ ਮੀਡੀਆ, ਕਲਾ, ਸਾਇੰਸ ਅਤੇ ਲੋਕ ਗਾਇਕੀ ਆਦਿ ਨਾਲ ਸਬੰਧਤ ਕਲਾਕਾਰ, ਗਾਇਕ ਅਤੇ ਇਨ੍ਹਾਂ ਸ਼੍ਰੇਣੀਆਂ ਦੇ ਚਿੰਤਕ। ਇਨ੍ਹਾਂ ਦੀ ਗਿਣਤੀ 29 ਹੈ।

ਇਸ ਤਰ੍ਹਾਂ ਪਹਿਲੀ ਅਧਿਸੂਚਨਾ ਰਾਹੀਂ ਬੋਰਡ ਦੇ ਕੁੱਲ 45 ਮੈਂਬਰ ਨਿਯੁਕਤ ਕੀਤੇ ਗਏ।

ਫੇਰ ਮਹਿਸੂਸ ਕੀਤਾ ਗਿਆ ਕਿ ਕੁਝ ਸ਼੍ਰੇਣੀਆਂ ਦੇ ਨੁਮਾਇੰਦੇ ਬੋਰਡ ਵਿਚ ਸ਼ਾਮਲ ਹੋਣੋ ਰਹਿ ਗਏ। ਇਸ ਘਾਟ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਵੱਲੋਂ ਇੱਕ ਹੋਰ ਅਧਿਸੂਚਨਾ (15 ਜੁਲਾਈ 2020 ਨੂੰ) ਜਾਰੀ ਕੀਤੀ ਗਈ। ਇਸ ਅਧਿਸੂਚਨਾ ਰਾਹੀਂ ਬਾਲ ਸਾਹਿਤ, ਰਾਗੀ, ਢਾਡੀ/ਕਵਿਸ਼ਰ, ਟੈਲਵੀਜ਼ਨ/ਰੇਡੀਓ/ਫਿਲਮ ਅਤੇ ਸਾਹਿਤਕ ਪੱਤਰਕਾਰਤਾ ਨਾਲ ਸਬੰਧਤ ਪੰਜ ਹੋਰ ਮੈਂਬਰ ਨਿਯੁਕਤ ਕੀਤੇ ਗਏ। ਕਿਸੇ ਕਾਰਨ ਡਾ.ਆਤਮਜੀਤ ਸਿੰਘ ਵੱਲੋਂ ਅਸਤੀਫ਼ਾ ਦੇ ਦਿੱਤਾ ਗਿਆ। ਉਨ੍ਹਾਂ ਦੀ ਥਾਂ ਕੇਵਲ ਧਾਲੀਵਾਲ ਨੂੰ ਮੈਂਬਰ ਬਣਾ ਦਿੱਤਾ ਗਿਆ।

ਇਸੇ ਦੋਰਾਨ ਭਾਸ਼ਾ ਵਿਭਾਗ ਵੱਲੋਂ ਸਲਾਹਕਾਰ ਬੋਰਡ ਦੀ ਮੀਟਿੰਗ ਵਿੱਚ ਵਿਚਾਰਿਆ ਜਾਣ ਵਾਲਾ ਏਜੰਡਾ ਤਿਆਰ ਕਰ ਲਿਆ ਗਿਆ। ਏਜੰਡੇ ਵਿਚ ਅੱਠ ਮੱਦਾਂ ਰੱਖੀਆਂ ਗਈਆਂ। ਸਲਾਹਕਾਰ ਬੋਰਡ ਦੀ ਇਕੱਤਰਤਾ ਮਿਤੀ 03. ਦਸੰਬਰ 2020 ਅਤੇ ਸਕਰੀਨਿੰਗ ਕਮੇਟੀ ਦੀ ਮੀਟਿੰਗ 01 ਦਸੰਬਰ 2020 ਨੂੰ ਹੋਣੀ ਤਹਿ ਹੋਈ। ਬੈਠਕਾਂ ਤਹਿ ਹੋਣ ਬਾਅਦ, ਇਹ ਏਜੰਡਾ 25 ਨਵੰਬਰ ਤੋਂ ਮੈਂਬਰਾਂ ਨੂੰ ਭੇਜਿਆ ਜਾਣਾ ਸ਼ੁਰੂ ਕੀਤਾ ਗਿਆ।

ਸਲਾਹਕਾਰ ਬੋਰਡ ਦੇ ਮੈਂਬਰ ਡਾ.ਜਸਵਿੰਦਰ ਸਿੰਘ ਦੀ ਪਤਨੀ ਡਾ.ਧਨਵੰਤ ਕੌਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਡਾ.ਤੇਜਵੰਤ ਮਾਨ ਦਾ ਆਪਣਾ ਨਾਂ ਭਾਸ਼ਾ ਵਿਭਾਗ ਵੱਲੋਂ ਪੁਰਸਕਾਰਾਂ ਲਈ ਸੁਝਾਏ ਨਾਂਵਾਂ ਦੀਆਂ ਸੂਚੀਆਂ ਵਿਚ ਸ਼ਾਮਲ ਸੀ।

ਪੰਜਾਬੀ ਸਾਹਿਤ ਵਿੱਚ ਮੱਸ ਰੱਖਣ ਵਾਲੇ ਹਰ ਵਿਅਕਤੀ ਨੂੰ ਪਤਾ ਹੈ ਕਿ ਸਾਲ 2008 ਅਤੇ 2007 ਦੇ ਪੁਰਸਕਾਰਾਂ ਦੀ ਚੋਣ ਲਈ ਜੋ ਬੋਰਡ ਬਣਾਇਆ ਗਿਆ ਸੀ ਜਸਵੰਤ ਸਿੰਘ ਕੰਵਲ, ਦਲੀਪ ਕੋਰ ਟਿਵਾਣਾ, ਸਿੱਧੂ ਦਮਦਮੀ, ਚੰਦਰ ਤ੍ਰਿਖਾ, ਛੋਟੂ ਰਾਮ ਮੋਦਗਿਲ, ਡਾ ਕਰਨੈਲ ਸਿੰਘ ਥਿੰਦ, ਡਾ ਰਵਿੰਦਰ ਕੋਰ ਅਤੇ ਡਾ. ਧੰਨਵੰਤ ਕੋਰ ਉਸਦੇ ਮੈਂਬਰ ਸਨ। ਇਨ੍ਹਾਂ ਵਿੱਚੋਂ ਪਹਿਲੇ ਸੱਤ ਨੇ ਆਪਣੇ ਆਪ ਨੂੰ ਅਤੇ ਅੱਠਵੇਂ ਨੇ ਆਪਣੇ ਜੀਵਣ ਸਾਥੀ ਨੂੰ ਪੁਰਸਕਾਰਾਂ ਲਈ ਚੁਣ ਲਿਆ ਸੀ। ਸਲਾਹਕਾਰ ਬੋਰਡ ਦੇ ਇਸ ਗੈਰ ਕਾਨੂੰਨੀ ਅਤੇ ਅਨੈਤਿਕ ਫੈਸਲੇ ਨੂੰ ਮਾਂ ਬੋਲੀ ਨੂੰ ਮੋਹ ਕਰਨ ਵਾਲੇ ਸ੍ਰੀ ਪੀ.ਸੀ. ਜੋਸ਼ੀ ਵੱਲੋਂ ਹਾਈ ਕੋਰਟ ਵਿੱਚ ਚਣੋਤੀ ਦਿੱਤੀ ਗਈ। ਸੁਣਵਾਈ ਦੌਰਾਣ, ਹਾਈ ਕੋਰਟ ਦੀ ਮੰਗ ਤੇ, ਪੰਜਾਬ ਸਰਕਾਰ ਨੇ ਹਲਫੀਆ ਬਿਆਨ ਦੇ ਕੇ ਭਰੋਸਾ ਦਿਤਾ 'ਕਿ ਸਾਲ 2009 ਤੋਂ ਵਿਭਾਗ ਵੱਲੋ਼ ਅਜਿਹੀ ਨੀਤੀ ਅਪਣਾਈ ਜਾਵੇਗੀ ਕਿ ਬੋਰਡ ਦੇ ਮੌਜੂਦਾ ਮੈਂਬਰਾਂ ਦੇ ਹਿੱਤ ਪੁਰਸਕਾਰਾਂ ਦੇ ਆੜੇ ਨਾ ਆਉਣ' । ਹਾਈ ਕੋਰਟ ਵੱਲੋ਼, ਇਸ ਭਰੋਸੇ ਨੂੰ ਧਿਆਨ ਵਿੱਚ ਰੱਖ ਕੇ ਪੰਜਾਬ ਸਰਕਾਰ ਨੂੰ, ਬੋਰਡ ਅਤੇ ਸਕਰੀਨਿੰਗ ਕਮੇਟੀ ਦੇ ਮੈਂਬਰਾਂ ਵਲੋਂ ਆਪਣਾਏ

ਜਾਣ ਵਾਲੇ ਜਾਬਤੇ ਬਾਰੇ ਦਿਸ਼ਾ ਨਿਰਦੇਸ਼ ਦਿੱਤੇ। ਹਾਈ ਕੋਰਟ ਦੇ ਨਿਰਦੇਸ਼ਾਂ ਤੇ ਅਮਲ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ 'ਪੁਰਸਕਾਰ ਨੀਤੀ' ਘੜਨ ਲਈ ਇਕ ਸਬ–ਕਮੇਟੀ ਬਣਾਈ ਗਈ। ਇਸ ਕਮੇਟੀ ਨੇ ਬੋਰਡ ਦੇ ਮੈਂਬਰਾਂ ਨੂੰ ਪੁਰਸਕਾਰਾਂ ਦੇ ਹੱਕ ਤੋਂ ਵਾਂਝਾਂ ਕਰਨ ਦੇ ਨਾਲ ਨਾਲ ਹੋਏ ਕਈ ਹੋਰ ਮਹੱਤਵਪੂਰਣ ਸੁਝਾਅ ਵੀ ਦਿੱਤੇ। ਇਕ ਇਹ ਕਿ ਜੇ ਕੋਈ ਮੈਂਬਰ ਪੁਰਸਕਾਰ ਪ੍ਰਾਪਤ ਕਰਨ ਦਾ ਇੱਛੁਕ ਹੋਵੇ ਤਾਂ ਉਹ ਪਹਿਲਾਂ ਆਪਣੀ ਮੈਂਬਰੀ ਤੋਂ ਅਸਤੀਫ਼ਾ ਦੇਵੇ। ਦੂਜਾ ਇਹ ਕਿ ਅਜਿਹੇ ਮੈਂਬਰ ਦਾ ਅਤੇ ਉਸਦੇ ਨੇੜੇ ਦੇ ਕਿਸੇ ਮੈਂਬਰ ਦਾ ਨਾਂ ਅਗਲੇ ਇੱਕ ਸਾਲ ਤੱਕ ਪੁਰਸਕਾਰ ਲਈ ਨਹੀਂ ਵਿਚਾਰਿਆ ਜਾਵੇਗਾ।

ਇਨ੍ਹਾਂ 'ਨਿਯਮਾਂ' ਅਤੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ.ਜਸਵਿੰਦਰ ਸਿੰਘ ਵੱਲੋਂ ਮਿਤੀ 23.11.2020 ਨੂੰ ਬੋਰਡ ਤੋਂ ਅਸਤੀਫ਼ਾ ਦੇਣ ਦੀ ਸੂਚਨਾ ਭਾਸ਼ਾ ਵਿਭਾਗ ਨੂੰ ਦਿੱਤੀ ਗਈ। ਡਾ.ਤੇਜਵੰਤ ਗਿੱਲ ਵੱਲੋਂ ਮਿਤੀ 27.11.2020 ਨੂੰ, ਬੋਰਡ ਦੀ ਮਿਟਿੰਗ ਤੋਂ ਸੱਤ ਦਿਨ ਪਹਿਲਾਂ, ਭਾਸ਼ਾ ਵਿਭਾਗ ਨੂੰ ਸੂਚਿਤ ਕੀਤਾ ਗਿਆ ਕਿ 'ਮੇਰਾ ਨਾਂ ਸਾਹਿਤ ਸ਼੍ਰੋਮਣੀ ਪੁਰਸਕਾਰ ਲਈ ਵਿਚਾਰ ਅਧੀਨ ਹੈ ਇਸ ਲਈ ਮੈਂ ਰਾਜ ਸਲਾਹਕਾਰ ਬੋਰਡ ਦੀ ਮੀਟਿੰਗ ਵਿਚ ਨਿਯਮਾਂ ਅਨੁਸਾਰ ਹਾਜਰ ਨਹੀਂ ਹੋ ਸਕਦਾ'। ਉਨ੍ਹਾਂ ਵੱਲੋਂ ਭਾਸ਼ਾ ਵਿਭਾਗ ਨੂੰ ਇਹ ਵੀ ਦੱਸਿਆ ਗਿਆ ਕਿ ਸਲਾਹਕਾਰ ਬੋਰਡ ਦੀ ਮੀਟਿੰਗ ਵਿਚ ਉਨ੍ਹਾਂ ਦੀ ਥਾਂ ਕੇਂਦਰੀ ਪੰਜਾਬੀ ਲੇਖਕ ਸਭਾ(ਸੇਖੋਂ) ਦੇ ਜਨਰਲ ਸਕੱਤਰ ਸ਼ਾਮਲ ਹੋਣਗੇ। ਡਾ. ਤੇਜਵੰਤ ਮਾਨ ਵੱਲੋਂ ਬੋਰਡ ਤੋਂ ਅਸਤੀਫਾ ਨਹੀਂ ਦਿੱਤਾ ਗਿਆ। ਕੇਵਲ ਬੋਰਡ ਦੀ ਇਸ ਮੀਟਿੰਗ ਤੋਂ ਹਾਜ਼ਰੀ ਮੁਆਫ ਕਰਾਈ ਗਈ।

ਇਨ੍ਹਾਂ ਤਬਦੀਲੀਆਂ ਬਾਅਦ ਰਾਜ ਸਲਾਹਕਾਰ ਬੋਰਡ ਦੇ ਮੈਂਬਰਾਂ ਦੀ ਗਿਣਤੀ 49 ਰਹਿ ਗਈ।

ਬਾਅਦ ਵਿਚ ਸਲਾਹਕਾਰ ਬੋਰਡ ਵੱਲੋਂ ਡਾ.ਧਨਵੰਤ ਕੌਰ ਨੂੰ 'ਅਲੋਚਕ/ਖੋਜ ਪੁਰਸਕਾਰ' ਲਈ ਅਤੇ ਡਾ.ਤੇਜਵੰਤ ਮਾਨ ਨੂੰ 'ਪੰਜਾਬੀ ਸਾਹਿਤ ਰਤਨ' ਪੁਰਸਕਾਰ' ਲਈ ਚੁਣ ਲਿਆ ਗਿਆ। ਸਲਾਹਕਾਰ ਬੋਰਡ ਦੀ ਮੀਟਿੰਗ ਤੋਂ ਕੁਝ ਦਿਨ ਪਹਿਲਾਂ ਦਿੱਤੇ ਅਸਤੀਫ਼ੇ ਅਤੇ ਦੋਹਾਂ ਦੀ ਪੁਰਸਕਾਰਾਂ ਲਈ ਹੋਈ ਚੋਣ ਤੋਂ ਸਿੱਧ ਹੁੰਦਾ ਹੈ ਕਿ ਡਾ.ਜਸਵਿੰਦਰ ਸਿੰਘ ਅਤੇ ਡਾ.ਤੇਜਵੰਤ ਮਾਨ ਨੂੰ ਅਗਾਂਹ ਹੋਣ ਵਾਲੇ ਫ਼ੈਸਲਿਆਂ ਦੀ ਪਹਿਲਾਂ ਹੀ ਸੂਹ ਮਿਲ ਚੁੱਕੀ ਸੀ।

ਡਾ ਧੰਨਵੰਤ ਕੌਰ ਅਤੇ ਡਾ ਮਾਨ ਨੂੰ ਪੁਰਸਾਰ ਲਈ ਚੁਣ ਕੇ ਇਸ ਸਲਾਹਕਾਰ ਬੋਰਡ ਨੇ ਪਹਿਲੇ ਸਲਾਹਕਾਰ ਬੋਰਡ ਦੇ ਫ਼ੈਸਲੇ ਅਤੇ ਹਾਈ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਦੀਆਂ ਧੱਜੀਆਂ ਉਡਾਈਆਂ।

ਡਾ ਜਸਵਿੰਦਰ ਸਿੰਘ ਦਾ ਅਸਤੀਫਾ ਮੰਜ਼ੂਰ ਹੋਇਆ ਜਾਂ ਨਹੀਂ ਇਸ ਬਾਰੇ ਭਾਸ਼ਾ ਵਿਭਾਗ ਨੇ ਜਾਣਕਾਰੀ ਨਹੀਂ ਦਿੱਤੀ।

**ਸਲਾਹਕਾਰ ਬੋਰਡ ਦੀ ਕਾਰਗੁਜ਼ਾਰੀ**

ਪੁਰਸਕਾਰਾਂ ਦੀ ਚੋਣ ਲਈ ਸਲਾਹਕਾਰ ਬੋਰਡ ਦੀ ਬੈਠਕ 03 ਦਸੰਬਰ 2020 ਨੂੰ ਹੋਈ। ਮੀਟਿੰਗ ਵਿਚ ਪ੍ਰੋ.ਚਮਨ ਲਾਲ ਜੋ ਕਿ ਬੋਰਡ ਵਿਚ ਹਿੰਦੀ ਭਾਸ਼ਾ ਦੀ ਪ੍ਰਤੀਨਿਧਤਾ ਕਰ ਰਹੇ ਸਨ, ਵੀ ਹਾਜ਼ਰ ਸਨ। ਮੀਟਿੰਗ ਵਿਚ ਜਿਸ ਢੰਗ ਨਾਲ ਪੁਰਸਕਾਰਾਂ ਦੀ ਚੋਣ ਹੋਈ ਉਸ ਨੇ ਪ੍ਰੋ.ਸਾਹਿਬ ਨੂੰ ਹੈਰਾਨ, ਪਰੇਸ਼ਾਨ ਅਤੇ ਆਹਤ ਕੀਤਾ। ਸਾਰੀ ਚੋਣ ਪ੍ਰਕ੍ਰਿਆ ਨੂੰ ਸਾਜ਼ਿਸ਼ੀ ਠਹਿਰਾ ਕੇ ਅਤੇ ਕੁੱਝ ਫੈਸਲਿਆਂ ਨਾਲ ਅਸਹਿਮਤੀ ਪਰਗਟਾ ਕੇ ਉਨ੍ਹਾਂ ਨੇ ਇੱਕ ਲੰਬੀ-ਚੌੜੀ ਚਿੱਠੀ ਸਲਾਹਕਾਰ ਬੋਰਡ ਦਾ ਚੇਅਰਪਰਸਨ ਅਤੇ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਦੇ ਮੰਤਰੀ ਨੂੰ ਲਿਖੀ। ਚਿੱਠੀ ਵਿਚ ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਕਿ 'ਬੋਰਡ ਦਾ ਇੱਕ ਮੈਂਬਰ ਆਪਣੀ ਰਾਏ ਪੂਰੇ ਬੋਰਡ ਤੇ ਠੋਸ ਰਿਹਾ ਸੀ'। ਸਪੱਸ਼ਟ ਹੈ ਕਿ ਉਹ ਮੈਂਬਰ ਸਲਾਹਕਾਰ ਬੋਰਡ ਦੇ ਇਕ ਪ੍ਰਭਾਵਸ਼ਾਲੀ ਧੜੇ ਦੀ ਪ੍ਰਤੀਨਿਧਤਾ ਕਰ ਰਿਹਾ ਸੀ। ਉਸ ਪ੍ਰਭਾਵਸ਼ਾਲੀ ਮੈਂਬਰ ਤੋਂ ਇਲਾਵਾ ਬੋਰਡ ਦੇ ਕੁਝ ਹੋਰ ਮੈਂਬਰਾਂ ਨੇ ਵੀ ਆਪਣੀ ਚੋਣ ਬੋਰਡ ਤੇ ਠੋਸੀ। ਕਈ ਮੈਂਬਰਾਂ ਨੂੰ ਆਪਣੀ ਨਿਰਪੱਖ ਰਾਏ ਰੱਖਣ ਦਾ ਮੌਕਾ ਤੱਕ ਨਹੀਂ ਦਿੱਤਾ ਗਿਆ। ਸ਼੍ਰੋਮਣੀ ਹਿੰਦੀ ਸਾਹਿਤਕਾਰ ਪੁਰਸਕਾਰ ਦੀ ਚੋਣ ਸਮੇਂ ਹਿੰਦੀ ਭਾਸ਼ਾ ਦੀ ਨੁਮਾਇੰਦਗੀ ਕਰਨ ਦੇ ਬਾਵਜੂਦ ਪ੍ਰੋ.ਚਮਨ ਲਾਲ ਨੂੰ ਹਿੰਦੀ ਭਾਸ਼ਾ ਦੇ ਸਾਹਿਤਕਾਰਾਂ ਦੀ ਯੋਗਤਾ ਬਾਰੇ ਬੋਲਣ ਨਹੀਂ ਦਿੱਤਾ ਗਿਆ। ਮੀਟਿੰਗ ਵਿਚ ਉਮੀਦਵਾਰਾਂ ਦੀ ਯੋਗਤਾ ਤੇ ਚਰਚਾ ਨਹੀਂ ਹੋਈ। 'ਪੰਜਾਬੀ ਸਾਹਿਤ ਰਤਨ' ਵਰਗੇ ਵੱਡੇ ਪੁਰਸਕਾਰ ਲਈ ਹੱਕੀ ਸਾਹਿਤਕਾਰਾਂ ਦੀ ਚੋਣ ਸਮੇਂ, (ਪ੍ਰੋ.ਚਮਨ ਲਾਲ ਅਨੁਸਾਰ), ਕਈ ਵੱਡੇ ਸਾਹਿਤਕਾਰਾਂ ਦੇ ਨਾਂ ਬਿਨ੍ਹਾਂ ਚਰਚਾ ਤੋਂ

ਰੱਦ ਕਰ ਦਿੱਤੇ ਗਏ। ਜੇ ਕਿਸੇ ਉਮੀਦਵਾਰ ਦੀ ਚੋਣ ਤੇ ਸਰਬ-ਸੰਮਤੀ ਨਹੀਂ ਸੀ ਬਣ ਸਕੀ ਤਾਂ ਚਾਹੀਦਾ ਇਹ ਸੀ ਕਿ ਵਿਵਾਦਤ ਉਮੀਦਵਾਰ ਦੀ ਪੁਰਸਕਾਰ ਲਈ ਯੋਗਤਾ ਤੇ ਖੁੱਲ ਕੇ ਚਰਚਾ ਹੁੰਦੀ। ਪਰ ਚਰਚਾ ਦੀ ਥਾਂ ਬੋਰਡ ਦੇ ਮੈਂਬਰਾਂ ਨੇ ਆਪਣੀ ਰਾਏ ਉਸ ਦੇ ਹੱਕ ਵਿਚ ਹੱਥ ਖੜੇ ਕਰਕੇ, ਯਾਨੀ ਵੋਟਾਂ ਪਾ ਕੇ ਦਿਤੀ। ਅਫਸੋਸਨਾਕ ਵਰਤਾਰਾ ਇਹ ਰਿਹਾ ਕਿ ਕੇਵਲ ਚਾਰ ਮੈਂਬਰਾਂ ਨੇ ਅਜੀਤ ਕੌਰ ਵਰਗੀ ਸੰਸਾਰ ਪ੍ਰਸਿਧ ਸਾਹਿਤਕਾਰ ਦੇ ਹੱਕ ਵਿਚ ਹੱਥ ਖੜੇ ਕੀਤੇ।

ਚੋਣ ਦੇ ਨਿਰਪੱਖ ਨਾ ਹੋਣ ਦੀ ਪ੍ਰੋ.ਚਮਨ ਲਾਲ ਨੇ ਇਕ ਹੋਰ ਉਦਾਹਰਣ ਦਿੱਤੀ ਹੈ। ਉਨ੍ਹਾਂ ਅਨੁਸਾਰ ਲਾਹੌਰ ਦੇ ਜਨਮੇ ਸਤਯੇਂਦਰ ਤਨੇਜਾ ਅਤੇ ਸੁਧਾ ਅਰੋੜਾ, ਮੀਆਂਵਾਲੀ ਦੇ ਜਨਮੇ ਹਰਦਰਸ਼ਨ ਸਹਿਗਲ ਅਤੇ ਓਕਾੜਾ ਦੇ ਜਨਮੇ ਜੈ ਦੇਵ ਤਨੇਜਾ ਵਰਗੇ ਸੰਸਾਰ ਪ੍ਰਸਿੱਧ ਸਾਹਿਤਕਾਰਾਂ/ ਗਲਪਕਾਰਾਂ ਦੀ ਬੋਰਡ ਨੇ ਅਣਦੇਖੀ ਕੀਤੀ। ਜਿਨ੍ਹਾਂ ਸਾਹਿਤਕਾਰਾਂ ਨੂੰ ਸ਼੍ਰੋਮਣੀ ਹਿੰਦੀ ਪੁਰਸਕਾਰਾਂ ਨਾਲ ਨਿਵਾਜ਼ਿਆ ਗਿਆ ਉਹ ਉਨ੍ਹਾਂ ਦੇ ਕੱਦਾਂ ਤੋਂ ਬਹੁਤ ਛੋਟੇ ਹਨ।

ਪ੍ਰੋ ਚਮਨ ਲਾਲ ਦੇ ਦੋਸ਼ਾਂ ਦੀ ਪੁਸ਼ਟੀ ਸਲਾਹਕਾਰ ਬੋਰਡ ਨੇ ਜਿਵੇਂ  ਸਕਰੀਨਿੰਗ ਕਮੇਟੀ ਦੇ ਬਣਾਏ ਪੈਨਲਾਂ ਦੀਆਂ ਧੱਜੀਆਂ ਉਡਾਈਆਂ ਉਹ ਤੋਂ ਹੁੰਦੀ ਹੈ। ਸਕਰੀਨਿੰਗ ਕਮੇਟੀ ਵੱਲੋਂ ਵੱਖ-ਵੱਖ ਪੁਰਸਕਾਰਾਂ ਲਈ ਬਣਾਏ ਗਏ ਵੱਖ-ਵੱਖ ਪੈਨਲਾਂ ਵਿਚ ਜਿਹੜੇ ਨਾਂ ਪਹਿਲੇ ਨੰਬਰ ਤੇ ਰੱਖੇ ਸਨ ਉਨ੍ਹਾਂ ਵਿਚੋਂ ਸਲਾਹਕਾਰ ਬੋਰਡ ਨੇ 12 ਨਾਂ ਬਦਲੇ। 2017 ਦੇ ਹਿੰਦੀ ਦੇ ਪੁਰਸਕਾਰ ਲਈ ਹਰਸ਼ ਕੁਮਾਰ ਹਰਸ਼ ਦੀ ਥਾਂ ਰਾਜੀ ਸੇਠ (ਇਹ ਨਾਂ ਸਕਰੀਨਿੰਗ ਕਮੇਟੀ ਵੱਲੋਂ ਸੁਝਾਇਆ ਹੀ ਨਹੀਂ ਸੀ ਗਿਆ), ਉਰਦੂ ਪੁਰਸਕਾਰ ਲਈ ਕ੍ਰਿਸ਼ਨ ਕੁਮਾਰ ਤੂਰ ਦੀ ਥਾਂ ਮੁਹੰਮਦ ਬਸ਼ੀਰ, ਸੰਸਕ੍ਰਿਤ ਪੁਰਸਕਾਰ ਲਈ ਡਾ.ਅਰੁਣਾ ਗੋਇਲ ਦੀ ਥਾਂ ਸ਼ਰਨ ਕੌਰ, ਕਵੀ ਪੁਰਸਕਾਰ ਲਈ ਧਰਮ ਸਿੰਘ ਕੰਮੇਆਣਾ ਦੀ ਥਾਂ ਸ੍ਰੀ ਰਾਮ ਅਰਸ਼, ਗਿਆਨ ਪੁਰਸਕਾਰ ਲਈ ਡਾ.ਸ਼ਾਮ ਸੁੰਦਰ ਦੀਪਤੀ ਦੀ ਥਾਂ ਡਾ.ਗੁਰਸ਼ਰਨ ਕੌਰ ਜੱਗੀ, ਪੰਜਾਬੋਂ ਬਾਹਰ ਪੁਰਸਕਾਰ ਲਈ ਬਲਬੀਰ ਮਾਧੋਪੁਰੀ ਦੀ ਥਾਂ ਜੀ.ਡੀ. ਚੌਧਰੀ, ਪੱਤਰਕਾਰ ਪੁਰਸਕਾਰ ਲਈ ਲਾਟ ਭਿੰਡਰ ਦੀ ਥਾਂ ਜਗੀਰ ਸਿੰਘ ਜਗਤਾਰ, ਰਾਗੀ ਪੁਰਸਕਾਰ ਲਈ ਸੁਖਵੰਤ ਸਿੰਘ ਟਾਂਗਰਾ ਅਤੇ ਭਾਈ ਰਾਏ ਸਿੰਘ ਦੀ ਥਾਂ ਕ੍ਰਮ ਅਨੁਸਾਰ ਡਾ.ਜਗਬੀਰ ਕੌਰ ਅਤੇ ਭਾਈ ਗੁਰਮੇਲ ਸਿੰਘ। ਟੈਲੀਵੀਜ਼ਨ/ਰੇਡੀਓ ਪੁਰਸਕਾਰ ਲਈ ਯੋਗਰਾਜ ਸੋਢਾ ਦੀ ਥਾਂ ਕੁਲਵਿੰਦਰ ਬੁੱਟਰ, ਨਾਟਕ/ਥੀਏਟਰ ਪੁਰਸਕਾਰ ਲਈ ਡਾ.ਸਵਰਾਜਬੀਰ ਸਿੰਘ ਦੀ ਥਾਂ ਸਤੀਸ਼ ਕੁਮਾਰ ਵਰਮਾ ਅਤੇ ਗਾਇਕ/ਸੰਗੀਤਕਾਰ ਪੁਰਸਕਾਰ ਲਈ ਮਨਮੋਹਨ ਵਾਰਿਸ ਦੀ ਥਾਂ ਪਾਲੀ ਦੇਤਵਾਲੀਆ ਦੇ ਨਾਂ ਚੁਣੇ ਗਏ।

ਸਲਾਹਕਾਰ ਬੋਰਡ ਨੂੰ ਇਨ੍ਹਾਂ ਤਬਦੀਲੀਆਂ ਦੀ ਲੋੜ ਕਿਉਂ ਪਈ?  ਇਸ ਬਾਰੇ ਆਪਣੀ ਬੈਠਕ ਦੀ ਕਾਰਵਾਈ ਵਿਚ ਇੱਕ ਅੱਖਰ ਤੱਕ ਨਹੀਂ ਲਿਖਿਆ।

ਸਲਾਹਕਾਰ ਬੋਰਡ ਵੱਲੋਂ ਸ਼੍ਰੋਮਣੀ ਰਾਗੀ ਪੁਰਸਕਾਰ ਸ਼੍ਰੇਣੀ ਲਈ ਸਕਰੀਨਿੰਗ ਕਮੇਟੀ ਵੱਲੋਂ ਤਿਆਰ ਕੀਤੇ  ਪੈਨਲਾਂ ਵਿੱਚ ਵੀ ਹੈਰਾਨੀ ਜਨਕ ਰਦੋ ਬਦਲ ਕੀਤੀ ਗਈ। ਸਕਰੀਨਿੰਗ ਕਮੇਟੀ ਨੇ 2019 ਦੇ ਪੁਰਸਕਾਰ ਲਈ ਭਾਈ ਸੁਖਵੰਤ ਸਿੰਘ ਟਾਂਗਰਾਂ ਅਤੇ 2020 ਦੇ ਪੁਰਸਕਾਰ ਲਈ ਭਾਈ ਰਾਏ ਸਿੰਘ ਨੂੰ ਆਪਣੇ ਪੈਨਲਾਂ ਵਿੱਚ ਪਹਿਲੀ ਥਾਂ ਤੇ ਰੱਖਿਆ ਸੀ। ਸਲਾਹਕਾਰ ਬੋਰਡ ਨੇ ਇਹ ਦੋਵੇਂ ਨਾਂ ਰੱਦ ਕਰ ਦਿੱਤੇ। ਸਕਰੀਨਿੰਗ ਕਮੇਟੀ ਵੱਲੋਂ ਸਾਲ 2020 ਦੇ ਪੈਨਲ ਲਈ ਦੂਜੀ ਥਾਂ ਤੇ ਰੱਖੀ ਡਾਕਟਰ ਜਗਬੀਰ ਕੋਰ ਨੂੰ 2019 ਦੇ ਪੁਰਸਕਾਰ ਅਤੇ ਸਕਰੀਨਿੰਗ ਕਮੇਟੀ ਵੱਲੋ਼ ਸਾਲ 2017 ਦੇ ਪੈਨਲ ਵਿੱਚ ਦੂਜੀ ਥਾਂ ਤੇ ਰੱਖੇ ਭਾਈ ਗੁਰਮੇਲ ਸਿੰਘ ਨੂੰ 2020 ਦੇ ਪੁਰਸਕਾਰ ਲਈ ਚੁਣਿਆ ਗਿਆ।

ਇਹ ਤਬਦੀਲੀਆਂ ਕਿਸ ਮੈਂਬਰ ਨੇ ਸੁਝਾਈਆਂ, ਕਿਨ੍ਹਾਂ ਕਾਰਨਾਂ ਕਰਕੇ ਮੰਨਜ਼ੂਰ ਹੋਈਆਂ ਬੋਰਡ ਦੀ ਮੀਟਿੰਗ ਦੀ ਕਾਰਵਾਈ ਵਿਚ ਇਹ ਦਰਜ ਹੋਣਾ ਚਾਹੀਦਾ ਸੀ। ਪਰ ਨਹੀਂ ਹੋਇਆ। ਸ਼ਾਇਦ ਇਸ ਲਈ ਕਿਉਂਕਿ ਬੋਰਡ ਕੋਲ ਇਨ੍ਹਾਂ ਤਬਦੀਲੀਆਂ ਦਾ ਕੋਈ ਠੋਸ ਅਧਾਰ ਹੈ ਹੀ ਨਹੀਂ ਸੀ।

ਪ੍ਰੋ ਚਮਨ ਲਾਲ ਦੇ ਦੋਸ਼ ਕਿ 'ਸਾਰੀ ਚੋਣ ਪੱਖਪਾਤੀ ਅਤੇ ਸਾਜਸ਼ੀ ਹੈ' ਦੀ ਪੁਸ਼ਟੀ ਚੋਣ ਪ੍ਰਕ੍ਰਿਆ ਵਿਚ ਅਪਣਾਏ ਜਾਂਦੇ ਇਕ ਅਤਰਕਸੰਗਤ ਤਰੀਕੇ ਤੋਂ ਭਲੀ ਭਾਂਤ ਹੋ ਜਾਂਦੀ ਹੈ। ਸਕਰੀਨਿੰਗ ਕਮੇਟੀ ਵਲੋਂ ਬਣਾਏ ਗਏ ਪੈਨਲਾਂ ਵਿਚ ਸ਼ਾਮਲ ਨਾਵਾਂ ਨੂੰ ਗੁੱਪਤ

ਰੱਖਣ ਦੇ ਬਹਾਨੇ ਲਫਾਫਿਆਂ ਵਿਚ ਪਾਇਆ ਅਤੇ ਲਫਾਫਿਆਂ ਨੂੰ ਸੀਲਬੰਦ ਕੀਤਾ ਜਾਂਦਾ ਹੈ। ਸਲਾਹਕਾਰ ਬੋਰਡ ਦੇ ਮੈਂਬਰਾਂ ਨੂੰ ਇਹ ਲਫਾਫੇ ਬੈਠਕ ਸ਼ੁਰੂ ਹੋਣ ਸਮੇਂ ਦਿੱਤੇ ਜਾਂਦੇ ਹਨ। ਇਸ ਵਾਰ ਪੈਨਲਾਂ ਵਿਚ 300 ਨਾਂ ਸ਼ਾਮਲ ਸਨ। ਕੋਈ ਮੈਂਬਰਾਂ ਫਿਲਮ ਵਾਂਗ, ਇੱਕ ਦਮ ਸਾਹਮਣੇ ਆਏ ਨਾਂ ਤੇ ਇਕ ਅੱਧ ਮਿੰਟ ਵਿਚ ਰਾਏ ਕਿਵੇਂ ਬਣਾ ਸਕਦਾ ਹੈ? ਮੈਂਬਰਾਂ ਨੂੰ, ਸੋਚ ਸਮਝ ਕੇ ਆਪਣੀ ਰਾਏ ਬਣਾਉਣ ਦਾ ਮੌਕਾ ਨਾ ਦੇਣ ਦੇ ਉਦੇਸ਼ ਨਾਲ ਅਪਣਾਇਆ ਗਿਆ ਚੋਣ ਦਾ ਇਹ ਢੰਗ, ਇਕ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਹੀ ਹੈ।

ਭਾਸ਼ਾ ਵਿਭਾਗ ਵੱਲੋਂ ਆਪਣੇ 2 ਏਜੰਡਿਆਂ ਵਿਚ ਪੁਰਸਕਾਰਾਂ ਲਈ ਕਰੀਬ 570 ਨਾਂ ਸੁਝਾਏ ਸਨ। ਉਨ੍ਹਾਂ ਵਿਚੋਂ ਸਕਰੀਨਿੰਗ ਕਮੇਟੀ ਨੇ ਆਪਣੇ ਪੈਨਲਾਂ ਲਈ 300 ਨਾਂ ਛਾਂਟੇ। ਮੈਂਬਰਾਂ ਨੂੰ ਏਜੰਡਿਆਂ ਵਿਚ ਸ਼ਾਮਲ ਸਾਰੇ 570 ਨਾਂਵਾਂ ਤੇ ਚਰਚਾ ਕਰਨ ਦਾ ਅਧਿਕਾਰ ਸੀ। ਬੋਰਡ ਪੈਨਲਾਂ ਤੋਂ ਬਾਹਰਲੇ ਕਿਸੇ ਉਮੀਦਵਾਰ ਦਾ ਨਾਂ ਵੀ ਵਿਚਾਰ ਸਕਦਾ ਸੀ। ਇੰਝ ਰਾਜੀ ਸੇਠ ਦੇ ਮਾਮਲੇ ਵਿਚ ਹੋਇਆ ਵੀ। ਜੇ ਇਕ ਉਮੀਦਵਾਰ ਤੇ ਇਕ ਮਿੰਟ ਵੀ ਚਰਚਾ ਹੋਈ ਹੁੰਦੀ ਤਾਂ ਵੀ ਮੀਟਿੰਗ ਨੌਂ ਤੋਂ ਦਸ ਘੰਟੇ ਚੱਲਣਾ ਸੀ। ਪੁਰਸਕਾਰਾਂ ਦੀ ਚੋਣ ਤੋਂ ਇਲਾਵਾ ਸਲਾਹਕਾਰ ਬੋਰਡ ਨੇ ਸਾਹਿਤਕਾਰਾਂ ਨੂੰ ਪੈਨਸ਼ਨ ਦੇਣ ਅਤੇ ਸਾਹਿਤ ਸਭਾਵਾਂ ਨੂੰ ਵਿੱਤੀ ਸਹਾਇਤਾ ਆਦਿ ਦੇਣ ਵਰਗੀਆਂ ਸੱਤ ਹੋਰ ਮੱਦਾਂ ਵੀ ਵਿਚਾਰਨੀਆਂ ਸਨ। ਪ੍ਰੋ ਚਮਨ ਲਾਲ ਅਨੁਸਾਰ ਮੀਟਿੰਗ ਮਸਾਂ ਤਿੰਨ ਸਾਡੇ ਤਿੰਨ ਘੰਟੇ ਚੱਲੀ। ਪੁਰਸਕਾਰਾਂ ਦੀ ਚੋਣ ਹੁੰਦਿਆਂ ਹੀ ਸਲਾਹਕਾਰ ਬੋਰਡ ਮੀਟਿੰਗ ਖਤਮ ਕਰ ਦਿੱਤੀ ਗਈ। ਸਲਾਹਕਾਰ ਬੋਰਡ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਦੀਆਂ ਯੋਜਨਾਵਾਂ ਸੁਝਾਉਣ ਵਾਲੀ ਸੰਸਥਾ ਦੀ ਥਾਂ ਕੇਵਲ 'ਪੁਰਸਕਾਰ ਚੋਣ ਬੋਰਡ' ਦੀ ਭੂਮਿਕਾ ਨਿਭਾਈ। ਬਾਕੀ 7 ਮੱਦਾਂ ਤੇ ਵਿਚਾਰ ਕਰਨ ਦੀ ਲੋੜ ਹੀ ਨਹੀਂ ਸਮਝੀ। ਬਾਕੀ ਮੱਦਾਂ ਤੇ ਫ਼ੈਸਲੇ ਨਾ ਹੋਣਾ ਵੀ ਇਹ ਸਿੱਧ ਕਰਦਾ ਹੈ ਕਿ ਬੋਰਡ ਦੇ ਮੈਂਬਰ ਕੇਵਲ ਪੁਰਸਕਾਰਾਂ ਦੀ ਚੋਣ ਵਿਚ ਹੀ ਦਿਲਚਸਪੀ ਰੱਖਦੇ ਸਨ। ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਨਹੀਂ।

ਇਨ੍ਹਾਂ ਹੀ ਨਹੀਂ। ਸਲਾਹਕਾਰ ਬੋਰਡ ਨੇ ਕਿਸੇ ਵੀ ਖੇਤਰ ਵਿਚ ਆਪਣੀ ਭੂਮਿਕਾ ਨਹੀਂ ਨਿਭਾਈ। ਸਲਾਹਕਾਰ ਬੋਰਡ 03 ਜੂਨ ਨੂੰ ਗਠਿਤ ਹੋ ਗਿਆ ਸੀ। ਬੋਰਡ ਦੇ ਮੈਂਬਰਾਂ ਕੋਲ ਪੁਰਸਕਾਰਾਂ ਲਈ ਯੋਗ ਨਾਂ ਸੁਝਾਉਣ ਅਤੇ ਯੋਗ ਨਾਂਵਾਂ ਦੇ ਹੋਰ ਸਰੋਤਾਂ ਬਾਰੇ ਭਾਸ਼ਾ ਵਿਭਾਗ ਨੂੰ ਦੱਸਣ ਲਈ 6 ਮਹੀਨਿਆਂ ਦਾ ਸਮਾਂ ਸੀ। ਮੈਂਬਰਾਂ ਨੇ ਇਹ ਸਮਾਂ ਅਜਾਈਂ ਗਵਾਇਆ। ਪੁਰਸਕਾਰਾਂ ਦੀਆਂ ਕੁੱਝ ਸ਼੍ਰੇਣੀਆਂ ਲਈ ਭਾਸ਼ਾ ਵਿਭਾਗ ਕੇਵਲ 17/18 ਨਾਂ ਹੀ ਸੁਝਾਅ ਸਕਿਆ ਭਾਵੇਂ ਕਿ ਇਨ੍ਹਾਂ ਪੁਰਸਕਾਰਾਂ ਲਈ ਦੁਨੀਆ ਭਰ ਵਿਚ ਰਹਿੰਦੇ ਗਾਇਕ, ਰਾਗੀ, ਢਾਈ ਚੁਣੇ ਜਾਣ ਦੇ ਯੋਗ ਸਨ। ਬੋਰਡ ਦੇ ਮੈਂਬਰਾਂ ਨੂੰ ਚਾਹੀਦਾ ਸੀ ਕਿ ਉਹ ਇਨ੍ਹਾਂ ਪੁਰਸਕਾਰਾਂ ਲਈ ਯੋਗ ਉਮੀਦਵਾਰਾਂ ਦੇ ਨਾਂ ਇੱਕਠੇ ਕਰਨ ਵਿਚ ਭਾਸ਼ਾ ਵਿਭਾਗ ਦੀ ਮੱਦਦ ਕਰਦੇ। ਉਹ ਜੱਜਾਂ ਵਾਂਗ ਕੇਵਲ ਫ਼ੈਸਲੇ ਵਾਲੇ ਦਿਨ ਆਏ। ਆਪਣੀ ਪਸੰਦ ਦੇ ਨਾਂਵਾਂ ਦੀ ਚੋਣ ਕੀਤੀ ਅਤੇ ਚਲੇ ਗਏ।

ਸਲਾਹਕਾਰ ਬੋਰਡ ਦੇ ਗਠਨ ਅਤੇ ਕੰਮ ਕਰਨ ਦੀ ਵਿਧੀ ਵੀ ਨੁਕਸਦਾਰ ਹੈ। ਸਲਾਹਕਾਰ ਬੋਰਡ ਦਾ ਚੇਅਰਪਰਸਨ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਦਾ ਮੰਤਰੀ ਅਤੇ ਉਪ ਚੇਅਰਮੈਨ ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਹੁੰਦੇ ਹਨ। ਇਹ ਦੋਵੇਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਦੇ ਉੱਚ ਅਧਿਕਾਰੀ ਹਨ। ਮੌਜੂਦਾ ਬੋਰਡ ਪ੍ਰਮੁੱਖ ਸਕੱਤਰ ਵੱਲੋਂ ਭਾਸ਼ਾ ਮੰਤਰੀ ਦੀ ਸਹਿਮਤੀ ਨਾਲ ਗਠਿਤ ਕੀਤਾ ਗਿਆ। ਬਾਕੀ ਮੈਂਬਰ ਉਨ੍ਹਾਂ ਦੀ ਮੇਹਰਬਾਨੀ ਕਾਰਨ ਹੀ ਬੋਰਡ ਦੇ ਮੈਂਬਰ ਨਾਮਜ਼ਦ ਹੋਏ ਸਨ। ਕਿਸੇ ਵੀ ਮੈਂਬਰ ਜਾਂ ਬੋਰਡ ਦੇ ਕਨਵੀਨਰ ਦੀ, ਇਨ੍ਹਾਂ ਉੱਚ ਅਧਿਕਾਰੀਆਂ ਦੀ ਹਾਜ਼ਰੀ ਵਿਚ ਨਿਰਪੱਖ ਰਾਏ ਰੱਖਣ ਜਾਂ ਉਨ੍ਹਾਂ ਵੱਲੋਂ ਸੁਝਾਏ ਨਾਂਵਾਂ ਤੇ ਅਸਹਿਮਤੀ ਪ੍ਰਗਟਾਉਣ ਦੀ ਸੰਭਾਵਨਾ ਨਾ-ਮਾਤਰ ਹੁੰਦੀ ਹੈ। ਸਾਰੇ ਫੈਸਲੇ ਮੰਤਰੀ ਦੀ ਹਾਜ਼ਰੀ ਵਿਚ ਹੁੰਦੇ ਹਨ। ਫੈਸਲਿਆਂ ਤੇ ਸਿਆਸਤ ਦਾ ਭਾਰੂ ਹੋਣਾ ਕੁਦਰਤੀ ਹੋ ਜਾਂਦਾ ਹੈ। ਇਸ ਵਾਰ ਵੀ ਮੰਤਰੀ ਦੀ ਬੈਠਕ ਵਿਚ ਹਾਜ਼ਰੀ ਨੇ ਵੀ ਫੈਸਲਿਆਂ ਨੂੰ ਪ੍ਰਭਾਵਿਤ ਕੀਤਾ ਹੀ ਹੋਣਾ ਹੈ।

ਜੇ ਸ੍ਰੀ ਐਨ.ਐਸ.ਰਤਨ ਦੇ ਬਣਾਏ ਨਿਯਮ ਇੰਨ-ਬਿੰਨ ਲਾਗੂ ਕੀਤੇ ਗਏ ਹੁੰਦੇ ਤਾਂ ਹੁਣ ਤੱਕ ਦਾ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਬੁਲੰਦੀਆਂ ਤੇ ਪਹੁੰਚਾਉਣ ਦਾ ਉਨ੍ਹਾਂ ਦਾ ਸੁਪਨਾ ਪੂਰਾ ਹੋ ਗਿਆ ਹੁੰਦਾ। ਹਾਲੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ

ਵਿਗੜਿਆ। ਇਨ੍ਹਾਂ ਨਿਯਮਾਂ ਨੂੰ ਰੱਦੀ ਦੀ ਟੋਕਰੀ ਵਿਚੋਂ ਕੱਢ ਕੇ ਅਤੇ ਲਾਗੂ ਕਰਕੇ ਪੰਜਾਬੀ ਭਾਸ਼ਾ ਦੇ ਵਿਕਾਸ ਦਾ ਰਾਹ ਪੱਧਰਾ ਕੀਤਾ ਜਾ ਸਕਦਾ ਹੈ। ਇੰਝ ਹੋਣਾ ਹੀ ਚਾਹੀਦਾ ਹੈ।

## 'ਰਾਜ ਸਲਾਹਕਾਰ ਬੋਰਡ' ਦੇ ਮੈਂਬਰਾਂ ਦੀ ਸੂਚੀ

(ੳ) **ਅਹੁੱਦੇ ਵਜੋਂ ਨਾਮਜ਼ਦ ਮੈਂਬਰ**

1. ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ, ਪੰਜਾਬ-ਚੇਅਰਪਰਸਨ,
2. ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ, ਪੰਜਾਬ- ਵਾਈਸ ਚੇਅਰਪਰਸਨ,
3. ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਸੱਭਿਆਚਾਰਕ ਮਾਮਲੇ ਵਿਭਾਗ, ਚੰਡੀਗੜ੍ਹ - ਮੈਂਬਰ,
4. ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਜਾਂ ਉਹਨਾਂ ਦਾ ਨੁਮਾਇੰਦਾ-ਮੈਂਬਰ,
5. ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ -ਮੈਂਬਰ,
6. ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ-ਮੈਂਬਰ,
7. ਪ੍ਰਧਾਨ/ਜਨਰਲ ਸਕੱਤਰ, ਪੰਜਾਬ ਕਲਾ ਪ੍ਰੀਸ਼ਦ, ਸੈਕਟਰ-16 ਬੀ,ਚੰਡੀਗੜ੍ਹ-ਮੈਂਬਰ,
8. **ਪ੍ਰਧਾਨ/ਜਨਰਲ ਸਕੱਤਰ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ -ਮੈਂਬਰ,**
9. ਡਾਇਰੈਕਟਰ, ਪੰਜਾਬੀ ਸਾਹਿਤ ਅਕਾਦਮੀ ਹਰਿਆਣਾ, ਪੰਚਕੂਲਾ- ਮੈਂਬਰ,
10. ਪ੍ਰਧਾਨ/ਜਨਰਲ ਸਕੱਤਰ, ਪੰਜਾਬੀ ਅਕਾਦਮੀ, ਨਵੀਂ ਦਿੱਲੀ-ਮੈਂਬਰ,
11. **ਪ੍ਰਧਾਨ/ਜਨਰਲ ਸਕੱਤਰ, ਪੰਜਾਬੀ ਸਾਹਿਤ ਸਭਾ, ਦਿੱਲੀ - ਮੈਂਬਰ,**
12. **ਪ੍ਰਧਾਨ/ਜਨਰਲ ਸਕੱਤਰ, ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) - ਮੈਂਬਰ,**
13. **ਪ੍ਰਧਾਨ/ਜਨਰਲ ਸਕੱਤਰ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ)-ਮੈਂਬਰ,**
14. ਪ੍ਰਧਾਨ/ਜਨਰਲ ਸਕੱਤਰ, ਕੇਂਦਰੀ ਸਾਹਿਤ ਅਕਾਦਮੀ, ਨਵੀਂ ਦਿੱਲੀ-ਮੈਂਬਰ,
15. ਪ੍ਰਧਾਨ/ਜਨਰਲ ਸਕੱਤਰ, ਸੰਗੀਤ ਨਾਟਕ ਅਕਾਦਮੀ, ਨਵੀਂ ਦਿੱਲੀ - ਮੈਂਬਰ ਅਤੇ
16. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ -ਮੈਂਬਰ/ਕਨੀਵਰ ਹੋਣਗੇ।

(ਅ) ਗੈਰ-ਸਰਕਾਰੀ ਮੈਂਬਰ

**ਪੰਜਾਬੀ ਸਾਹਿਤ ਨਾਲ ਸਬੰਧਤ ਮੈਂਬਰ**

1. ਡਾ. ਸੁਰਜੀਤ ਪਾਤਰ
2. ਨਾਟਕਕਾਰ ਡਾ. ਆਤਮਜੀਤ (ਅਸਤੀਫ਼ੇ ਬਾਅਦ ਇਨ੍ਹਾਂ ਦੀ ਥਾਂ ਕੇਵਲ ਧਾਲੀਵਾਲ)
3. ਸ. ਵਰਿਆਮ ਸੰਧੂ, ਕਹਾਣੀਕਾਰ,
4. ਡਾ. ਜੋਗਾ ਸਿੰਘ, ਭਾਸ਼ਾ ਵਿਗਿਆਨੀ,
5. ਡਾ. ਨਾਹਰ ਸਿੰਘ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ,
6. ਡਾ. ਜਸਵਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ,
7. ਸ. ਮਨਮੋਹਣ ਬਾਵਾ ਨਾਵਲਕਾਰ ਅਤੇ
8. ਡਾ. ਜਸਬੀਰ ਸਿੰਘ ਸਾਬਰ, ਅੰਮ੍ਰਿਤਸਰ ਸ਼ਾਮਿਲ ਹਨ।

**ਲੋਕ ਗਾਇਕ**

9. ਸ੍ਰੀ ਪਰਮਜੀਤ ਸਿੰਘ (ਪੰਮੀ ਬਾਈ),

10. ਸ੍ਰੀ ਬਲਕਾਰ ਸਿੱਧੂ, ਅਤੇ

11. ਸ੍ਰੀ ਹਰਦੀਪ ਸਿੰਘ

**ਹਿੰਦੀ** ਨਾਲ ਸਬੰਧਤ ਸਾਹਿਤਕਾਰ

12. ਸ੍ਰੀ ਅਨਿਲ ਧੀਮਾਨ, ਆਰ.ਐਸ.ਡੀ. ਕਾਲਜ, ਫ਼ਿਰੋਜਪੁਰ,

13. ਡਾ. ਚਮਨ ਲਾਲ ਪਟਿਆਲਾ ਅਤੇ

14. ਡਾ. ਮੇਵਾ ਸਿੰਘ, ਪ੍ਰੋਫੈਸਰ (ਰਿਟਾ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਉਰਦੂ** ਨਾਲ ਸਬੰਧਤ ਸਾਹਿਤਕਾਰ

15. ਡਾ. ਮੁਹੰਮਦ ਜਮੀਲ, ਪ੍ਰਿੰਸੀਪਲ ਸਰਕਾਰੀ ਕਾਲਜ, ਅਮਰਗੜ੍ਹ,

16. ਸਰਦਾਰ ਪੰਛੀ ਅਤੇ

17. ਅਜ਼ੀਜ਼ ਪਰਿਹਾਰ ਨੂੰ ਮੈਂਬਰ ਬਣਾਇਆ ਗਿਆ ਹੈ।

**ਸੰਸਕ੍ਰਿਤ** ਨਾਲ ਸਬੰਧਤ ਸਾਹਿਤਕਾਰ

18. ਡਾ. ਵਰਿੰਦਰ ਕੁਮਾਰ, ਸੰਸਕ੍ਰਿਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ,

19. ਮੈਡਮ ਕਮਲਦੀਪ ਕੌਰ, ਸੇਵਾ ਮੁਕਤ ਪ੍ਰੋਫੈਸਰ, ਮਹਿੰਦਰਾ ਕਾਲਜ, ਪਟਿਆਲਾ,

20. ਡਾ. ਪੁਸ਼ਪਿੰਦਰ ਜੋਸ਼ੀ, ਪਟਿਆਲਾ

**ਅਖਬਾਰਾਂ/ਟੈਲੀਵੀਜਨ ਅਤੇ ਮੀਡੀਆ ਨਾਲ ਸਬੰਧਤ**

21. ਡਾ. ਸਵਰਾਜਬੀਰ ਸਿੰਘ, ਸੰਪਾਦਕ, ਪੰਜਾਬੀ ਟ੍ਰਿਬਿਊਨ,

22. ਸ. ਹਰਕੰਵਲਜੀਤ ਸਿੰਘ, ਸੀਨੀਅਰ ਪੱਤਰਕਾਰ, ਅਜੀਤ, ਚੰਡੀਗੜ੍ਹ ਅਤੇ

23. ਸ੍ਰੀਮਤੀ ਨਿਮਰਤ ਕੌਰ, ਮੈਨੇਜਿੰਗ ਐਡੀਟਰ, ਰੋਜ਼ਾਨਾ ਸਪੋਕਸਮੈਨ, ਚੰਡੀਗੜ੍ਹ

**ਕਲਾ, ਵਿਗਿਆਨ, ਸਮਾਜ ਸੇਵਾ, ਚਿਕਿਤਸਾ, ਇੰਜੀਨੀਅਰਿੰਗ, ਵਾਤਾਵਰਣ** ਆਦਿ ਖੇਤਰਾਂ ਨਾਲ ਸਬੰਧਤ

24. ਸ. ਭੁਪਿੰਦਰ ਸਿੰਘ ਵਿਰਕ, ਪ੍ਰੋਫੈਸਰ, ਕਾਨੂੰਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ,

25. ਸ. ਉਜਾਗਰ ਸਿੰਘ, ਡੀ.ਪੀ.ਆਰ.ਓ. (ਰਿਟਾ) ਪਟਿਆਲਾ,

26. ਸ. ਕਰਨਲ ਜਸਮੇਰ ਸਿੰਘ ਬਾਲਾ, ਮੋਹਾਲੀ,

27. ਡਾ. ਮੇਘਾ ਸਿੰਘ, ਮੋਹਾਲੀ,

28. ਡਾ. ਸੁਰਜੀਤ ਲੀ, ਭਾਸ਼ਾ ਵਿਗਿਆਨੀ, ਪਟਿਆਲਾ ਅਤੇ

29. ਡਾ. ਦੀਪਕ ਮਨਮੋਹਨ, ਚੰਡੀਗੜ੍ਹ

**15.07.2020 ਨੂੰ ਨਾਮਜ਼ਦ ਕੀਤੇ ਗਏ ਮੈਂਬਰ**

1. ਡਾ.ਮਨਮੋਹਨ ਸਿੰਘ ਦਾਊਂ

2. ਤੀਰਥ ਸਿੰਘ ਢਿੱਲੋਂ

3. ਹਰਦਿਆਲ ਸਿੰਘ ਥੂਹੀ
4. ਨਿਰਮਲ ਰਿਸ਼ੀ
5. ਸੁਸ਼ੀਲ ਦੁਸਾਂਝ

## ਸਕਰੀਨਿੰਗ ਕਮੇਟੀ ਦੇ ਮੈਂਬਰ

1. ਸ੍ਰੀ ਦਰਸ਼ਨ ਬੁੱਟਰ, ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਨਾਭਾ।
2. ਡਾ.ਸੁਰਜੀਤ ਪਾਤਰ, ਪ੍ਰਧਾਨ ਕਲਾ ਪ੍ਰੀਸ਼ਦ, ਚੰਡੀਗੜ੍ਹ।
3. ਡਾ.ਜੋਗਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
4. ਸ੍ਰੀ ਪਰਮਜੀਤ ਸਿੰਘ ਸਿੱਧੂ ਉਰਫ ਪੰਮੀ ਬਾਈ, ਪਟਿਆਲਾ।
5. ਸ੍ਰੀ ਅਨਿਲ ਧੀਮਾਨ, ਆਰ.ਐਸ.ਡੀ. ਕਾਲਜ, ਫ਼ਿਰੋਜ਼ਪੁਰ।
6. ਸਰਦਾਰ ਪੰਛੀ, ਲੁਧਿਆਣਾ।
7. ਡਾ.ਵਰਿੰਦਰ ਕੁਮਾਰ, ਪਟਿਆਲਾ।
8. ਸ੍ਰੀ ਕੇਵਲ ਧਾਲੀਵਾਲ, ਅੰਮ੍ਰਿਤਸਰ।
9. ਡਾ.ਸੁਰਜੀਤ ਲੀ, ਪਟਿਆਲਾ।
10. ਡਾ.ਦੀਪਕ ਮਨਮੋਹਨ ਸਿੰਘ, ਪਟਿਆਲਾ।
11. ਡਾ.ਮਨਮੋਹਨ ਸਿੰਘ ਦਾਊਂ, ਮੋਹਾਲੀ।
12. ਸ.ਤੀਰਥ ਸਿੰਘ ਢਿੱਲੋਂ, ਜਲੰਧਰ।
13. ਡਾ.ਮੇਘਾ ਸਿੰਘ, ਮੋਹਾਲੀ।
14. ਡਾ.ਸਵਰਾਜਬੀਰ ਸਿੰਘ, ਚੰਡੀਗੜ੍ਹ।
15. ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ (ਚੇਅਰਮੈਨ/ਕਨਵੀਨਰ)

**ਸਕਰੀਨਿੰਗ ਕਮੇਟੀ ਦੀ ਇਕੱਤਰਤਾ ਦੀ ਕਾਰਵਾਈ**

---

**ਵਿਸ਼ਾ: ਸਕਰੀਨਿੰਗ ਕਮੇਟੀ ਦੀ ਇਕੱਤਰਤਾ ਸਬੰਧੀ।**

****

ਅੱਜ ਮਿਤੀ 01 ਦਸੰਬਰ, 2020 ਦਿਨ ਮੰਗਲਵਾਰ ਨੂੰ ਸਵੇਰੇ 11.00 ਵਜੇ ਪੰਜਾਬ ਸਰਕਾਰ ਵੱਲੋਂ ਗਠਿਤ ਸਕਰੀਨਿੰਗ ਕਮੇਟੀ ਦੀ ਇਕੱਤਰਤਾ ਕਮੇਟੀ ਦੇ ਕਨਵੀਨਰ ਡਾਇਰੈਕਟਰ, ਭਾਸ਼ਾ ਦੇ ਦਫ਼ਤਰੀ ਕਮਰੇ ਵਿਚ ਹੋਈ। ਮੀਟਿੰਗ ਵਿਚ ਸਮੂਹ ਮੈਂਬਰਾਂ ਵੱਲੋਂ ਸਰਬ-ਸੰਮਤੀ ਨਾਲ ਸਾਲ 2015, 2016, 2017, 2018, 2019 ਅਤੇ 2020 ਦੇ ਪੰਜਾਬੀ ਸਾਹਿਤ ਰਤਨ ਅਤੇ ਵੱਖ-ਵੱਖ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਲਈ ਪੈਨਲ ਤਿਆਰ ਕੀਤੇ ਗਏ। ਇਸ ਮੀਟਿੰਗ ਵਿਚ ਹੇਠ ਲਿਖੇ ਮੈਂਬਰ ਸ਼ਾਮਲ ਹੋਏ।

1. ਸ਼੍ਰੀ ਦਰਸ਼ਨ ਬੁੱਟਰ, ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਨਾਭਾ।
2. ਡਾ.ਸੁਰਜੀਤ ਪਾਤਰ, ਪ੍ਰਧਾਨ ਕਲਾ ਪ੍ਰੀਸ਼ਦ, ਚੰਡੀਗੜ੍ਹ।
3. ਡਾ.ਜੋਗਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
4. ਸ਼੍ਰੀ ਪਰਮਜੀਤ ਸਿੰਘ ਸਿੱਧੂ ਉਰਫ ਪੰਮੀ ਬਾਈ, ਪਟਿਆਲਾ।
5. ਸ਼੍ਰੀ ਅਨਿਲ ਧੀਮਾਨ, ਆਰ.ਐਸ.ਡੀ. ਕਾਲਜ, ਫ਼ਿਰੋਜ਼ਪੁਰ।
6. ਸਰਦਾਰ ਪੰਛੀ, ਲੁਧਿਆਣਾ।
7. ਡਾ.ਵਰਿੰਦਰ ਕੁਮਾਰ, ਪਟਿਆਲਾ।
8. ਸ਼੍ਰੀ ਕੇਵਲ ਧਾਲੀਵਾਲ, ਅੰਮ੍ਰਿਤਸਰ।
9. ਡਾ.ਸੁਰਜੀਤ ਲੀ, ਪਟਿਆਲਾ।
10. ਡਾ.ਦੀਪਕ ਮਨਮੋਹਨ ਸਿੰਘ, ਪਟਿਆਲਾ।
11. ਡਾ.ਮਨਮੋਹਨ ਸਿੰਘ ਦਾਊਂ, ਮੋਹਾਲੀ।
12. ਸ.ਤੀਰਥ ਸਿੰਘ ਢਿੱਲੋਂ, ਜਲੰਧਰ।

**ਸਕਰੀਨਿੰਗ ਕਮੇਟੀ ਵਲੋਂ 1 ਦਸੰਬਰ 2020 ਦੀ ਬੈਠਕ ਵਿਚ ਵੱਖ ਵੱਖ ਪੁਰਸਕਾਰਾਂ ਲਈ ਬਣਾਏ ਗਏ ਪੈਨਲ**

-----------------------------------------------------------------------------------------

1. **ਪੰਜਾਬੀ ਸਾਹਿਤ ਰਤਨ ਪੁਰਸਕਾਰ**

ਸਾਲ 2015: ਓਮ ਪ੍ਰਕਾਸ਼ ਗਾਸੋ, ਸਰੂਪ ਸਿੰਘ ਅਲੱਗ, ਜਸਬੀਰ ਭੁੱਲਰ

ਸਾਲ 2016: ਗੁਰਬਚਨ ਸਿੰਘ ਭੁੱਲਰ, ਹਰਭਜਨ ਹੁੰਦਲ, ਐਸ. ਸਾਕੀ

ਸਾਲ 2017: ਗੁਲਜ਼ਾਰ ਸਿੰਘ ਸੰਧੂ, ਸੁਰਜੀਤ ਮਰਜਾਰਾ, ਡਾ.ਰਣਜੀਤ ਸਿੰਘ

ਸਾਲ 2018: ਫ਼ਖ਼ਬ ਜ਼ਮਾਨ, ਡਾ.ਅਮਰ ਕੋਮਲ, ਸ.ਕਮਲਜੀਤ ਬਨਵੈਤ

ਸਾਲ 2019: ਡਾ.ਤੇਜਵੰਤ ਮਾਨ, ਗੁਰਦੇਵ ਸਿੰਘ ਰੁਪਾਣਾ, ਡਾ.ਅਜੀਤ ਕੌਰ

ਸਾਲ 2020: ਬਰਜਿੰਦਰ ਸਿੰਘ ਹਮਦਰਦ, ਬਲਦੇਵ ਸੜਕਨਾਮਾ, ਡਾ.ਰਤਨ ਸਿੰਘ

2. **ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ**

ਸਾਲ 2015: ਡਾ.ਜੋਗਿੰਦਰ ਸਿੰਘ ਕੈਰੋਂ, ਦਰਸ਼ਨ ਸਿੰਘ ਪ੍ਰੀਤੀਮਾਨ, ਦਲੀਪ ਸਿੰਘ ਵਾਸਨ

ਸਾਲ 2016: ਤਾਰਨ ਗੁਜਰਾਲ, ਸੁਰਜੀਤ ਸਿੰਘ ਪੰਛੀ, ਲਾਲ ਸਿੰਘ

ਸਾਲ 2017: ਕੇ.ਐਲ. ਗਰਗ, ਬਲਵਿੰਦਰ ਸਿੰਘ ਫ਼ਤਹਿਪੁਰੀ, ਗੁਲਜ਼ਾਰ ਸਿੰਘ ਸ਼ੌਂਕੀ

ਸਾਲ 2018: ਅਤਰਜੀਤ, ਬਲਦੇਵ ਧਾਲੀਵਾਲ, ਜਤਿੰਦਰ ਹਾਂਸ

ਸਾਲ 2019: ਪ੍ਰੋ: ਕਿਰਪਾਲ ਕਜ਼ਾਕ, ਜਸਬੀਰ ਰਾਣਾ, ਪ੍ਰੇਮ ਗੋਰਖੀ

ਸਾਲ 2020: ਡਾ.ਮਨਮੋਹਨ, ਸੁਖਮਿੰਦਰ ਸੇਖੋਂ, ਕੇ.ਬੀ.ਐਸ. ਸੋਢੀ

3. **ਸ਼੍ਰੋਮਣੀ ਹਿੰਦੀ ਸਾਹਿਤਕਾਰ ਪੁਰਸਕਾਰ**

ਸਾਲ 2015: ਵਿਨੋਦ ਸ਼ਾਹੀ, ਧਰਮਾਪਲ ਸਾਹਿਲ, ਸ਼ੈਲੀ ਬਲਜੀਤ

ਸਾਲ 2016: ਸੁਖਵਿੰਦਰ ਕੌਰ ਬਾਠ, ਸਿਮਰ ਸਦੋਸ਼, ਜੈ ਦੇਵ ਤਨੇਜਾ

ਸਾਲ 2017: ਹਰਸ਼ ਕੁਮਾਰ ਹਰਸ਼, ਅਨਿਲ ਪਠਾਨਕੋਟੀ, ਹਰਜਿੰਦਰ ਸਿੰਘ ਲਾਲਟੂ

ਸਾਲ 2018: ਬਲੀ ਸਿੰਘ ਚੀਮਾ, ਸ਼ਸ਼ੀਕਾਂਤ ਉੱਪਲ, ਸਤਯ ਪ੍ਰਕਾਸ਼ ਉੱਪਲ

ਸਾਲ 2019: ਡਾ.ਅਜੈ ਸ਼ਰਮਾ, ਡਾ.ਨਿਰਮਲ ਕੌਸ਼ਿਕ, ਸ਼ਕੁੰਤਲਾ ਸ਼੍ਰੀਵਾਸਤਵ

ਸਾਲ 2020: ਡਾ.ਕੀਰਤੀ ਕੇਸਰ, ਕ੍ਰਿਸ਼ਨ ਭਾਵੁਕ, ਹਰਦਰਸ਼ਨ ਸਹਿਗਲ

4. **ਸ਼੍ਰੋਮਣੀ ਉਰਦੂ ਸਾਹਿਤਕਾਰ**

ਸਾਲ 2015: ਮੁਹੰਮਦ ਫ਼ੈਯਾਜ਼ ਫ਼ਾਰੂਕੀ, ਡਾ.ਅਸਲਮ ਹਬੀਬ, ਮਹਿੰਦਰ ਪ੍ਰਤਾਪ

ਸਾਲ 2016: ਨਦੀਮ ਅਹਿਮਦ ਨਦੀਮ, ਆਬਿਦ ਅਲੀ ਖਾਨ, ਬੀ.ਕੇ ਪੰਨੂ ਪਰਵਾਜ਼

ਸਾਲ 2017: ਟੀ.ਐਨ. ਰਾਜ, ਮੁਹੰਮਦ ਰਫ਼ੀ, ਇਮਾਨੁਅਲ ਬੈਂਜਾਮਿਨ

ਸਾਲ 2018: ਬੀ.ਡੀ. ਕਾਲੀਆ ਹਮਦਮ, ਮੁਹੰਮਦ ਜਮੀਲ, ਅਹਿਮਦ ਅਨਸਾਰੀ
ਸਾਲ 2019: ਕ੍ਰਿਸ਼ਨ ਕੁਮਾਰ ਤੂਰ, ਮੁਹੰਮਦ ਬਸ਼ੀਰ, ਮੁਹੰਮਦ ਅਯੂਬ ਖਾਨ
ਸਾਲ 2020: ਰਹਿਮਾਨ ਅਖ਼ਤਰ, ਰਾਮੇਂਦਰ ਜਾਖੂ, ਵਿਸ਼ਾਲ ਖੁੱਲਰ

**5. ਸ਼੍ਰੋਮਣੀ ਸੰਸਕ੍ਰਿਤ ਪੁਰਸਕਾਰ**

ਸਾਲ 2015: ਡਾ.ਰਮਾਕਾਂਤ ਅੰਗੀਰਸ, ਘਣਸ਼ਿਆਮ ਉਨਿਆਲ
ਸਾਲ 2016: ਵੇਦ ਪ੍ਰਕਾਸ਼ ਉਪਾਧਿਆਏ, ਡਾ.ਸ਼ਰਨ ਕੌਰ
ਸਾਲ 2017: ਦਮੋਦਰ ਝਾਅ, ਪ੍ਰੋ: ਦਲਬੀਰ ਸਿੰਘ
ਸਾਲ 2018: ਕਨ੍ਹਈਆ ਲਾਲ ਪਰਾਸ਼ਰ, ਡਾ.ਲਖਬੀਰ ਸਿੰਘ
ਸਾਲ 2019: ਡਾ. ਵਰਿੰਦਰ ਅਲੰਕਾਰ, ਮਹਾਂਵੀਰ ਪ੍ਰਸਾਦ
ਸਾਲ 2020: ਡਾ. ਅਰੁਨਾ ਗੋਇਲ, ਡਾ.ਬਲਜੀਤ ਕੌਰ

**6. ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ**

ਸਾਲ 2015: ਸੰਤੋਖ ਸਿੰਘ ਸ਼ਹਰਯਾਰ, ਡਾ.ਅਮਰਜੀਤ ਸਿੰਘ ਟਾਂਡਾ, ਸੁਖਵਿੰਦਰ ਸਿੰਘ ਵੀਰ
ਸਾਲ 2016: ਮਨਜੀਤ ਇੰਦਰਾ, ਰਜਿੰਦਰ ਕੌਰ ਬਡਵਾਲ, ਗੁਰਚਰਨ ਕੌਰ ਕੋਚਰ
ਸਾਲ 2017: ਡਾ.ਰਵਿੰਦਰ ਬਟਾਲਾ, ਬਲਬੀਰ ਸਿੰਘ ਸੈਣੀ, ਜੰਗੀਰ ਸਿੰਘ ਦਿਲਬਰ
ਸਾਲ 2018: ਜਸਵੰਤ ਜ਼ਫ਼ਰ, ਮਲਕੀਤ ਸਿੰਘ ਸੁਹਲ, ਦਰਸ਼ਨ ਸਿੰਘ ਹੀਰ
ਸਾਲ 2019: ਬਲਵਿੰਦਰ ਸਿੰਘ ਸੰਧੂ, ਸੁਦਰਸ਼ਨ ਗਰਗ, ਡਾ. ਸੁਰਿੰਦਰ ਕਾਹਲੋਂ
ਸਾਲ 2020: ਧਰਮ ਸਿੰਘ ਕੰਮੇਆਣਾ, ਸਿਰੀ ਰਾਮ ਆਰਸ਼, ਬੀ.ਐਸ. ਰਤਨ

**7. ਸ਼੍ਰੋਮਣੀ ਪੰਜਾਬੀ ਆਲੋਚਕ/ਖੋਜ ਸਾਹਿਤਕਾਰ ਪੁਰਸਕਾਰ**

ਸਾਲ 2015: ਡਾ.ਸਤਿੰਦਰ ਸਿੰਘ, ਰਘਬੀਰ ਸਿੰਘ ਭਰਤ, ਸਾਹਿਬ ਸਿੰਘ ਅਰਸ਼ੀ
ਸਾਲ 2016: ਡਾ.ਬਲਦੇਵ ਸਿੰਘ ਚੀਮਾ, ਪ੍ਰੋ.ਬ੍ਰਹਮ ਜਗਦੀਸ਼, ਡਾ.ਬਿਕਰਮ ਸਿੰਘ ਘੁੰਮਣ
ਸਾਲ 2017: ਡਾ.ਅਮਰਜੀਤ ਗਰੇਵਾਲ, ਡਾ.ਜਗੀਰ ਸਿੰਘ ਨੂਰ, ਡਾ.ਹਰਨੇਕ ਸਿੰਘ ਕੋਮਲ
ਸਾਲ 2018: ਡਾ.ਧਨਵੰਤ ਕੌਰ, ਡਾ.ਪ੍ਰਭਜੀਤ ਕੌਰ, ਡਾ.ਕੁਲਵੰਤ ਕੌਰ
ਸਾਲ 2019: ਸ.ਸੁਖਦੇਵ ਸਿਰਸਾ, ਡਾ.ਮਨਜਿੰਦਰ ਸਿੰਘ, ਡਾ.ਊਸ਼ਾ ਖੰਨਾ
ਸਾਲ 2020: ਸੁਰਿੰਦਰ ਕੁਮਾਰ ਦਵੇਸ਼ਵਰ, ਤਿਲਕ ਰਾਜ ਸ਼ੰਗਾਰੀ, ਕੇ.ਐਸ. ਰਾਜੂ

**8. ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਪੁਰਸਕਾਰ**

ਸਾਲ 2015: ਡਾ.ਮਦਨ ਲਾਲ ਹਸੀਜਾ, ਅਜੀਤ ਸਿੰਘ ਚੰਦਨ, ਅਮਰਜੀਤ ਸਿੰਘ ਕਾਲੇਕਾ

ਸਾਲ 2016: ਹਰਪਾਲ ਸਿੰਘ ਪੰਨੂ, ਸਾਧੂ ਸਿੰਘ ਗੋਬਿੰਦਪੁਰੀ, ਦਲਜੀਤ ਸਿੰਘ ਬੇਦੀ
ਸਾਲ 2017: ਡਾ.ਅਨੂਪ ਸਿੰਘ ਬਟਾਲਾ, ਪਰਮਜੀਤ ਕੌਰ ਸਰਹਿੰਦ, ਸੁਰਿੰਦਰ ਮੰਡ
ਸਾਲ 2018: ਡਾ.ਗਿਆਨ ਸਿੰਘ, ਡਾ.ਰਣਜੀਤ ਕੌਰ, ਡਾ.ਅਜੀਤ ਪਾਲ ਸਿੰਘ (ਐਮ.ਡੀ.)
ਸਾਲ 2019: ਸ਼ਾਮ ਸੁੰਦਰ ਦੀਪਤੀ, ਮੁਹੰਮਦ ਇੰਦਰੀਸ਼, ਡਾ.ਗੁਰਸ਼ਰਨ ਕੌਰ ਜੱਗੀ
ਸਾਲ 2020: ਨਿੰਦਰ ਘੁਗਿਆਣਵੀ, ਅਲੀ ਰਾਜਪੁਰਾ, ਚੈਂਚਲ ਸਿੰਘ ਤਰੰਗ

**9. ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ)**

ਸਾਲ 2015: ਸਾਧੂ ਸਿੰਘ ਬਿਨਿੰਗ, ਮੰਗਾ ਬਾਸੀ, ਬਲਿਹਾਰ ਸਿੰਘ ਰੰਧਾਵਾ
ਸਾਲ 2016: ਇਕਬਾਲ ਮਾਹਲ, ਸੁਖਦੇਵ ਸਿੱਧੂ, ਸੁਰਿੰਦਰ ਸੋਹਲ
ਸਾਲ 2017: ਹਰਜੀਤ ਅਟਵਾਲ, ਦਰਸ਼ਨ ਬੁਲੰਦਵੀ, ਮੋਹਨ ਸਿੰਘ ਕੁੱਕੜਪਿੰਡੀਆ
ਸਾਲ 2018: ਰਵਿੰਦਰ ਸਹਿਰਾਅ, ਨਦੀਮ ਪਰਮਾਰ, ਚਰਨ ਸਿੰਘ
ਸਾਲ 2019: ਸੁਖਵਿੰਦਰ ਕੰਬੋਜ, ਰਾਜਿੰਦਰ ਸਿੰਘ ਜਾਹਲੀ, ਲੱਛਮਣ ਸਿੰਘ ਰਾਠੋਰ!
ਸਾਲ 2020: ਐਸ ਬਲਵੰਤ, ਸੁਰਜੀਤ ਕਲਸੀ, ਕ੍ਰਿਸ਼ਨ ਭਨੋਟ

**10. ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ)**

ਸਾਲ 2015: ਜਸਪਾਲ ਸਿੰਘ, ਇਕਬਾਲ ਦੀਪ, ਡਾ.ਸਵਿੰਦਰ ਸਿੰਘ ਉੱਪਲ
ਸਾਲ 2016: ਜਗਬੀਰ ਸਿੰਘ, ਸੁਖਚੈਨ ਸਿੰਘ ਭੰਡਾਰੀ, ਅਮੀਆ ਕੁੰਵਰ
ਸਾਲ 2017: ਬਲਬੀਰ ਮਾਧੋਪੁਰੀ, ਜੀ.ਡੀ. ਚੌਧਰੀ, ਬਲਦੇਵ ਸਿੰਘ ਬੱਧਣ
ਸਾਲ 2018: ਸਵਰਣ ਸਿੰਘ ਵਿਰਕ, ਬਲਜੀਤ ਰੈਣਾ, ਕੀਰਤ ਸਿੰਘ ਇਨਕਲਾਬੀ
ਸਾਲ 2019: ਬਲਜਿੰਦਰ ਚੌਹਾਨ, ਡਾ.ਮਨਜੀਤ ਸਿੰਘ, ਸਵਾਮੀ ਅੰਤਰ ਨੀਰਵ
ਸਾਲ 2020: ਡਾ.ਰਵੀ ਰਵਿੰਦਰ, ਰਾਜਪਾਲ ਸਿੰਘ ਮਸਤਾਨਾ, ਅਰਕਮਲ ਕੌਰ

**11. ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ**

ਸਾਲ 2015: ਅਵਤਾਰ ਸਿੰਘ ਦੀਪਕ, ਸੁਖਦੇਵ ਸਿੰਘ ਸ਼ਾਂਤ, ਸੁਰਿੰਦਰਜੀਤ ਕੌਰ
ਸਾਲ 2016: ਡਾ.ਹਰਬੰਸ ਸਿੰਘ ਚਾਵਲਾ, ਸੁਲੱਖਣਮੀਤ, ਹਰਸਿਮਰਨ ਕੌਰ
ਸਾਲ 2017: ਕਰਨੈਲ ਸਿੰਘ ਸੋਮਲ, ਚਰਨ ਸੀਚੈਵਾਲਵੀ, ਜਗਦੀਸ਼ ਕੌਰ ਵਾਡੀਆ
ਸਾਲ 2018: ਡਾ.ਕੁਲਬੀਰ ਸਿੰਘ ਸੂਰੀ, ਡਾ.ਹਰਨੇਕ ਸਿੰਘ ਕਲੇਰ, ਕੁੰਦਨ ਲਾਲ ਭੱਟੀ
ਸਾਲ 2019: ਸ੍ਰੀਮਤੀ ਤੇਜਿੰਦਰ ਹਰਜੀਤ, ਬਾਜ ਸਿੰਘ ਮਹਿਲੀਆ, ਮੰਗਤ ਕੁਲਜਿੰਦ
ਸਾਲ 2020: ਬਲਜਿੰਦਰ ਮਾਨ, ਅਵਤਾਰ ਸਿੰਘ ਸੰਧੂ, ਸਿਮਰਤ ਸੁਮੈਰਾ

**12. ਸ਼੍ਰੋਮਣੀ ਪੰਜਾਬੀ ਪੱਤਰਕਾਰ ਪੁਰਸਕਾਰ**

ਸਾਲ 2015: ਕੁਲਦੀਪ ਸਿੰਘ ਬੇਦੀ, ਦੀਪਕ ਜਲੰਧਰੀ, ਜਗਤਾਰ ਸਿੰਘ ਭੁੱਲਰ
ਸਾਲ 2016: ਹਰਬੀਰ ਸਿੰਘ ਭੰਵਰ, ਮਨਮੋਹਨ ਸਿੰਘ ਢਿੱਲੋਂ, ਮੇਜਰ ਸਿੰਘ
ਸਾਲ 2017: ਸੁਰਿੰਦਰ ਸਿੰਘ ਤੇਜ, ਰਾਜੇਸ਼ ਕੁਮਾਰ ਪੰਜੋਲਾ, ਜਸਵਿੰਦਰ ਸਿੰਘ ਦਾਖਾ
ਸਾਲ 2018: ਚਰਨਜੀਤ ਸਿੰਘ ਭੁੱਲਰ, ਬਲਜੀਤ ਬਰਾੜ, ਸੁਰਿੰਦਰਪਾਲ ਸਿੰਘ
ਸਾਲ 2019: ਦੇਵਿੰਦਰਪਾਲ, ਗੁਰਨਾਮ ਸਿੰਘ ਆਸ਼ਿਆਨਾ, ਜੋਗਿੰਦਰ ਸਿੰਘ
ਸਾਲ 2020: ਲਾਟ ਭਿੰਡਰ, ਜਗੀਰ ਸਿੰਘ ਜਗਤਾਰ, ਜਸਪਾਲ ਸਿੰਘ ਸਿੱਧੂ

**13. ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ**

ਸਾਲ 2015: ਗੁਰਬਚਨ ਸਿੰਘ 'ਫਿਲਹਾਲ', ਗੁਰਇਕਬਾਲ (ਤ੍ਰਿਸ਼ੰਕੂ), ਗੁਰਪ੍ਰੇਮ ਲਹਿਰੀ
ਸਾਲ 2016: ਬਲਬੀਰ ਪਰਵਾਨਾ, ਦਲਜੀਤ ਸਿੰਘ ਅਰੋੜਾ, ਗੁਰਨਾਮ ਸਿੰਘ ਅਕੀਦਾ
ਸਾਲ 2017: ਪੂਨਮ (ਪ੍ਰੀਤਲੜੀ), ਸੁਭਾਸ਼ ਪੁਰੀ ਅਚਾਰੀਆ, ਵਿਸ਼ਾਲ (ਅੱਖਰ)
ਸਾਲ 2018: ਹਰਜਿੰਦਰ ਵਾਲੀਆ, ਕ੍ਰਾਂਤੀਪਾਲ, ਰਵੇਲ ਸਿੰਘ ਭਿੰਡਰ
ਸਾਲ 2019: ਕੰਵਰਜੀਤ ਸਿੰਘ ਭੱਠਲ (ਕਲਾਕਾਰ), ਅਤਿੰਦਰ ਸੰਧੂ (ਏਕਮ), ਚਰਨਜੀਤ ਸੋਹਲ
ਸਾਲ 2020: ਦਰਸ਼ਨ ਢਿੱਲੋਂ (ਚਰਚਾ), ਕੁਲਵੰਤ ਸਿੰਘ ਨਾਰੀਕੇ, ਕੁਲਦੀਪ ਸਿੰਘ ਭੱਟੀ

**14. ਸ਼੍ਰੋਮਣੀ ਰਾਗੀ ਪੁਰਸਕਾਰ**

ਸਾਲ 2015: ਭਾਈ ਰਣਧੀਰ ਸਿੰਘ, ਭਾਈ ਜਬਰਤੋੜ ਸਿੰਘ
ਸਾਲ 2016: ਭਾਈ ਨਰਿੰਦਰ ਸਿੰਘ ਬਨਾਰਸੀ, ਭਾਈ ਹਰਬੰਸ ਸਿੰਘ ਘੁੱਲਾ
ਸਾਲ 2017: ਭਾਈ ਰਵਿੰਦਰ ਸਿੰਘ, ਭਾਈ ਗੁਰਮੇਲ ਸਿੰਘ
ਸਾਲ 2018: ਭਾਈ ਮਨਿੰਦਰ ਸਿੰਘ 'ਸ੍ਰੀਨਗਰ ਵਾਲੇ', ਭਾਈ ਗੁਰਮੀਤ ਸਿੰਘ ਸ਼ਾਂਤ
ਸਾਲ 2019: ਪ੍ਰਿੰ. ਸੁਖਵੰਤ ਸਿੰਘ ਟਾਂਗਰਾ, ਭਾਈ ਸਰਬਜੀਤ ਸਿੰਘ ਰੰਗੀਲਾ
ਸਾਲ 2020: ਭਾਈ ਰਾਏ ਸਿੰਘ, ਡਾ. ਜਸਬੀਰ ਕੌਰ

**15. ਸ਼੍ਰੋਮਣੀ ਢਾਡੀ/ਕਵੀਸ਼ਰ ਪੁਰਸਕਾਰ**

ਸਾਲ 2015: ਹੰਸਾ ਸਿੰਘ ਮਾਹਣੀਖੇੜਾ, ਮਹਿਮਾ ਸਿੰਘ ਅਰਸ਼ੀ
ਸਾਲ 2016: ਜਗਦੇਵ ਸਿੰਘ ਛਾਜਲੀ, ਰੂਪ ਸਿੰਘ ਅਲਬੇਲਾ
ਸਾਲ 2017: ਮੁਖਤਿਆਰ ਸਿੰਘ ਜ਼ਫ਼ਰ, ਗੁਰਮੁਖ ਸਿੰਘ
ਸਾਲ 2018: ਫ਼ਜ਼ਲਦੀਨ ਲੋਹਟਬੱਧੀ, ਸੁਰਿੰਦਰ ਸਿੰਘ ਜੌਹਰ
ਸਾਲ 2019: ਭਾਈ ਬਲਬੀਰ ਸਿੰਘ ਬੀਲ੍ਹਾ, ਬਲਿਹਾਰ ਸਿੰਘ ਢੀਂਡਸਾ

ਸਾਲ 2020: ਦਰਬਾਰਾ ਸਿੰਘ ਉਭਾ, ਕੁਲਜੀਤ ਸਿੰਘ ਦਿਲਬਰ

**16. ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਫ਼ਿਲਮ ਪੁਰਸਕਾਰ**

ਸਾਲ 2015: ਵਿਜੈ ਟੰਡਨ, ਜੀਤ ਸਿੰਘ ਬਾਵਾ, ਆਗਿਆਪਾਲ ਸਿੰਘ ਰੰਧਾਵਾ

ਸਾਲ 2016: ਯੋਗਰਾਜ ਸੇਢਾ, ਕੁਲਵਿੰਦਰ ਬੁੱਟਰ, ਬਲਜੀਤ ਸਿੰਘ

ਸਾਲ 2017: ਗਿਰਿਜਾ ਸ਼ੰਕਰ, ਰਵੀਦੀਪ, ਬਾਲ ਮੁਕੰਦ ਸ਼ਰਮਾ

ਸਾਲ 2018: ਸੁਰੇਸ਼ ਪੰਡਿਤ, ਡਾ.ਦਲਜੀਤ ਸਿੰਘ ਸੰਧੂ, ਦਲਜੀਤ ਸਿੰਘ

ਸਾਲ 2019: ਬੀ.ਐਨ. ਸ਼ਰਮਾ, ਅਵਿਨਾਸ਼ ਭਾਖੜੀ, ਰਾਣਾ ਰਣਬੀਰ

ਸਾਲ 2020: ਪੁਨੀਤ ਸਹਿਗਲ, ਦੇਵਿੰਦਰ ਕੌਰ ਸਿੱਧੂ, ਸੋਹਨ ਕੁਮਾਰ

**17. ਸ਼੍ਰੋਮਣੀ ਪੰਜਾਬੀ ਨਾਟਕ/ਥੀਏਟਰ ਪੁਰਸਕਾਰ**

ਸਾਲ 2015: ਪ੍ਰਾਣ ਸਭਰਵਾਲ, ਸਤਿੰਦਰਪਾਲ ਸਿੰਘ ਨੰਦਾ, ਰਾਣੀ ਬਲਬੀਰ ਕੌਰ

ਸਾਲ 2016: ਕੈਲਾਸ਼ ਕੌਰ, ਮੋਹਿੰਦਰ ਕੁਮਾਰ, ਬਲਕਾਰ ਸਿੱਧੂ

ਸਾਲ 2017: ਨਵਨਿੰਦਰਾ ਬਹਿਲ, ਗੁਰਚਰਨ ਸੋਢੀ, ਸੰਜੀਵਨ ਸਿੰਘ

ਸਾਲ 2018: ਜਸਵੰਤ ਕੌਰ ਦਮਨ, ਅਨੀਤਾ ਸਬਦੀਸ਼, ਡਿਪਟੀ ਚੰਦ ਮਿੱਤਲ

ਸਾਲ 2019: ਡਾ.ਸਵਰਾਜਬੀਰ ਸਿੰਘ, ਸਤੀਸ਼ ਕੁਮਾਰ ਵਰਮਾ, ਸਵੈਰਾਜ ਸੰਧੂ

ਸਾਲ 2020: ਡਾ.ਸਾਹਿਬ ਸਿੰਘ, ਦਿਲਾਵਰ ਸਿੱਧੂ, ਗੁਰਚਰਨ ਸਿੰਘ

**18. ਸ਼੍ਰੋਮਣੀ ਪੰਜਾਬੀ ਗਾਇਕ/ਸੰਗੀਤਕਾਰ ਪੁਰਸਕਾਰ**

ਸਾਲ 2015: ਚਰਨਜੀਤ ਆਹੂਜਾ, ਕੁਲਜੀਤ

ਸਾਲ 2016: ਰਣਜੀਤ ਕੌਰ, ਰਾਜਿੰਦਰ ਰਾਜਨ

ਸਾਲ 2017: ਸਰਦੂਲ ਸਿਕੰਦਰ, ਗੁਰਦਿਆਲ ਨਿਰਮਾਣ

ਸਾਲ 2018: ਹਰਭਜਨ ਮਾਨ, ਜਸਬੀਰ ਜੱਸੀ

ਸਾਲ 2019: ਮਨਮੋਹਨ ਵਾਰਿਸ, ਪਾਲੀ ਦੇਤਵਾਲੀਆ

ਸਾਲ 2020: ਮੇਜਰ ਸਿੰਘ, ਜਨਕ ਰਾਜ

## ਸ਼੍ਰੋਮਣੀ ਪੁਰਸਕਾਰਾਂ ਚੁਣੀਆਂ ਗਈਆਂ ਸ਼ਕਸ਼ੀਅਤਾਂ ਦੀ ਸੂਚੀ

-------------------------------------------------------------------

1. ਪੰਜਾਬੀ ਸਾਹਿਤ ਰਤਨ
   ਸਾਲ 2015 ਲਈ ਓਮ ਪ੍ਰਕਾਸ਼ ਗਾਸ਼ੋ, 2016 ਲਈ ਗੁਰਭਜਨ ਭੁੱਲਰ, 2017 ਲਈ ਗੁਲਜ਼ਾਰ ਸਿੰਘ ਸੰਧੂ, 2018 ਲਈ ਫ਼ਖ਼ਰ ਜ਼ਮਾਨ, 2019 ਲਈ ਡਾ. ਤੇਜਵੰਤ ਮਾਨ ਅਤੇ 2020 ਲਈ ਡਾ. ਬਰਜਿੰਦਰ ਸਿੰਘ ਹਮਦਰਦ ਨੂੰ ਚੁਣਿਆ ਗਿਆ ਹੈ।
2. ਸ਼ੋਮਣੀ ਪੰਜਾਬੀ ਸਾਹਿਤਕਾਰ
   ਸਾਲ 2015 ਲਈ ਜੋਗਿੰਦਰ ਸਿੰਘ ਕੈਰੋਂ, 2016 ਲਈ ਤਾਰਨ ਗੁਲਜ਼ਾਰ, 2017 ਲਈ ਕੇ ਐਲ ਗਰਗ, 2018 ਲਈ ਅਤਰਜੀਤ ਸਿੰਘ, 2019 ਲਈ ਕਿਰਪਾਲ ਕਜ਼ਾਕ ਅਤੇ 2020 ਲਈ ਡਾ. ਮਨਮੋਹਨ ਨੂੰ ਚੁਣਿਆ ਗਿਆ ਹੈ।
3. ਸ਼੍ਰੋਮਣੀ ਹਿੰਦੀ ਸਾਹਿਤਕਾਰ
   ਸਾਲ 2015 ਲਈ ਵਿਨੋਦ ਸ਼ਾਹੀ, 2016 ਲਈ ਸੁਖਵਿੰਦਰ ਕੌਰ ਬਾਠ, 2017 ਲਈ ਰਾਜੀ ਸੇਠ, 2018 ਲਈ ਬਲੀ ਸਿੰਘ ਚੀਮਾ, 2019 ਲਈ ਅਜੈ ਸ਼ਰਮਾ ਅਤੇ 2020 ਲਈ ਡਾ. ਕੀਰਤੀ ਕੇਸਰ ਨੂੰ ਚੁਣਿਆ ਗਿਆ ਹੈ।
4. ਸ਼ੋਮਣੀ ਉਰਦੂ ਸਾਹਿਤਕਾਰ
   ਸਾਲ 2015 ਲਈ ਮੁਹੰਮਦ ਫਯਾਜ਼ ਫਾਰੂਕੀ, 2016 ਲਈ ਨਦੀਮ ਅਹਿਮਦ ਨਦੀਮ, 2017 ਲਈ ਟੀ ਐਨ ਰਾਜ, 2018 ਲਈ ਬੀ. ਡੀ. ਕਾਲੀਆ ਹਮਦਮ, 2019 ਲਈ ਮੁਹੰਮਦ ਬਸ਼ੀਰ ਅਤੇ 2020 ਲਈ ਰਹਿਮਾਨ ਅਖ਼ਤਰ ਨੂੰ ਚੁਣਿਆ ਗਿਆ ਹੈ।
5. ਸ਼੍ਰੋਰਮਣੀ ਸੰਸਕ੍ਰਿਤ ਸਾਹਿਤਕਾਰ
   ਸਾਲ 2015 ਲਈ ਰਮਾ ਕਾਂਤ ਅੰਗਰੀਸ਼, 2016 ਲਈ ਵੇਦ ਪ੍ਰਕਾਸ਼ ਉਪਾਧਿਆ, 2017 ਲਈ ਦਾਮੋਦਰ ਝਾਅ, 2018 ਲਈ ਕਨਹੀਆ ਲਾਲ ਪਰਾਸ਼ਰ, 2019 ਲਈ ਵਰਿੰਦਰ ਅਲੰਕਾਰ ਅਤੇ 2020 ਲਈ ਡਾ. ਸ਼ਰਨ ਕੌਰ ਨੂੰ ਚੁਣਿਆ ਗਿਆ ਹੈ।
6. ਸ਼੍ਰੋਰਮਣੀ ਪੰਜਾਬੀ ਕਵੀ
   ਸਾਲ 2015 ਲਈ ਸੰਤੋਖ ਸਿੰਘ ਸ਼ਹਰਯਾਰ, 2016 ਲਈ ਮਨਜੀਤ ਇੰਦਰਾ, 2017 ਲਈ ਡਾ. ਰਵਿੰਦਰ ਬਟਾਲਾ, 2018 ਲਈ ਜਸਵੰਤ ਜਫ਼ਰ, 2019 ਲਈ ਬਲਵਿੰਦਰ ਸਿੰਘ ਸੰਧੂ ਅਤੇ 2020 ਲਈ ਸ਼ਿਰੀ ਰਾਮ ਅਰਸ਼ ਨੂੰ ਚੁਣਿਆ ਗਿਆ ਹੈ।
7. ਸ਼੍ਰੋਰਮਣੀ ਪੰਜਾਬੀ ਆਲੋਚਕ/ਖੋਜ ਸਾਹਿਤਕਾਰ
   ਸਾਲ 2015 ਲਈ ਡਾ. ਸਤਿੰਦਰ ਸਿੰਘ, 2016 ਲਈ ਬਲਦੇਵ ਸਿੰਘ ਚੀਮਾ, 2017 ਲਈ ਅਮਰਜੀਤ ਗਰੇਵਾਲ, 2018 ਲਈ ਡਾ ਧਨਵੰਤ ਕੌਰ, 2019 ਲਈ ਡਾ. ਸੁਖਦੇਵ ਸਿੰਘ ਸਿਰਸਾ ਅਤੇ 2020 ਲਈ ਸੁਰਿੰਦਰ ਕੁਮਾਰ ਦਵੇਸ਼ਵਰ ਨੂੰ ਚੁਣਿਆ ਗਿਆ ਹੈ।
8. ਸ਼੍ਰੋਰਮਣੀ ਪੰਜਾਬੀ ਗਿਆਨ ਸਾਹਿਤਕਾਰ ਪੁਰਸਕਾਰ
   ਸਾਲ 2015 ਲਈ ਡਾ. ਮਦਨ ਲਾਲ ਹਸੀਜਾ, 2016 ਲਈ ਹਰਪਾਲ ਸਿੰਘ ਪੰਨੂੰ, 2017 ਲਈ ਡਾ. ਅਨੂਪ ਸਿੰਘ, 2018 ਲਈ ਡਾ. ਗਿਆਨ ਸਿੰਘ, 2019 ਲਈ ਡਾ. ਗੁਰਸ਼ਰਨ ਕੌਰ ਜੱਗੀ ਅਤੇ 2020 ਲਈ ਨਿੰਦਰ ਘੁਗਿਆਣਵੀ ਨੂੰ ਚੁਣਿਆ ਗਿਆ ਹੈ।
9. ਸ਼੍ਰੋਰਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ)
   ਸਾਲ 2015 ਲਈ ਸਾਧੂ ਸਿੰਘ ਬਿਗ, 2016 ਲਈ ਇਕਬਾਲ ਮਾਹਿਲ, 2017 ਲਈ ਹਰਜੀਤ ਅਟਵਾਲ, 2018 ਲਈ ਰਵਿੰਦਰ ਸਹਿਰਾਅ, 2019 ਲਈ ਸੁਖਵਿੰਦਰ ਕੰਬੋਜ ਅਤੇ 2020 ਲਈ ਐਸ. ਬਲਵੰਤ ਨੂੰ ਚੁਣਿਆ ਗਿਆ ਹੈ।
10. ਸ਼੍ਰੋਰਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ)

ਸਾਲ 2015 ਲਈ ਡਾ. ਜਸਪਾਲ ਸਿੰਘ , 2016 ਲਈ ਡਾ. ਜਗਬੀਰ ਸਿੰਘ, 2017 ਲਈ ਜੀ ਡੀ ਚੌਧਰੀ, 2018 ਲਈ ਸਵਰਨ ਸਿੰਘ ਵਿਰਕ, 2019 ਲਈ ਬਰਜਿੰਦਰ ਚੌਹਾਨ ਅਤੇ 2020 ਲਈ ਡਾ. ਰਵੀ ਰਵਿੰਦਰ ਨੂੰ ਚੁਣਿਆ ਗਿਆ ਹੈ।

11. ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ

ਸਾਲ 2015 ਲਈ ਅਵਤਾਰ ਸਿੰਘ ਦੀਪਕ, 2016 ਲਈ ਹਰਬੰਸ ਸਿੰਘ ਚਾਵਲਾ, 2017 ਲਈ ਕਰਨੈਲ ਸਿੰਘ ਸੋਮਲ, 2018 ਲਈ ਕੁਲਬੀਰ ਸਿੰਘ ਸੂਰੀ, 2019 ਲਈ ਤੇਜਿੰਦਰ ਹਰਜੀਤ ਅਤੇ 2020 ਲਈ ਬਲਜਿੰਦਰ ਮਾਨ ਨੂੰ ਚੁਣਿਆ ਗਿਆ ਹੈ।

12. ਸ਼੍ਰੋਮਣੀ ਪੰਜਾਬੀ ਪੱਤਰਕਾਰ

ਸਾਲ 2015 ਲਈ ਕੁਲਦੀਪ ਸਿੰਘ ਬੇਦੀ, 2016 ਲਈ ਹਰਬੀਰ ਸਿੰਘ ਭੰਵਰ, 2017 ਲਈ ਸੁਰਿੰਦਰ ਸਿੰਘ ਤੇਜ, 2018 ਲਈ ਚਰਨਜੀਤ ਸਿੰਘ ਭੁੱਲਰ, 2019 ਲਈ ਦਵਿੰਦਰ ਪਾਲ ਅਤੇ 2020 ਲਈ ਜਗੀਰ ਸਿੰਘ ਜਗਤਾਰ ਨੂੰ ਚੁਣਿਆ ਗਿਆ ਹੈ।

13. ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

ਸਾਲ 2015 ਲਈ ਗੁਰਬਚਨ (ਫਿਲਹਾਲ), 2016 ਲਈ ਬਲਬੀਰ ਪਰਵਾਨਾ, 2017 ਲਈ ਪੂਨਮ ਪ੍ਰੀਤਲੜੀ, 2018 ਲਈ ਡਾ. ਹਰਜਿੰਦਰ ਵਾਲੀਆ, 2019 ਲਈ ਕੰਵਰਜੀਤ ਭੱਠਲ ਅਤੇ 2020 ਲਈ ਦਰਸ਼ਨ ਢਿੱਲੋਂ ਨੂੰ ਚੁਣਿਆ ਗਿਆ ਹੈ।

14. ਸ਼੍ਰੋਮਣੀ ਰਾਗੀ

ਸਾਲ 2015 ਲਈ ਭਾਈ ਰਣਧੀਰ ਸਿੰਘ, 2016 ਲਈ ਭਾਈ ਨਰਿੰਦਰ ਸਿੰਘ, 2017 ਲਈ ਭਾਈ ਰਵਿੰਦਰ ਸਿੰਘ, 2018 ਲਈ ਭਾਈ ਮਨਿੰਦਰ ਸਿੰਘ ਸ੍ਰੀਨਗਰ ਵਾਲੇ, 2019 ਲਈ ਡਾ. ਜਸਬੀਰ ਕੌਰ ਅਤੇ 2020 ਲਈ ਭਾਈ ਗੁਰਮੇਲ ਸਿੰਘ ਨੂੰ ਚੁਣਿਆ ਗਿਆ ਹੈ।

15. ਸ਼੍ਰੋਮਣੀ ਢਾਡੀ/ਕਵੀਸ਼ਰ

ਸਾਲ 2015 ਲਈ ਹੰਸ ਸਿੰਘ ਮਾਨੀਖੇੜਾ, 2016 ਲਈ ਜਗਦੇਵ ਸਿੰਘ ਛਾਜਲੀ, 2017 ਲਈ ਮੁਖਤਿਆਰ ਸਿੰਘ ਜਫ਼ਰ, 2018 ਲਈ ਫਜ਼ਲਦੀਨ ਲੋਹਟਬੱਧੀ, 2019 ਲਈ ਭਾਈ ਬਲਬੀਰ ਸਿੰਘ ਬੀਹਲਾ ਅਤੇ 2020 ਲਈ ਦਲਬਾਰਾ ਸਿੰਘ ਉੱਭਾ ਨੂੰ ਚੁਣਿਆ ਗਿਆ ਹੈ।

16. ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਫਿਲਮ ਪੁਰਸਕਾਰ

ਸਾਲ 2015 ਲਈ ਵਿਜੈ ਟੰਡਨ, 2016 ਲਈ ਕੁਲਵਿੰਦਰ ਬੁੱਟਰ, 2017 ਲਈ ਗਿਰਜਾ ਸ਼ੰਕਰ, 2018 ਲਈ ਸੁਰੇਸ਼ ਪੰਡਿਤ, 2019 ਲਈ ਬੀ ਐਨ ਸ਼ਰਮਾ ਅਤੇ 2020 ਲਈ ਪੁਨੀਤ ਸਹਿਗਲ ਨੂੰ ਚੁਣਿਆ ਗਿਆ ਹੈ।

17. ਸ਼੍ਰੋਮਣੀ ਪੰਜਾਬੀ ਨਾਟਕ/ਥੀਏਟਰ ਪੁਰਸਕਾਰ

ਸਾਲ 2015 ਲਈ ਪ੍ਰਾਣ ਸੱਭਰਵਾਲ, 2016 ਲਈ ਕੈਲਾਸ਼ ਕੌਰ, 2017 ਲਈ ਨਵਨਿੰਦਰਾ ਬਹਿਲ, 2018 ਲਈ ਜਸਵੰਤ ਕੌਰ ਦਮਨ, 2019 ਲਈ ਡਾ. ਸਤੀਸ਼ ਕੁਮਾਰ ਵਰਮਾ ਅਤੇ 2020 ਲਈ ਡਾ. ਸਾਹਿਬ ਸਿੰਘ ਨੂੰ ਚੁਣਿਆ ਗਿਆ ਹੈ।

18. ਸ਼੍ਰੋਮਣੀ ਪੰਜਾਬੀ ਗਾਇਕ/ਸੰਗੀਤਕਾਰ

ਸਾਲ 2015 ਲਈ ਚਰਨਜੀਤ ਆਹੂਜਾ, 2016 ਲਈ ਰਣਜੀਤ ਕੌਰ, 2017 ਲਈ ਸਰਦੂਲ ਸਿਕੰਦਰ, 2018 ਲਈ ਹਰਭਜਨ ਮਾਨ, 2019 ਲਈ ਪਾਲੀ ਦੇਤਵਾਲੀਆ ਅਤੇ 2020 ਲਈ ਮੇਜਰ ਸਿੰਘ ਨੂੰ ਚੁਣਿਆ ਗਿਆ ਹੈ।

# ਵੱਖ ਵੱਖ ਪੁਰਸਕਾਰਾਂ ਦੀ ਚੋਣ ਸਮੇਂ ਭਾਸ਼ਾ ਵਿਭਾਗ, ਸਕਰੀਨਿੰਗ ਕਮੇਟੀ ਅਤੇ ਸਲਾਹਕਾਰ ਬੋਰਡ ਵਲੋਂ ਸੁਝਾਏ, ਛਾਂਟੇ ਅਤੇ ਚੁਣੀਆਂ ਗਈਆਂ ਸ਼ਕਸ਼ੀਅਤਾਂ

---

**'ਪੰਜਾਬੀ ਸਾਹਿਤ ਰਤਨ ਪੁਰਸਕਾਰ'**

ਪੰਜਬ ਸਰਕਾਰ ਵੱਲੋਂ ਪੰਜਾਬੀ ਦੇ ਸਾਹਿਤਕਾਰਾਂ ਨੂੰ ਦਿੱਤਾ ਜਾਂਦਾ ਇਹ ਸਭ ਤੋਂ ਵੱਡਾ ਪੁਰਸਕਾਰ ਹੈ। ਇਸ ਪੁਰਸਕਾਰ ਦੀ ਰਾਸ਼ੀ ਦਸ ਲੱਖ ਰੁਪਏ ਹੈ।

------------

**ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ ਇਕ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

"**ਮੱਦ ਨੰਬਰ: 1 ਪੰਜਾਬੀ ਸਾਹਿਤ ਰਤਨ ਪੁਰਸਕਾਰ :**

ਪੰਜਾਬ ਸਰਕਾਰ ਵੱਲੋਂ ਹਰ ਸਾਲ ਇੱਕ " ਪੰਜਾਬੀ ਸਾਹਿਤ ਰਤਨ ਪੁਰਸਕਾਰ " ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਪ੍ਰਦਾਨ ਕਰਨ ਲਈ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਹੈ ਕਿ :

1) ਜਿਹੜਾ ਸਾਹਿਤਕਾਰ ਪਿਛਲੇ ਕਿਸੇ ਸਾਲ ਕੋਈ ਹੋਰ ਸ਼੍ਰੋਮਣੀ ਪੁਰਸਕਾਰ ਪ੍ਰਾਪਤ ਕਰ ਚੁੱਕਾ ਹੈ, ਉਹ ਵੀ ਇਹ ਪੁਰਸਕਾਰ ਲੈਣ ਦਾ ਹੱਕਦਾਰ ਹੋਵੇਗਾ ਪਰ ਜਿਹੜਾ ਸਾਹਿਤਕਾਰ ਪਹਿਲਾਂ ਸਾਹਿਤ ਸ਼੍ਰੋਮਣੀ ਪੁਰਸਕਾਰ ਅਤੇ ਪੰਜਾਬੀ ਸਾਹਿਤ ਰਤਨ ਪੁਰਸਕਾਰ ਨਾਮ ਅਧੀਨ ਪੁਰਸਕਾਰ ਪ੍ਰਾਪਤ ਕਰ ਚੁੱਕਾ ਹੋਵੇ, ਉਹ ਵਿਭਾਗ ਵੱਲੋਂ ਕੋਈ ਹੋਰ ਸ਼੍ਰੋਮਣੀ ਪੁਰਸਕਾਰ ਲੈਣ ਦਾ ਹੱਕਦਾਰ ਨਹੀਂ ਹੋਵੇਗਾ।

2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਸਬੰਧਤ ਵਿਦਵਾਨ ਦੀ ਸਮੁਚੀ ਸਾਹਿਤਕ ਦੇਣ ਭਾਵ ਰਚਨਾਤਮਕ ਖੋਜ, ਆਲੋਚਨਾ, ਸੰਪਾਦਨ, ਕੋਸ਼ਕਾਰੀ, ਟੀਕਾਕਾਰੀ ਆਦ ਵਿੱਚੋਂ ਕਿਸੇ ਇੱਕ ਜਾਂ ਵੱਧ ਵਿਸ਼ਿਆਂ ਵਿੱਚ ਯੋਗਦਾਨ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।

3) ਇਹ ਵਿਦਵਾਨ ਸੰਸਾਰ ਦੇ ਕਿਸੇ ਵੀ ਖਿੱਤੇ ਵਿੱਚ ਰਹਿੰਦਾ ਹੋਵੇ। ਜੇ ਕਰ ਕਿਸੇ ਸਾਲ ਕਿਸੇ ਸਾਹਿਤਕਾਰ ਨੂੰ ਇਸ ਪੁਰਸਕਾਰ ਲਈ ਹੱਕਦਾਰ ਨਾ ਸਮਝਿਆ ਜਾਵੇ ਤਾਂ ਉਸ ਸਾਲ ਇਹ ਪੁਰਸਕਾਰ ਛੱਡਿਆ ਵੀ ਜਾ ਸਕਦਾ ਹੈ।

4) ਇਹ ਫੈਸਲਾ ਵੀ ਕੀਤਾ ਗਿਆ ਸੀ ਕਿ ਇਸ ਪੁਰਸਕਾਰ ਨੂੰ ਕਦੇ ਵੀ ਬ੍ਰੈਕਟਿਡ ਨਾ ਕੀਤਾ ਜਾਵੇ।"

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1.ਓਮ ਪ੍ਰਕਾਸ਼ ਗਾਸੋਂ 2.ਐੱਸ.ਸਾਕੀ 3. ਅਜੀਤ ਕੌਰ 4.ਅਮਰ ਕੋਮਲ (ਡਾ.) 5.ਸਰੂਪ ਸਿੰਘ ਅਲੱਗ 6.ਸੁਰਜੀਤ ਪਾਤਰ (ਡਾ.) 7. ਸੁਰਜੀਤ ਮਰਜਾਰਾ 8.ਹਰਭਜਨ ਹੁੰਦਲ 9.ਕਮਲਜੀਤ ਸਿੰਘ ਬਨਵੈਤ 10.ਗੁਰਬਚਨ ਸਿੰਘ ਭੁੱਲਰ 11.ਗੁਲਜ਼ਾਰ ਸਿੰਘ ਸੰਧੂ

12.ਜਸਬੀਰ ਸਿੰਘ ਭੁੱਲਰ 13.ਤੇਜਵੰਤ ਮਾਨ (ਡਾ.) 14. ਫ਼ਖ਼ਰ ਜ਼ਮਾਨ 15. ਬਲਦੇਵ ਸਿੰਘ (ਸੜਕਨਾਮਾ) 16. ਮਨਜੀਤ ਟਿਵਾਣਾ 17.ਮਨਮੋਹਨ 18.ਰਣਜੀਤ ਸਿੰਘ (ਡਾ.) 19.ਰਤਨ ਸਿੰਘ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

1. ਬਰਜਿੰਦਰ ਸਿੰਘ ਹਮਦਰਦ (ਡਾ.)
2. ਲਖਵਿੰਦਰ ਸਿੰਘ ਜੌਹਲ (ਡਾ.)

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਓਮ ਪ੍ਰਕਾਸ਼ ਗਾਸੋਂ, ਸਰੂਪ ਸਿੰਘ ਅਲੱਗ, ਜਸਬੀਰ ਭੁੱਲਰ

ਸਾਲ 2016: ਗੁਰਬਚਨ ਸਿੰਘ ਭੁੱਲਰ, ਹਰਭਜਨ ਹੁੰਦਲ, ਐਸ. ਸਾਕੀ

ਸਾਲ 2017: ਗੁਲਜ਼ਾਰ ਸਿੰਘ ਸੰਧੂ, ਸੁਰਜੀਤ ਮਰਜਾਰਾ, ਡਾ.ਰਣਜੀਤ ਸਿੰਘ

ਸਾਲ 2018: ਫ਼ਖ਼ਬ ਜ਼ਮਾਨ, ਡਾ.ਅਮਰ ਕੋਮਲ, ਸ.ਕਮਲਜੀਤ ਬਨਵੈਤ

ਸਾਲ 2019: ਡਾ.ਤੇਜਵੰਤ ਮਾਨ, ਗੁਰਦੇਵ ਸਿੰਘ ਰੁਪਾਣਾ, ਡਾ.ਅਜੀਤ ਕੌਰ

ਸਾਲ 2020: ਬਰਜਿੰਦਰ ਸਿੰਘ ਹਮਦਰਦ, ਬਲਦੇਵ ਸੜਕਨਾਮਾ, ਡਾ.ਰਤਨ ਸਿੰਘ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ:** ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਓਮ ਪ੍ਰਕਾਸ਼ ਗਾਸੋਂ

ਸਾਲ 2016: ਗੁਰਬਚਨ ਸਿੰਘ ਭੁੱਲਰ

ਸਾਲ 2017: ਗੁਲਜ਼ਾਰ ਸਿੰਘ ਸੰਧੂ

ਸਾਲ 2018: ਫ਼ਖ਼ਬ ਜ਼ਮਾਨ

ਸਾਲ 2019: ਡਾ.ਤੇਜਵੰਤ ਮਾਨ

ਸਾਲ 2020: ਬਰਜਿੰਦਰ ਸਿੰਘ ਹਮਦਰਦ

----------------------------------------------------

**ਟਿੱਪਣੀ:**

**ਡਾ.ਚਮਨ ਲਾਲ ਵੱਲੋਂ ਭਾਸ਼ਾ ਮੰਤਰੀ ਨੂੰ ਲਿਖੀ ਚਿੱਠੀ ਅਨੁਸਾਰ: ਬੋਰਡ ਦੀ ਮਿਟਿੰਗ ਵਿਚ 'ਅਜੀਤ ਕੌਰ ਦੇ ਪੁਰਸਕਾਰ ਦਾ ਫ਼ੈਸਲਾ ਉਨ੍ਹਾਂ ਦੀ ਯੋਗਤਾ ਦੀ ਥਾਂ ਮੈਂਬਰਾਂ ਦੇ ਹੱਥ ਖੜ੍ਹੇ ਕਰਵਾ ਕੇ ਕੀਤਾ ਗਿਆ। ਉਨ੍ਹਾਂ ਦੇ ਹੱਕ ਵਿਚ ਕੇਵਲ ਚਾਰ ਮੈਂਬਰਾਂ ਨੇ ਹੱਥ ਖੜ੍ਹੇ ਕੀਤੇ।**

## 'ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ'

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ ਇਕ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

"**ਮੱਦ ਨੰਬਰ: 13 ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ** :-

ਰਾਜ ਸਲਾਹਕਾਰ ਬੋਰਡ ਦੀ 28 ਜਨਵਰੀ 2010 ਨੂੰ ਹੋਈ ਇਕੱਤਰਤਾ ਵਿੱਚ ਸਰਬਸੰਮਤੀ ਨਾਲ ਹੋਏ ਫੈਸਲੇ ਅਨੁਸਾਰ ਪੰਜਾਬ ਸਰਕਾਰ ਵੱਲੋਂ ਇਹ ਨਵਾਂ ਪੁਰਸਕਾਰ 2009 ਤੋਂ ਸਥਾਪਤ ਕੀਤਾ ਗਿਆ ਹੈ। ਪੁਰਸਕਾਰ ਅਜਿਹੇ ਪੱਤਰਕਾਰ ਨੂੰ ਦਿੱਤਾ ਜਾਵੇਗਾ ਜਿਸ ਦਾ ਸਬੰਧ ਕਿਸੇ :-

1) ਪੰਜਾਬੀ ਰਸਾਲੇ / ਹਫਤਾਵਾਰੀ ਅਖਬਾਰ ਦੀ ਸੰਪਾਦਨਾ ਜਾਂ ਇਨ੍ਹਾਂ ਵਿੱਚ ਸਾਹਿੱਤਕ ਪੱਤਰਕਾਰੀ ਨਾਲ ਹੋਵੇ।

2) ਉਹ ਸੰਸਾਰ ਦੇ ਕਿਸੇ ਵੀ ਦੇਸ਼ ਦਾ ਜੰਮਪੱਲ / ਅਧਿਵਾਸੀ ਹੋ ਸਕਦਾ ਹੈ।"

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

### (ੳ) ਪਹਿਲੀ ਸੂਚੀ ਵਿਚ ਸ਼ਾਮਲ ਨਾਂ

1. ਅਜੈਬ ਸਿੰਘ ਔਜਲਾ 2.ਅਵਤਾਰ ਸਿੰਘ ਹੋਠੀ 3.ਸੁਭਾਸ਼ ਪੁਰੀ ਅਚਾਰੀਆ (ਡਾ.) 4.ਹਰਜਿੰਦਰ ਸਿੰਘ ਬਸਿਆਲਾ 5.ਹਰਜਿੰਦਰ ਸਿੰਘ ਵਾਲੀਆ (ਡਾ.) 6.ਕਿਰਪਾਲ ਸਿੰਘ ਕਲਕੱਤਾ 7.ਕੰਵਰਜੀਤ ਸਿੰਘ ਭੱਠਲ 8.ਕੁਲਦੀਪ ਸਿੰਘ ਭੱਟੀ 9.ਕੁਲਵੰਤ ਸਿੰਘ ਨਾਰੀਕੇ 10.ਗੁਰਇਕਬਾਲ ਸਿੰਘ 11.ਗੁਰਨਾਮ ਸਿੰਘ ਅਕੀਦਾ 12.ਗੁਰਪ੍ਰੇਮ ਲਹਿਰੀ 13.ਜਸਵੰਤ ਸਿੰਘ ਅਜੀਤ 14.ਜਗੀਰ ਸਿੰਘ ਜਗਤਾਰ 15.ਦਲਜੀਤ ਸਿੰਘ ਅਰੋੜਾ 16.ਨਰਿੰਦਰ ਸਿੰਘ ਡਾਨਸੀਵਾਲ 17.ਪੂਨਮ (ਪ੍ਰੀਤਲੜੀ) 18.ਰਵੇਲ ਸਿੰਘ ਭਿੰਡਰ

### (ਅ) ਦੂਜੀ ਸੂਚੀ ਵਿਚ ਸ਼ਾਮਲ ਨਾਂ

ਕੋਈ ਨਵਾਂ ਨਾਂ ਨਹੀਂ।

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਗੁਰਬਚਨ ਸਿੰਘ 'ਫਿਲਹਾਲ', ਗੁਰਇਕਬਾਲ (ਤ੍ਰਿਸ਼ੰਕੂ), ਗੁਰਪ੍ਰੇਮ ਲਹਿਰੀ

ਸਾਲ 2016: ਬਲਬੀਰ ਪਰਵਾਨਾ, ਦਲਜੀਤ ਸਿੰਘ ਅਰੋੜਾ, ਗੁਰਨਾਮ ਸਿੰਘ ਅਕੀਦਾ

ਸਾਲ 2017: ਪੂਨਮ (ਪ੍ਰੀਤਲੜੀ), ਸੁਭਾਸ਼ ਪੁਰੀ ਅਚਾਰੀਆ, ਵਿਸ਼ਾਲ (ਅੱਖਰ)

ਸਾਲ 2018: ਹਰਜਿੰਦਰ ਵਾਲੀਆ, ਕ੍ਰਾਂਤੀਪਾਲ, ਰਵੇਲ ਸਿੰਘ ਭਿੰਡਰ

ਸਾਲ 2019: ਕੰਵਰਜੀਤ ਸਿੰਘ ਭੱਠਲ (ਕਲਾਕਾਰ), ਅਤਿੰਦਰ ਸੰਧੂ (ਏਕਮ), ਚਰਨਜੀਤ ਸੋਹਲ

ਸਾਲ 2020: ਦਰਸ਼ਨ ਢਿੱਲੋਂ (ਚਰਚਾ), ਕੁਲਵੰਤ ਸਿੰਘ ਨਾਰੀਕੇ, ਕੁਲਦੀਪ ਸਿੰਘ ਭੱਟੀ

## ਰਾਜ ਸਲਾਹਕਾਰ ਬੋਰਡ ਦੀ ਭੂਮਿਕਾ: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਗੁਰਬਚਨ ਸਿੰਘ 'ਫਿਲਹਾਲ'

ਸਾਲ 2016: ਬਲਬੀਰ ਪਰਵਾਨਾ

ਸਾਲ 2017: ਪੂਨਮ (ਪ੍ਰੀਤਲੜੀ)

ਸਾਲ 2018: ਹਰਜਿੰਦਰ ਵਾਲੀਆ

ਸਾਲ 2019: ਕੰਵਰਜੀਤ ਸਿੰਘ ਭੱਠਲ (ਕਲਾਕਾਰ)

ਸਾਲ 2020: ਦਰਸ਼ਨ ਢਿੱਲੋਂ (ਚਰਚਾ)

---

<u>ਟਿੱਪਣੀ:</u>

1. **ਭਾਸ਼ਾ ਵਿਭਾਗ ਵੱਲੋਂ ਗੁਰਬਚਨ ਸਿੰਘ 'ਫਿਲਹਾਲ, ਬਲਬੀਰ ਪਰਵਾਨਾ', ਦਰਸ਼ਨ ਢਿੱਲੋਂ (ਚਰਚਾ'), ਵਿਸ਼ਾਲ (ਅੱਖਰ), ਕ੍ਰਾਂਤੀਪਾਲ, ਅਤਿੰਦਰ ਸੰਧੂ (ਏਕਮ) ਅਤੇ ਚਰਨਜੀਤ ਸੋਹਲ, ਦੇ ਨਾਂ ਨਹੀਂ ਸੁਝਾਏ ਗਏ ਸਨ। ਇਹ 7 ਨਾਂ ਕਮੇਟੀ ਵੱਲੋਂ ਆਪਣੇ ਤੌਰ ਤੇ ਵਿਚਾਰੇ ਅਤੇ ਪੈਨਲਾਂ ਵਿਚ ਸ਼ਾਮਲ ਕੀਤੇ ਗਏ।**
2. **ਇਨ੍ਹਾਂ 7 ਨਾਵਾਂ ਵਿਚੋਂ ਬੋਰਡ ਵੱਲੋਂ 3 ਨਾਵਾਂ (ਗੁਰਬਚਨ ਸਿੰਘ 'ਫਿਲਹਾਲ, ਬਲਬੀਰ ਪਰਵਾਨਾ ਅਤੇ ਦਰਸ਼ਨ ਢਿੱਲੋਂ 'ਚਰਚਾ' ਨੂੰ ਪੁਰਸਕਾਰ ਲਈ ਚੁਣ ਲਿਆ ਗਿਆ।**

## 'ਸ਼੍ਰੋਮਣੀ ਗਿਆਨ ਸਾਹਿਤਕਾਰ ਪੁਰਸਕਾਰ'

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ ਇਕ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**'ਮੱਦ ਨੰ:8 ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਦੀ ਚੋਣ**:

ਸਾਲ 2011 ਦੇ ਪੁਰਸਕਾਰਾਂ ਸਮੇਂ ਪੰਜਾਬੀ ਗਿਆਨ ਸਾਹਿਤ ਤੇ ਆਲੋਚਨਾ ਦੇ ਖੇਤਰ ਵਿਚ ਕਾਰਜ ਕਰਨ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਗਿਆਨ ਸਾਹਿਤਕਾਰ/ਆਲੋਚਕ ਪੁਰਸਕਾਰ ਵਰਗ ਵਿਚ ਸ਼ਾਮਲ ਕੀਤਾ ਹੋਇਆ ਸੀ। ਜਿਸ ਅਧੀਨ ਇੱਕ ਸਾਲ ਪੰਜਾਬੀ ਗਿਆਨ ਸਾਹਿਤਕਾਰ ਅਤੇ ਇੱਕ ਸਾਲ ਪੰਜਾਬੀ ਆਲੋਚਕ ਨੂੰ ਸਨਮਾਨਿਤ ਕੀਤਾ ਜਾਂਦਾ ਸੀ। ਪੁਰਸਕਾਰਾਂ ਲਈ ਨੀਤੀ ਨਿਰਧਾਰਣ ਸਬ-ਕਮੇਟੀ ਦੀ ਮਿਤੀ 09.07.2015 ਨੂੰ ਹੋਈ ਇਕੱਤਰਤਾ ਵਿਚ '**ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ/ਆਲੋਚਕ**' ਸਾਂਝੇ ਪੁਰਸਕਾਰ ਨੂੰ ਵੱਖਰਾ-ਵੱਖਰਾ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਇਸ ਫ਼ੈਸਲੇ ਅਨੁਸਾਰ ਹੁਣ ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਅਤੇ ਸ਼੍ਰੋਮਣੀ ਪੰਜਾਬੀ ਆਲੋਚਕ/ਖੋਜ ਸਾਹਿਤਕਾਰ ਲਈ ਵਿਦਵਾਨ ਦੀ ਚੋਣ ਵੱਖੋ-ਵੱਖਰੀ ਹਰ ਸਾਲ ਕਰਕੇ ਇਹ ਪੁਰਸਕਾਰ ਦਿੱਤਾ ਜਾਵੇਗਾ। ਪੰਜਾਬੀ ਭਾਸ਼ਾ ਤੇ ਸਾਹਿਤ ਦੇ ਸਰਬਪੱਖੀ ਵਿਕਾਸ ਨੂੰ ਮੁੱਖ ਰੱਖਦੇ ਹੋਏ ਇਹ ਪੁਰਸਕਾਰ ਹਰ ਸਾਲ ਵਿਗਿਆਨ/ਕਾਨੂੰਨ/ਮੈਡੀਸਨ/ਇੰਜੀਨੀਅਰਿੰਗ/ਸਮਾਜਿਕ ਵਿਗਿਆਨ/ਧਰਮ/ਇਤਿਹਾਸ/ਕੋਮਲ ਕਲਾਵਾਂ/ਮਿਊਜ਼ਿਕ/ਸ਼ਾਰਟਹੈਂਡ ਅਤੇ ਆਲੋਚਨਾ ਆਦਿ ਖੇਤਰਾਂ ਵਿਚ ਪੰਜਾਬੀ ਭਾਸ਼ਾ ਵਿਚ ਪੁਸਤਕਾਂ ਲਿਖਣ ਵਾਲੇ ਵਿਦਵਾਨਾਂ ਵਿਚੋਂ ਕਿਸੇ ਇੱਕ ਨੂੰ ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਸੰਸਾਰ ਵਿਚ ਕਿਸੇ ਵੀ ਥਾਂ ਰਹਿ ਕੇ ਅਜਿਹੀਆਂ ਪੁਸਤਕਾਂ ਪੰਜਾਬੀ ਵਿਚ ਲਿਖਣ ਵਾਲੇ ਵਿਦਵਾਨਾਂ ਨੂੰ ਦਿੱਤਾ ਜਾ ਸਕਦਾ ਹੈ।

ਇਸ ਪੁਰਸਕਾਰ ਲਈ ਚੁਣੇ ਗਏ ਲੇਖਕ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਪਲੇਕ ਤੇ ਮੈਡਲ ਭੇਟਾ ਕੀਤੇ ਜਾਂਦੇ ਹਨ। ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਇੱਕ ਤੋਂ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।'

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਅਜੀਤ ਸਿੰਘ ਚੰਦਨ 2. ਅਜੀਤਪਾਲ ਸਿੰਘ 3. ਅਨੂਪ ਸਿੰਘ 4. ਅਮਰਜੀਤ ਸਿੰਘ ਕਾਲੇਕਾ ਕੈਪਟਨ) 5. ਅਮਰਜੀਤ ਕੌਰ (ਇੰਬਣ) 6. ਅਮਰਜੀਤ ਕੌਰ (ਡਾ.) 7. ਅਲੀ ਰਾਜਪੁਰਾ 8.ਆਗਿਆਜੀਤ ਸਿੰਘ 9.ਇਕਬਾਲ ਸਿੰਘ ਲਾਲਪੁਰਾ 10. ਐਸ.ਐਸ. ਜੌਹਲ 11. ਸਾਧੂ ਸਿੰਘ ਗੋਬਿੰਦਪੁਰੀ 12. ਸ਼ਿਆਮ ਸੁੰਦਰ 'ਦੀਪਤੀ' (ਡਾ.) 13. ਸੀ.ਪੀ. ਕੰਬੋਜ 14. ਸੁਰਿੰਦਰ ਮੰਡ 15. ਸੂਬਾ ਸੁਰਿੰਦਰ ਕੌਰ ਖਰਲ 16.ਹਰਪਾਲ ਸਿੰਘ ਪੰਨੂ 17. ਕਿਰਪਾਲ ਸਿੰਘ ਬਡੂੰਗਰ 18. ਗਿਆਨ

ਸਿੰਘ (ਡਾ.) 19. ਗੁਰਮੇਲ ਕੌਰ ਜੋਸ਼ੀ 20 ਗੋਬਿੰਦਰ ਸੋਹਲ 21. ਚੈਂਚਲ ਸਿੰਘ ਤਰੰਗ 22. ਜਤਿੰਦਰਪਾਲ ਸਿੰਘ 23. ਜਿਤੇਂਦਰ ਜੈਨ (ਡਾ.) 24. ਜੋਗੇਸ਼ਵਰ ਸਿੰਘ 25. ਦਿਲਜੀਤ ਸਿੰਘ ਬੇਦੀ 26. ਨਰਿੰਦਰ ਸਿੰਘ ਨੰਗਲ 27. ਨਿੰਦਰ ਘੁਗਿਆਣਵੀ

28. ਬਲਵੰਤ ਸਿੰਘ ਢਿੱਲੋਂ 29. ਬਲਵਿੰਦਰ ਸਿੰਘ 30. ਮਦਨ ਲਾਲ ਹਸੀਜਾ (ਡਾ.) 31.ਮੁਹੰਮਦ ਇੰਦਰੀਸ (ਡਾ.) 32. ਰਣਜੀਤ ਕੌਰ (ਡਾ.) 33. ਰੂਪ ਸਿੰਘ ਕਾਹਲੋਂ (ਡਾ.)

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

ਕੋਈ ਨਵਾਂ ਨਾਂ ਨਹੀਂ।

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ2 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਡਾ.ਮਦਨ ਲਾਲ ਹਸੀਜਾ, ਅਜੀਤ ਸਿੰਘ ਚੰਦਨ, ਅਮਰਜੀਤ ਸਿੰਘ ਕਾਲੇਕਾ

ਸਾਲ 2016: ਹਰਪਾਲ ਸਿੰਘ ਪੰਨੂ, ਸਾਧੂ ਸਿੰਘ ਗੋਬਿੰਦਪੁਰੀ, ਦਲਜੀਤ ਸਿੰਘ ਬੇਦੀ

ਸਾਲ 2017: ਡਾ.ਅਨੂਪ ਸਿੰਘ ਬਟਾਲਾ, ਪਰਮਜੀਤ ਕੌਰ ਸਰਹਿੰਦ, ਸੁਰਿੰਦਰ ਮੰਡ

ਸਾਲ 2018: ਡਾ.ਗਿਆਨ ਸਿੰਘ, ਡਾ.ਰਣਜੀਤ ਕੌਰ, ਡਾ.ਅਜੀਤ ਪਾਲ ਸਿੰਘ (ਐਮ.ਡੀ.)

ਸਾਲ 2019: ਸ਼ਾਮ ਸੁੰਦਰ ਦੀਪਤੀ, ਮੁਹੰਮਦ ਇੰਦਰੀਸ਼, ਡਾ.ਗੁਰਸ਼ਰਨ ਕੌਰ ਜੱਗੀ

ਸਾਲ 2020: ਨਿੰਦਰ ਘੁਗਿਆਣਵੀ, ਅਲੀ ਰਾਜਪੁਰਾ, ਚੈਂਚਲ ਸਿੰਘ ਤਰੰਗ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਡਾ.ਮਦਨ ਲਾਲ ਹਸੀਜਾ

ਸਾਲ 2016: ਹਰਪਾਲ ਸਿੰਘ ਪੰਨੂ

ਸਾਲ 2017: ਡਾ.ਅਨੂਪ ਸਿੰਘ ਬਟਾਲਾ

ਸਾਲ 2018: ਡਾ.ਗਿਆਨ ਸਿੰਘ

ਸਾਲ 2019: ਡਾ.ਗੁਰਸ਼ਰਨ ਕੌਰ ਜੱਗੀ

ਸਾਲ 2020: ਨਿੰਦਰ ਘੁਗਿਆਣਵੀ

--------------

**ਟਿੱਪਣੀ:**

1. ਡਾ. ਸਰਦਾਰਾ ਸਿੰਘ ਜੌਹਲ ਅਤੇ ਕਿਰਪਾਲ ਸਿੰਘ ਬਡੂੰਗਰ ਵਰਗੇ ਵਿਦਵਾਨਾਂ ਦੇ ਨਾਂ ਕਿਸੇ ਵੀ ਪੈਨਲ ਵਿਚ ਸ਼ਾਮਲ ਨਹੀਂ ਕੀਤੇ ਗਏ।
2. ਕਮੇਟੀ ਵੱਲੋਂ ਆਪਣੇ ਤੌਰ ਤੇ ਤਿੰਨ ਨਾਂ (ਡਾ.ਅਨੂਪ ਸਿੰਘ ਬਟਾਲਾ, ਪਰਮਜੀਤ ਕੌਰ ਸਰਹਿੰਦ ਅਤੇ ਡਾ.ਗੁਰਸ਼ਰਨ ਕੌਰ ਜੱਗੀ) ਪੈਨਲਾਂ ਵਿਚ ਸ਼ਾਮਲ ਕੀਤੇ ਗਏ। ਇਨ੍ਹਾਂ ਵਿਚੋਂ ਦੋ ਨੂੰ ਪੁਰਸਕਾਰਾਂ ਲਈ ਚੁਣ ਲਿਆ ਗਿਆ।
3. ਕਮੇਟੀ ਵੱਲੋਂ 2019 ਦੇ ਪੁਰਸਕਾਰ ਲਈ ਬਣਾਏ ਪੈਨਲ ਵਿਚ ਡਾ.ਸ਼ਾਮ ਸੁੰਦਰ ਦੀਪਤੀ ਦਾ ਨਾਂ ਪਹਿਲੇ ਨੰਬਰ ਤੇ ਰੱਖਿਆ ਸੀ। ਬੋਰਡ ਵੱਲੋਂ ਇਹ ਨਾਂ ਕੱਟ ਦਿੱਤਾ ਗਿਆ ਅਤੇ ਕਮੇਟੀ ਵਲੋਂ ਇਸੇ ਪੈਨਲ ਵਿਚ ਤੀਜੇ ਨਾਂ ਤੇ ਰੱਖੇ ਡਾ.ਗੁਰਸ਼ਰਨ ਕੌਰ ਜੱਗੀ ਨੂੰ ਪੁਰਸਕਾਰ ਲਈ ਚੁਣ ਲਿਆ ਗਿਆ।

## ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ) ਪੁਰਸਕਾਰ

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ ਇਕ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**'ਮੱਦ ਨੰ:10 ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ) ਦੀ ਚੋਣ:**

ਪੰਜਾਬ ਸਰਕਾਰ ਵੱਲੋਂ ਵਿਭਾਗ ਰਾਹੀਂ ਪੰਜਾਬ ਤੋਂ ਬਾਹਰ ਭਾਰਤ ਦੇ ਹੋਰ ਰਾਜਾਂ ਵਿਚੋਂ ਇੱਕ ਪੰਜਾਬੀ ਸਾਹਿਤਕਾਰ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ )ਪੰਜਾਬੋਂ ਬਾਹਰ) ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਸਥਾਪਤ ਕਰਨ ਦਾ ਮੁੱਖ ਮਨੋਰਥ ਇਹ ਸੀ ਕਿ ਪੰਜਾਬ ਤੋਂ ਬਾਹਰ ਵੱਸਦੇ ਬਹੁਤ ਸਾਰੇ ਪੰਜਾਬੀ ਸਾਹਿਤਕਾਰ ਅਜਿਹੇ ਹਨ ਜਿਨ੍ਹਾਂ ਨੇ ਪੰਜਾਬ ਤੋਂ ਬਾਹਰ ਰਹਿੰਦੇ ਹੋਏ ਪੰਜਾਬੀ ਸਾਹਿਤ ਰਚਨਾ ਵਿਚ ਨਿੱਗਰ ਯੋਗਦਾਨ ਪਾਇਆ ਹੈ ਪਰ ਉਹ ਪੰਜਾਬ ਵਿਚ ਰਹਿੰਦੇ ਪੰਜਾਬੀ ਸਾਹਿਤਕਾਰਾਂ ਦੇ ਮੁਕਾਬਲੇ ਖੜ੍ਹੇ ਨਹੀਂ ਹੋ ਸਕਦੇ। ਇਸ ਲਈ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਲਈ ਉਨ੍ਹਾਂ ਦਾ ਨਾਂ ਵਿਚਾਰਿਆ ਨਹੀਂ ਸੀ ਜਾਂਦਾ। ਇਹ ਪੁਰਸਕਾਰ ਉਸ ਸਾਹਿਤਕਾਰ ਨੂੰ ਦਿੱਤਾ ਜਾਵੇਗਾ ਜੋ:

1) ਭਾਰਤ ਦੇ ਕਿਸੇ ਹੋਰ ਪ੍ਰਾਂਤ ਦਾ ਜੰਮਪਲ ਹੋਵੇ ਜਾਂ ਕਿਸੇ ਹੋਰ ਪ੍ਰਾਂਤ ਵਿਚ ਪਿਛਲੇ ਘੱਟੋ-ਘੱਟ 10 ਸਾਲ ਤੋਂ ਵਾਸੀ/ਅਧਿਵਾਸੀ ਹੋਵੇ ਅਤੇ ਹੁਣ ਵੀ ਉਹ ਪੰਜਾਬ ਤੋਂ ਬਾਹਰ ਕਿਸੇ ਹੋਰ ਪ੍ਰਾਂਤ ਵਿਚ ਰਹਿ ਰਿਹਾ ਹੋਵੇ।

2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਇੱਕ ਤੋਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।

ਇਸ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਮੈਡਲ ਅਤੇ ਪਲੇਕ ਭੇਟਾ ਕੀਤੇ ਜਾਣਗੇ।'

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਅਮਰਜੀਤ ਕੌਰ ਡਾ. (ਅਮੀਆ ਕੁੰਵਰ) 2. ਅਰਕਮਲ ਕੌਰ 3. ਆਤਮਜੀਤ ਹੰਸਪਾਲ 4. ਇਕਬਾਲਦੀਪ

5. ਸਵਿੰਦਰ ਸਿੰਘ ਉੱਪਲ (ਡਾ.) 6. ਸੁਖਚੈਨ ਸਿੰਘ ਭੰਡਾਰੀ 7. ਸੁਦਰਸ਼ਨ ਗਾਸੋ (ਡਾ.) 8. ਸਵਰਨ ਸਿੰਘ ਵਿਰਕ 9. ਹਰਬੰਸ ਸਿੰਘ ਚਾਵਲਾ (ਡਾ.) 10. ਕਰਨਜੀਤ ਸਿੰਘ (ਡਾ.) 11. ਕੀਰਤ ਸਿੰਘ ਇਨਕਲਾਬੀ

12. ਗੁਰਚਰਨ ਸਿੰਘ ਅਰਸ਼ੀ (ਡਾ.) 13.ਗੁਰਚਰਨ ਸਿੰਘ ਗੁਲਸ਼ਨ 14. ਗੁਰਬਖ਼ਸ਼ ਸਿੰਘ ਸੈਣੀ 15. ਗੁਰਾਂਦਿੱਤਾ ਚੌਧਰੀ (ਜੀ.ਡੀ. ਚੌਧਰੀ) 16. ਜਸਬੀਰ ਸਿੰਘ ਸਰਨਾ (ਡਾ.) 17. ਜਸਵਿੰਦਰ ਕੌਰ ਬਿੰਦਰਾ

(ਡਾ.) 18. ਜਗਬੀਰ ਸਿੰਘ (ਡਾ.) 19. ਜੋਗਿੰਦਰ ਸਿੰਘ 'ਸ਼ਾਨ ਕਸ਼ਮੀਰੀ' 20. ਨਛੱਤਰ 21. ਬਖਸ਼ੀਸ਼ ਸਿੰਘ 22. ਬਲਦੇਵ ਸਿੰਘ ਬੱਧਣ 23. ਬਲਬੀਰ ਮਾਧੋਪੁਰੀ 24. ਮਨਜੀਤ ਸਿੰਘ (ਡਾ.) 25.ਰਵੀ ਰਵਿੰਦਰ (ਡਾ.) 26. ਰਾਜਪਾਲ ਸਿੰਘ ਮਸਤਾਨਾ 27. ਰਾਜਿੰਦਰ ਕੌਰ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

1. ਜਸਪਾਲ ਸਿੰਘ (ਡਾ.)

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ2 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਜਸਪਾਲ ਸਿੰਘ, ਇਕਬਾਲ ਦੀਪ, ਡਾ.ਸਵਿੰਦਰ ਸਿੰਘ ਉੱਪਲ

ਸਾਲ 2016: ਜਗਬੀਰ ਸਿੰਘ, ਸੁਖਚੈਨ ਸਿੰਘ ਭੰਡਾਰੀ, ਅਮੀਆ ਕੁੰਵਰ

ਸਾਲ 2017: ਬਲਬੀਰ ਮਾਧੋਪੁਰੀ, ਜੀ.ਡੀ. ਚੌਧਰੀ, ਬਲਦੇਵ ਸਿੰਘ ਬੱਧਣ

ਸਾਲ 2018: ਸਵਰਣ ਸਿੰਘ ਵਿਰਕ, ਬਲਜੀਤ ਰੈਣਾ, ਕੀਰਤ ਸਿੰਘ ਇਨਕਲਾਬੀ

ਸਾਲ 2019: ਬਲਜਿੰਦਰ ਚੌਹਾਨ, ਡਾ.ਮਨਜੀਤ ਸਿੰਘ, ਸਵਾਮੀ ਅੰਤਰ ਨੀਰਵ

ਸਾਲ 2020: ਡਾ.ਰਵੀ ਰਵਿੰਦਰ, ਰਾਜਪਾਲ ਸਿੰਘ ਮਸਤਾਨਾ, ਅਰਕਮਲ ਕੌਰ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਜਸਪਾਲ ਸਿੰਘ

ਸਾਲ 2016: ਜਗਬੀਰ ਸਿੰਘ

ਸਾਲ 2017: ਜੀ.ਡੀ. ਚੌਧਰੀ

ਸਾਲ 2018: ਸਵਰਣ ਸਿੰਘ ਵਿਰਕ

ਸਾਲ 2019: ਬਲਜਿੰਦਰ ਚੌਹਾਨ

ਸਾਲ 2020: ਡਾ.ਰਵੀ ਰਵਿੰਦਰ

--------

<u>ਟਿੱਪਣੀ:</u>

1. **ਇਸ ਪੁਰਸਕਾਰ ਦੀ ਪਹਿਲੀ ਸ਼ਰਤ ਸਾਹਿਤਕਾਰ ਦਾ 'ਕਿਸੇ ਹੋਰ ਪ੍ਰਾਂਤ ਵਿਚ ਪਿਛਲੇ ਘੱਟੋ-ਘੱਟ 10 ਸਾਲ ਤੋਂ ਵਾਸੀ/ਅਧਿਵਾਸੀ ਹੋਣਾ ਹੈ। ਡਾ.ਰਵੀ ਇਹ ਸ਼ਰਤ ਪੂਰੀ ਨਹੀਂ ਕਰਦੇ। ਫੇਰ ਭਾਸ਼ਾ ਵਿਭਾਗ, ਸਕਰੀਨਿੰਗ ਕਮੇਟੀ ਅਤੇ ਸਲਾਹਕਾਰ ਬੋਰਡ ਨੇ ਉਨ੍ਹਾਂ ਨੂੰ ਇਸ ਪੁਰਸਕਾਰ ਦੇ ਯੋਗ ਕਿਵੇਂ ਸਮਝਿਆ?**

2. ਬਲਜਿੰਦਰ ਚੌਹਾਨ ਦਾ ਨਾਂ ਨਾ ਭਾਸ਼ਾ ਵਿਭਾਗ ਨੇ ਨਹੀਂ ਸੀ ਸੁਝਾਇਆ। ਸਕਰੀਨਿੰਗ ਕਮੇਟੀ ਵੱਲੋਂ ਆਪਣੇ ਤੌਰ ਤੇ ਇਹ ਨਾਂ ਪੈਨਲ ਵਿਚ ਸ਼ਾਮਲ ਕੀਤਾ ਗਿਆ। ਇਹ ਸਿਫ਼ਾਰਸ਼ ਸਲਾਹਕਾਰ ਬੋਰਡ ਵੱਲੋਂ ਸਵੀਕਾਰ ਵੀ ਕਰ ਲਈ ਗਈ।
3. ਸਲਾਹਕਾਰ ਬੋਰਡ ਵੱਲੋਂ ਬਲਬੀਰ ਮਾਧੋਪੁਰੀ ਦਾ ਨਾਂ ਕਟਿਆ ਗਿਆ ਅਤੇ ਉਨ੍ਹਾਂ ਦੀ ਥਾਂ ਜੀ.ਡੀ. ਚੌਧਰੀ ਨੂੰ ਪੁਰਸਕਾਰ ਲਈ ਚੁਣਿਆ ਗਿਆ।
4. ਪੁਰਸਕਾਰ ਲਈ ਚੁਣੇ ਗਏ ਕੁੱਝ ਲੇਖਕਾਂ ਦਾ ਕੰਮ 'ਸਾਹਿਤ' ਦੀ ਪ੍ਰਮਾਣਿਤ ਭਾਸ਼ਾ ਵਿਚ ਨਹੀਂ ਆਉਂਦਾ।

## 'ਸ਼੍ਰੋਮਣੀ ਪੰਜਾਬੀ ਪੱਤਰਕਾਰ ਪੁਰਸਕਾਰ'

**ਇਸ ਪੁਰਸਕਾਰ ਲਈ ਸ਼ਰਤਾਂ:** ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ ਇਕ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**"ਮੱਦ ਨੰਬਰ: 12 ਸ਼੍ਰੋਮਣੀ ਪੰਜਾਬੀ ਪੱਤਰਕਾਰ ਦੀ ਚੋਣ**

ਇਹ ਪੁਰਸਕਾਰ ਅਜਿਹੇ ਪੱਤਰਕਾਰ ਨੂੰ ਦਿੱਤਾ ਜਾਵੇਗਾ ਜਿਸ ਦਾ ਸਬੰਧ ਕਿਸੇ ;

1) ਪੰਜਾਬੀ ਅਖਬਾਰ ਦੀ ਸੰਪਾਦਨਾ ਜਾਂ ਪੱਤਰਕਾਰੀ ਨਾਲ ਹੋਵੇ।

2) ਉਹ ਸੰਸਾਰ ਦੇ ਕਿਸੇ ਵੀ ਦੇਸ਼ ਦਾ ਜੰਮਪੱਲ / ਅਧਿਵਾਸੀ ਹੋ ਸਕਦਾ ਹੈ।"

**ਭਾਸ਼ਾ ਵਿਭਾਗ ਦੀ ਭੂਮਿਕਾ:** ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਅਵਤਾਰ ਸਿੰਘ 2. ਸੁਰਿੰਦਰ ਸਿੰਘ ਤੇਜ 3. ਸੁਰਿੰਦਰ ਪਾਲ ਸਿੰਘ 4. ਹਰਬੀਰ ਸਿੰਘ ਭੰਵਰ 5. ਕੁਲਦੀਪ ਸਿੰਘ ਬੇਦੀ 6. ਕੁਲਬੀਰ ਸਿੰਘ 7. ਗੁਰਚਰਨ ਸਿੰਘ ਮੰਨੀ 8. ਗੁਰਨਾਮ ਸਿੰਘ ਆਸ਼ਿਆਨਾ 9. ਗੁਰਬਖ਼ਸ਼ ਸਿੰਘ ਵਿਰਕ 10. ਜਸਪਾਲ ਸਿੰਘ ਸਿੱਧੂ 11. ਜਸਵਿੰਦਰ ਸਿੰਘ ਦਾਖਾ 12. ਜਗਤਾਰ ਸਿੰਘ ਭੁੱਲਰ 13. ਜਗੀਰ ਸਿੰਘ ਜਗਤਾਰ 14. ਜੋਗਿੰਦਰ ਸਿੰਘ 15. ਤਰਲੋਚਨ ਸਿੰਘ ਦਰਦੀ 16. ਦੀਪਕ ਜਲੰਧਰੀ 17. ਪ੍ਰਿਤਪਾਲ ਸਿੰਘ 18. ਬਖਤੌਰ ਢਿੱਲੋਂ 19. ਬਲਜੀਤ ਸਿੰਘ ਬਰਾੜ 20. ਬਲਬੀਰ ਪਰਵਾਨਾ 21. ਭਗਵਾਨ ਦਾਸ 22. ਮਨਮੋਹਨ ਸਿੰਘ ਢਿੱਲੋਂ 23. ਮਨੀਸ਼ ਕੁਮਾਰ 24. ਮੇਜਰਿ ਸਿੰਘ 25.ਰਣਜੀਤ ਸਿੰਘ (ਰਾਣਾ ਰੱਖੜਾ) 26.ਰਾਜੇਸ਼ ਕੁਮਾਰ ਪੰਜੋਲਾ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

1. ਕੁਲਬੀਰ ਸਿੰਘ 2. ਚਰਨਜੀਤ ਭੁੱਲਰ 3. ਦਵਿੰਦਰ ਪਾਲ

**ਸਕਰੀਨਿੰਗ ਕਮੇਟੀ ਦੀ ਭੂਮਿਕਾ:** ਆਪਣੀ 1 ਦਸੰਬਰ 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਕੁਲਦੀਪ ਸਿੰਘ ਬੇਦੀ, ਦੀਪਕ ਜਲੰਧਰੀ, ਜਗਤਾਰ ਸਿੰਘ ਭੁੱਲਰ

ਸਾਲ 2016: ਹਰਬੀਰ ਸਿੰਘ ਭੰਵਰ, ਮਨਮੋਹਨ ਸਿੰਘ ਢਿੱਲੋਂ, ਮੇਜਰ ਸਿੰਘ

ਸਾਲ 2017: ਸੁਰਿੰਦਰ ਸਿੰਘ ਤੇਜ, ਰਾਜੇਸ਼ ਕੁਮਾਰ ਪੰਜੋਲਾ, ਜਸਵਿੰਦਰ ਸਿੰਘ ਦਾਖਾ

ਸਾਲ 2018: ਚਰਨਜੀਤ ਸਿੰਘ ਭੁੱਲਰ, ਬਲਜੀਤ ਬਰਾੜ, ਸੁਰਿੰਦਰਪਾਲ ਸਿੰਘ

ਸਾਲ 2019: ਦੇਵਿੰਦਰਪਾਲ, ਗੁਰਨਾਮ ਸਿੰਘ ਆਸ਼ਿਆਨਾ, ਜੋਗਿੰਦਰ ਸਿੰਘ

ਸਾਲ 2020: ਲਾਟ ਭਿੰਡਰ, ਜਗੀਰ ਸਿੰਘ ਜਗਤਾਰ, ਜਸਪਾਲ ਸਿੰਘ ਸਿੱਧੂ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਕੁਲਦੀਪ ਸਿੰਘ ਬੇਦੀ

ਸਾਲ 2016: ਹਰਬੀਰ ਸਿੰਘ ਭੰਵਰ

ਸਾਲ 2017: ਸੁਰਿੰਦਰ ਸਿੰਘ ਤੇਜ

ਸਾਲ 2018: ਚਰਨਜੀਤ ਸਿੰਘ ਭੁੱਲਰ

ਸਾਲ 2019: ਦੇਵਿੰਦਰਪਾਲ

ਸਾਲ 2020: ਜਗੀਰ ਸਿੰਘ ਜਗਤਾਰ

---------------

<u>ਟਿੱਪਣੀ:</u>

1. **ਭਾਸ਼ਾ ਵਿਭਾਗ ਦੀ ਸੂਚੀ ਵਿਚ ਲਾਟ ਭਿੰਡਰ ਦਾ ਨਾਂ ਸ਼ਾਮਲ ਨਹੀਂ ਸੀ। ਸਕਰੀਨਿੰਗ ਕਮੇਟੀ ਵੱਲੋਂ ਇਹ ਨਾਂ ਆਪਣੇ ਤੌਰ ਤੇ ਸੁਝਾਇਆ ਗਿਆ ਅਤੇ 2020 ਸਾਲ ਦੇ ਪੈਨਲ ਵਿਚ ਪਹਿਲੇ ਨੰਬਰ ਤੇ ਰੱਖਿਆ ਗਿਆ।**
2. **ਸਲਾਹਕਾਰ ਬੋਰਡ ਵੱਲੋਂ ਲਾਟ ਭਿੰਡਰ ਦਾ ਨਾਂ ਕੱਟ ਕੇ ਜਗੀਰ ਸਿੰਘ ਜਗਤਾਰ ਨੂੰ ਪੁਰਸਕਾਰ ਲਈ ਚੁਣ ਲਿਆ ਗਿਆ।**

## 'ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ'

**ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ ਇਕ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**"ਮੱਦ ਨੰਬਰ :2 ਸ਼੍ਰੋਮਣੀ ਪੰਜਾਬੀ ਸਾਹਿਤਕਾਰ ਦੀ ਚੋਣ :-**

ਹਰ ਸਾਲ ਪੰਜਾਬੀ ਦੇ ਇੱਕ ਸਾਹਿਤਕਾਰ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ। ਇਸ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਰੋਪਾ, ਮੈਡਲ ਅਤੇ ਇੱਕ ਪਲੇਕ ਭੇਟਾਂ ਕੀਤੇ ਜਾਣਗੇ। ਇਸ ਪੁਰਸਕਾਰ ਲਈ ਜਰੂਰੀ ਹੈ ਕਿ :-

1) ਸ਼੍ਰੋਮਣੀ ਪੰਜਾਬੀ ਪੁਰਸਕਾਰ ਲਈ ਪੰਜਾਬ ਦਾ ਵਾਸੀ ਹੋਣਾ ਜਰੂਰੀ ਹੈ।

2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਦਾਵਾਂ ਵਿੱਚ ਸਮੂਚੀ ਸਾਹਿਤਕ ਦੇਣ ਨੂੰ ਧਿਆਨ ਵਿੱਚ ਰਖਿਆ ਜਾਣਾ ਹੈ।"

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1.ਅਜੀਤ ਸਿੰਘ (ਡਾ.) 2.ਅਤਰਜੀਤ 3.ਅਤਰਜੀਤ ਕੌਰ ਸੂਰੀ 4.ਅਮਰਜੀਤ ਸਿੰਘ 5.ਈਸ਼ਰ ਸਿੰਘ ਸੋਬਤੀ 6.ਸਤਪਾਲ ਸਿੰਘ 'ਨੂਰ' 7.ਸਤਿਆ ਨੰਦ ਸੇਵਕ 8.ਸੁਖਮਿੰਦਰ ਸੇਖੋਂ 9.ਸੁਖਵੰਤ ਸਿੰਘ ਮਰਵਾਹਾ 10.ਸੁਰਜੀਤ ਤਲਵਾਰ 11.ਸੁਰਜੀਤ ਸਿੰਘ ਪੰਛੀ 12.ਹਰਜਿੰਦਰ ਸਿੰਘ ਦਿਲਗੀਰ 13.ਹਰਦਰਸ਼ਨ ਸਿੰਘ ਸੋਹਲ 14. ਕਰਮਵੀਰ ਸਿੰਘ ਸੂਰੀ 15. ਕਿਰਪਾਲ ਸਿੰਘ ਆਜ਼ਾਦ 16.ਕਿਰਪਾਲ ਕਜ਼ਾਕ 17.ਕੁਲਵਿੰਦਰ ਕੌਰ ਮਿਨਹਾਸ (ਡਾ.) 18.ਕੇ.ਐਲ. ਗਰਗ 19. ਕੇ.ਬੀ.ਐਸ.ਸੋਢੀ 20.ਗੁਰਦੇਵ ਸਿੰਘ ਸਿੱਧੂ 21.ਗੁਰਬਚਨ ਸਿੰਘ ਰਾਹੀ (ਡਾ.) 22.ਗੁਰਮੇਲ ਸਿੰਘ ਬੌਡੇ 23.ਗੁਲਜ਼ਾਰ ਸਿੰਘ ਸ਼ੌਂਕੀ 24. ਗੋਵਰਧਨ ਗੱਬੀ (ਗੋਵਰਧਨ ਲਾਲ ਕੌਸ਼ਲ) 25.ਚਰਨ ਸਿੰਘ (ਅਸ਼ੋਕ ਚਰਨ ਆਲਮਗੀਰ) 26.ਜਸਦੇਵ ਸਿੰਘ ਧਾਲੀਵਾਲ 27.ਜਸਬੀਰ ਸਿੰਘ ਝਬਾਲ 28.ਜਸਬੀਰ ਰਾਣਾ 29.ਜਤਿੰਦਰ ਹਾਂਸ 30.ਜੋਗਿੰਦਰ ਸਿੰਘ ਨਿਰਾਲਾ 31.ਜੋਗਿੰਦਰ ਕੈਰੋਂ (ਡਾ.) 32.ਤਾਰਨ ਕੌਰ ਗੁਜਰਾਲ 33. ਤੇਲੂ ਰਾਮ ਕੁਹਾੜਾ 34.ਦਰਸ਼ਨ ਸਿੰਘ ਗੁਰੂ 35.ਦਰਸ਼ਨ ਸਿੰਘ ਪ੍ਰੀਤੀਮਾਨ 36.ਦਲੀਪ ਸਿੰਘ ਵਾਸਨ 37.ਦੇਵਿੰਦਰ ਦੀਦਾਰ (ਦੀਦਾਰ ਸਿੰਘ) 38.ਨਿਰਮਲ ਜਸਵਾਲ (ਪ੍ਰੋ:) 39.ਪਰਮਜੀਤ ਕੌਰ ਸਰਹਿੰਦ 40.ਪਰਮਜੀਤ ਦਿਓਲ 41.ਪ੍ਰੇਮ ਗੋਰਖੀ 42.ਬਰਜਿੰਦਰ ਚੌਹਾਨ 43.ਬਲਦੇਵ ਸਿੰਘ ਧਾਲੀਵਾਲ 44.ਬਲਬੀਰ ਪਰਵਾਨਾ 45.ਬਲਵਿੰਦਰ ਸਿੰਘ 46.ਬਲਵਿੰਦਰ ਸਿੰਘ ਫ਼ਤਹਿਪੁਰੀ 47.ਬੰਤ ਸਿੰਘ ਚੱਠਾ 48.ਭਗਵੰਤ ਸਿੰਘ (ਡਾ.) 49.ਮਨਜੀਤਪਾਲ ਕੌਰ 50.ਮਿੱਤਰ ਸੈਨ ਮੀਤ 51.ਮੁਖਤਿਆਰ ਸਿੰਘ 52.ਰਾਮ ਨਾਥ ਸ਼ੁਕਲਾ 53.ਰਿਪੁਦਮਨ ਸਿੰਘ ਰੂਪ 54.ਲਾਲ ਸਿੰਘ.

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

1. ਅਨੂਪ ਸਿੰਘ ਬਟਾਲਾ (ਡਾ.)

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਡਾ.ਜੋਗਿੰਦਰ ਸਿੰਘ ਕੈਰੋਂ, ਦਰਸ਼ਨ ਸਿੰਘ ਪ੍ਰੀਤੀਮਾਨ, ਦਲੀਪ ਸਿੰਘ ਵਾਸਨ

ਸਾਲ 2016: ਤਾਰਨ ਗੁਜਰਾਲ, ਸੁਰਜੀਤ ਸਿੰਘ ਪੰਛੀ, ਲਾਲ ਸਿੰਘ

ਸਾਲ 2017: ਕੇ.ਐਲ. ਗਰਗ, ਬਲਵਿੰਦਰ ਸਿੰਘ ਫ਼ਤਹਿਪੁਰੀ, ਗੁਲਜ਼ਾਰ ਸਿੰਘ ਸ਼ੌਂਕੀ

ਸਾਲ 2018: ਅਤਰਜੀਤ, ਬਲਦੇਵ ਧਾਲੀਵਾਲ, ਜਤਿੰਦਰ ਹਾਂਸ

ਸਾਲ 2019: ਪ੍ਰੋ: ਕਿਰਪਾਲ ਕਜ਼ਾਕ, ਜਸਬੀਰ ਰਾਣਾ, ਪ੍ਰੇਮ ਗੋਰਖੀ

ਸਾਲ 2020: ਡਾ.ਮਨਮੋਹਨ, ਸੁਖਮਿੰਦਰ ਸੇਖੋਂ, ਕੇ.ਬੀ.ਐਸ. ਸੋਢੀ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ:** ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਡਾ.ਜੋਗਿੰਦਰ ਸਿੰਘ ਕੈਰੋਂ

ਸਾਲ 2016: ਤਾਰਨ ਗੁਜਰਾਲ

ਸਾਲ 2017: ਕੇ.ਐਲ. ਗਰਗ

ਸਾਲ 2018: ਅਤਰਜੀਤ

ਸਾਲ 2019: ਪ੍ਰੋ: ਕਿਰਪਾਲ ਕਜ਼ਾਕ

ਸਾਲ 2020: ਡਾ.ਮਨਮੋਹਨ

## 'ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ'

**ਇਸ ਪੁਰਸਕਾਰ ਲਈ ਸ਼ਰਤਾਂ:** ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

"**ਮੱਦ ਨੰਬਰ: 6 ਸ਼੍ਰੋਮਣੀ ਪੰਜਾਬੀ ਕਵੀ ਦੀ ਚੋਣ** :-

ਇਹ ਪੁਰਸਕਾਰ ਪੰਜਾਬੀ ਵਿੱਚ ਲਿਖਣ ਵਾਲੇ ਸੰਸਾਰ ਵਿੱਚ ਕਿਸੇ ਵੀ ਥਾਂ ਰਹਿਣ ਵਾਲੇ ਨਾਮਵਰ ਪੰਜਾਬੀ ਕਵੀ ਨੂੰ ਦਿੱਤਾ ਜਾ ਸਕਦਾ ਹੈ। ਇਹ ਜਰੂਰੀ ਨਹੀਂ ਹੈ ਕਿ :-

1) ਸਾਹਿਤਕਾਰ ਪੰਜਾਬ ਦਾ ਜੰਮਪੱਲ ਹੋਵੇ ਜਾਂ ਪੰਜਾਬ ਵਿੱਚ ਰਹਿੰਦਾ ਹੋਵੇ।

2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਦਾਵਾਂ ਵਿੱਚ ਸਮੂਚੀ ਸਾਹਿਤੱਕ ਦੇਣ ਨੂੰ ਧਿਆਨ ਵਿੱਚ ਰੱਖਣ ਦਾ ਫੈਸਲਾ ਕੀਤਾ ਗਿਆ ਸੀ।

ਇਸ ਪੁਰਸਕਾਰ ਲਈ ਚੁਣੇ ਗਏ ਕਵੀ 5.00 ਲੱਖ ਰੁਪਏ ਦੀ ਥੈਲੀ, ਸਰੋਪਾ, ਮੈਡਲ ਅਤੇ ਪਲੇਕ ਭੇਟਾਂ ਕੀਤੇ ਜਾਣਗੇ।"

**ਭਾਸ਼ਾ ਵਿਭਾਗ ਦੀ ਭੂਮਿਕਾ:** ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਅਮਰਜੀਤ ਕੌਂਕੇ (ਡਾ.) 2. ਅਮਰਜੀਤ ਟਾਂਡਾ (ਡਾ.) 3.ਅਮਰੀਕ ਡੋਗਰਾ 4.ਇਕਵਿੰਦਰ ਸਿੰਘ 5. ਈਸ਼ਵਰਦਾਸ ਸਿੰਘ ਸਿੱਧੂ (ਫ਼ਕੀਰ ਈਸ਼ਵਰਦਾਸ) 6. ਸ਼ਹਰਯਾਰ (ਸੰਤੋਖ ਸਿੰਘ) 7.ਸਵਰਨਜੀਤ ਸਵੀ 8.ਸਿਰੀ ਰਾਮ ਅਰਸ਼ 9. ਸੁਹਿੰਦਰਬੀਰ 10.ਸੁਖਦਰਸ਼ਨ ਗਰਗ 11.ਸੁਖਦੇਵ ਸਿੰਘ ਗਰੇਵਾਲ 12.ਸੁਰਿੰਦਰ ਕਾਹਲੋਂ (ਡਾ.) 13.ਸੁਲੱਖਣ ਸਰਹੱਦੀ 14.ਹਰਦੇਵ ਦਿਲਗੀਰ (ਦੇਵ ਥਰੀਕਿਆਂ ਵਾਲਾ) 15.ਕਰਤਾਰ ਸਿੰਘ ਕਾਲੜਾ 16.ਗੁਰਚਰਨ ਕੌਰ ਕੋਚਰ 17.ਗੁਰਚਰਨ ਬੱਧਣ 18.ਗੁਰਮਿੰਦਰ ਸਿੱਧੂ (ਡਾ.)19.ਜਸਵੰਤ ਜਫਰ 20.ਜਰਨੈਲ ਸਿੰਘ ਆਨੰਦ (ਡਾ.) 21.ਜੰਗੀਰ ਸਿੰਘ ਦਿਲਬਰ 22.ਜੈ ਗੋਪਾਲ ਕੋਛੜ 23.ਦਰਸ਼ਨ ਸਿੰਘ ਹੀਰ 24.ਦਲਜੀਤ ਕੌਰ ਦਾਊਂ 25.ਧਰਮ ਸਿੰਘ ਕੰਮੇਆਣਾ 26.ਧਰਮਿੰਦਰ ਸਿੰਘ ਉੱਭਾ 27.ਨਵਰਾਹੀ ਘੁਗਿਆਣਵੀ (ਫ਼ੌਜਾ ਸਿੰਘ ਬਰਾੜ) 28. ਪ੍ਰੀਤਮ ਸੰਧੂ 29. ਬਲਬੀਰ ਸਿੰਘ ਸੈਣੀ 30. ਬਲਵਿੰਦਰ ਸਿੰਘ ਸੰਧੂ 31.ਬਾਬੂ ਸਿੰਘ ਚੌਹਾਨ 32.ਬੀ.ਐਸ. ਰਤਨ 33.ਮਨਜੀਤ ਇੰਦਰਾ 34.ਮਨਮੋਹਨ ਸਿੰਘ (ਡਾ.) 35. ਮਲਕੀਅਤ ਸਿੰਘ 'ਸੁਹਲ' 36.ਮਲਕੀਤ ਸਿੰਘ ਗੁਆਰਾ 37.ਰਵਿੰਦਰ (ਡਾ.) 38.ਰਾਜਿੰਦਰ ਕੌਰ ਬਡਵਾਲ 39.ਰਾਜਿੰਦਰ ਪ੍ਰਦੇਸੀ.

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

1. ਫ਼ਤਹਿਜੀਤ 2.ਵਿਜੇ ਵਿਵੇਕ

**ਸਕਰੀਨਿੰਗ ਕਮੇਟੀ ਦੀ ਭੂਮਿਕਾ:** ਆਪਣੀ 1 ਦਸੰਬਰ 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

## ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ

| | |
|---|---|
| ਸਾਲ 2015: | ਸੰਤੋਖ ਸਿੰਘ ਸ਼ਹਰਯਾਰ, ਡਾ.ਅਮਰਜੀਤ ਸਿੰਘ ਟਾਂਡਾ, ਸੁਖਵਿੰਦਰ ਸਿੰਘ ਵੀਰ |
| ਸਾਲ 2016: | ਮਨਜੀਤ ਇੰਦਰਾ, ਰਜਿੰਦਰ ਕੌਰ ਬਡਵਾਲ, ਗੁਰਚਰਨ ਕੌਰ ਕੋਚਰ |
| ਸਾਲ 2017: | ਡਾ.ਰਵਿੰਦਰ ਬਟਾਲਾ, ਬਲਬੀਰ ਸਿੰਘ ਸੈਣੀ, ਜੰਗੀਰ ਸਿੰਘ ਦਿਲਬਰ |
| ਸਾਲ 2018: | ਜਸਵੰਤ ਜ਼ਫ਼ਰ, ਮਲਕੀਤ ਸਿੰਘ ਸੁਹਲ, ਦਰਸ਼ਨ ਸਿੰਘ ਹੀਰ |
| ਸਾਲ 2019: | ਬਲਵਿੰਦਰ ਸਿੰਘ ਸੰਧੂ, ਸੁਦਰਸ਼ਨ ਗਰਗ, ਡਾ. ਸੁਰਿੰਦਰ ਕਾਹਲੋਂ |
| ਸਾਲ 2020: | ਧਰਮ ਸਿੰਘ ਕੰਮੇਆਣਾ, ਸਿਰੀ ਰਾਮ ਆਰਸ਼, ਬੀ.ਐਸ. ਰਤਨ |

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ:** ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

| | |
|---|---|
| ਸਾਲ 2015: | ਸੰਤੋਖ ਸਿੰਘ ਸ਼ਹਰਯਾਰ |
| ਸਾਲ 2016: | ਮਨਜੀਤ ਇੰਦਰਾ |
| ਸਾਲ 2017: | ਡਾ.ਰਵਿੰਦਰ ਬਟਾਲਾ |
| ਸਾਲ 2018: | ਜਸਵੰਤ ਜ਼ਫ਼ਰ |
| ਸਾਲ 2019: | ਬਲਵਿੰਦਰ ਸਿੰਘ ਸੰਧੂ |
| ਸਾਲ 2020: | ਸਿਰੀ ਰਾਮ ਅਰਸ਼ |

---

**ਟਿੱਪਣੀ:**

1. **ਕਮੇਟੀ ਵੱਲੋਂ ਛਾਂਟੀ ਲਈ ਇਹ 41 ਨਾਂ ਹੀ ਵਿਚਾਰੇ ਗਏ। ਆਪਣੇ ਵੱਲੋਂ ਇੱਕ ਵੀ ਨਵਾਂ ਨਾਂ ਨਹੀਂ ਵਿਚਾਰਿਆ ਗਿਆ।**
2. **ਸਕਰੀਨਿੰਗ ਕਮੇਟੀ ਵੱਲੋਂ 2020 ਦੇ ਪੁਰਸਕਾਰ ਲਈ ਪਹਿਲੇ ਨੰਬਰ ਤੇ ਧਰਮ ਸਿੰਘ ਕੰਮੇਆਣਾ ਦਾ ਨਾਂ ਰੱਖਿਆ ਗਿਆ ਸੀ। ਸਲਾਹਕਾਰ ਬੋਰਡ ਵੱਲੋਂ ਕੰਮੇਆਣਾ ਦੀ ਥਾਂ ਸਿਰੀ ਰਾਮ ਅਰਸ਼ ਨੂੰ ਚੁਣਿਆ ਗਿਆ।**

## 'ਸ਼੍ਰੋਮਣੀ ਪੰਜਾਬੀ ਅਲੋਚਕ/ਖੋਜ ਸਾਹਿਤਕਾਰ ਪੁਰਸਕਾਰ'

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ ਇਕ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**'ਮੱਦ ਨੰ:7 ਸ਼੍ਰੋਮਣੀ ਪੰਜਾਬੀ ਆਲੋਚਕ/ਖੋਜ ਸਾਹਿਤਕਾਰ ਪੁਰਸਕਾਰ ਦੀ ਚੋਣ:**

ਸਾਲ 2011 ਦੇ ਪੁਰਸਕਾਰਾਂ ਸਮੇਂ ਆਲੋਚਨਾ ਦੇ ਖੇਤਰ ਵਿਚ ਕਾਰਜ ਕਰਨ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਗਿਆਨ ਸਾਹਿਤਕਾਰ ਪੁਰਸਕਾਰ ਵਰਗ ਅਧੀਨ ਸ਼ਾਮਲ ਕੀਤਾ ਹੋਇਆ ਸੀ ਜਿਸ ਅਧੀਨ ਇੱਕ ਸਾਲ ਪੰਜਾਬੀ ਗਿਆਨ ਸਾਹਿਤਕਾਰ ਅਤੇ ਇੱਕ ਸਾਲ ਪੰਜਾਬੀ ਆਲੋਚਕ ਨੂੰ ਸਨਮਾਨਿਤ ਕੀਤਾ ਜਾਂਦਾ ਸੀ। ਪੁਰਸਕਾਰਾਂ ਲਈ ਨੀਤੀ ਨਿਰਧਾਰਣ ਸਬ-ਕਮੇਟੀ ਦੀ ਮਿਤੀ 09.07.2015 ਨੂੰ ਹੋਈ ਇਕੱਤਰਤਾ ਵਿਚ **'ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ/ਆਲੋਚਕ'** ਸਾਂਝੇ ਪੁਰਸਕਾਰ ਨੂੰ ਵੱਖਰਾ-ਵੱਖਰਾ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਇਸ ਫ਼ੈਸਲੇ ਅਨੁਸਾਰ ਸ਼੍ਰੋਮਣੀ ਪੰਜਾਬੀ ਆਲੋਚਕ/ਖੋਜ ਸਾਹਿਤਕਾਰ ਲਈ ਵੱਖਰਾ ਪੁਰਸਕਾਰ ਸਥਾਪਿਤ ਕਰ ਦਿੱਤਾ ਗਿਆ ਹੈ। ਪੰਜਾਬੀ ਭਾਸ਼ਾ ਤੇ ਸਾਹਿਤ ਦੇ ਸਰਬਪੱਖੀ ਵਿਕਾਸ ਨੂੰ ਮੁੱਖ ਰੱਖਦੇ ਹੋਏ ਇਹ ਪੁਰਸਕਾਰ ਹਰ ਸਾਲ ਆਲੋਚਨਾ ਅਤੇ ਖੋਜ ਦੇ ਖੇਤਰ ਵਿਚ ਪੰਜਾਬੀ ਭਾਸ਼ਾ ਵਿਚ ਪੁਸਤਕਾਂ ਲਿਖਣ ਵਾਲੇ ਲੇਖਕਾਂ ਨੂੰ ਦਿੱਤਾ ਜਾਵੇਗਾ। ਇਹ ਪੁਰਸਕਾਰ ਸੰਸਾਰ ਵਿਚ ਕਿਸੇ ਵੀ ਥਾਂ ਰਹਿ ਕੇ ਅਜਿਹੀਆਂ ਪੁਸਤਕਾਂ ਪੰਜਾਬੀ ਵਿਚ ਲਿਖਣ ਵਾਲੇ ਵਿਦਵਾਨਾਂ ਨੂੰ ਦਿੱਤਾ ਜਾ ਸਕਦਾ ਹੈ।

ਇਸ ਪੁਰਸਕਾਰ ਲਈ ਚੁਣੇ ਗਏ ਲੇਖਕ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਪਲੇਕ ਤੇ ਮੈਡਲ ਭੇਟਾ ਕੀਤੇ ਜਾਂਦੇ ਹਨ। ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਇੱਕ ਤੋਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਵੀ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।'

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1.ਊਸ਼ਾ ਖੰਨਾ (ਡਾ.) 2.ਉਜਾਗਰ ਸਿੰਘ ਸਹਿਗਲ 3.ਅਨੂਪ ਸਿੰਘ (ਡਾ.) 4.ਇੰਦਰਜੀਤ ਸਿੰਘ ਵਾਸੂ (ਡਾ.) 5.ਸਤਿੰਦਰ ਸਿੰਘ (ਡਾ.) 6.ਸਰਬਜਿੰਦਰ ਸਿੰਘ 7.ਸਰਬਜੀਤ ਸਿੰਘ (ਡਾ.) 8.ਸਾਹਿਬ ਸਿੰਘ ਅਰਸ਼ੀ 9.ਸੁਖਦਿਆਲ ਸਿੰਘ 10.ਸੁਖਦੇਵ ਸਿੰਘ (ਡਾ.) 11.ਸੁਰਿੰਦਰ ਕੁਮਾਰ ਦਵੇਸ਼ਵਰ (ਡਾ.) 12. ਹਰਨੇਕ ਸਿੰਘ ਕੋਮਲ (ਡਾ.) 13.ਹਰਬੰਸ ਸਿੰਘ ਧੀਮਾਨ (ਡਾ.) 14. ਕੁਲਵੰਤ ਕੌਰ (ਡਾ.) 15.ਕੇ.ਐਸ. ਰਾਜੂ 16.ਗੁਰਸ਼ਰਨ ਕੌਰ ਜੱਗੀ (ਡਾ.) 17.ਗੁਰਬਚਨ 18.ਜਸਪਾਲ ਕੌਰ ਕਾਂਗ (ਡਾ.) 19.ਜਗਦੀਪ ਕੌਰ (ਡਾ.) 20.ਜਗੀਰ ਸਿੰਘ ਨੂਰ (ਡਾ.) 21.ਜੋਗਾ ਸਿੰਘ (ਡਾ.) 22.ਤਿਲਕ ਰਾਜ ਸ਼ੰਗਾਰੀ 23.ਧਨਵੰਤ ਕੌਰ (ਡਾ.) 24.ਧਰਮ ਸਿੰਘ (ਡਾ.) 25.ਨਾਹਰ ਸਿੰਘ 26.ਪ੍ਰਭਜੀਤ ਕੌਰ (ਡਾ.) 27.ਬ੍ਰਹਮਜਗਦੀਸ਼ ਸਿੰਘ (ਪ੍ਰੋ.) 28. ਬਲਜੀਤ ਕੌਰ 29.ਬਲਦੇਵ ਸਿੰਘ ਚੀਮਾ (ਡਾ.) 30.ਬਲਦੇਵ ਸਿੰਘ

ਧਾਲੀਵਾਲ 31.ਬਿਕਰਮ ਸਿੰਘ ਘੁੰਮਣ (ਡਾ.) 32.ਭੀਮ ਇੰਦਰ ਸਿੰਘ (ਡਾ.) 33.ਮਨਜਿੰਦਰ ਸਿੰਘ (ਡਾ.) 34.ਰਘਬੀਰ ਸਿੰਘ ਭਰਤ 35. ਰਵਿੰਦਰ ਕੁਮਾਰ (ਰਵਿੰਦਰ ਰਵੀ ਡਾ.)

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

ਅਮਰਜੀਤ ਗਰੇਵਾਲ

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਡਾ.ਸਤਿੰਦਰ ਸਿੰਘ, ਰਘਬੀਰ ਸਿੰਘ ਭਰਤ, ਸਾਹਿਬ ਸਿੰਘ ਅਰਸ਼ੀ

ਸਾਲ 2016: ਡਾ.ਬਲਦੇਵ ਸਿੰਘ ਚੀਮਾ, ਪ੍ਰੋ.ਬ੍ਰਹਮ ਜਗਦੀਸ਼, ਡਾ.ਬਿਕਰਮ ਸਿੰਘ ਘੁੰਮਣ

ਸਾਲ 2017: ਡਾ.ਅਮਰਜੀਤ ਗਰੇਵਾਲ, ਡਾ.ਜਗੀਰ ਸਿੰਘ ਨੂਰ, ਡਾ.ਹਰਨੇਕ ਸਿੰਘ ਕੋਮਲ

ਸਾਲ 2018: ਡਾ.ਧਨਵੰਤ ਕੌਰ, ਡਾ.ਪ੍ਰਭਜੀਤ ਕੌਰ, ਡਾ.ਕੁਲਵੰਤ ਕੌਰ

ਸਾਲ 2019: ਸ.ਸੁਖਦੇਵ ਸਿਰਸਾ, ਡਾ.ਮਨਜਿੰਦਰ ਸਿੰਘ, ਡਾ.ਊਸ਼ਾ ਖੰਨਾ

ਸਾਲ 2020: ਸੁਰਿੰਦਰ ਕੁਮਾਰ ਦਵੇਸ਼ਵਰ, ਤਿਲਕ ਰਾਜ ਸ਼ੰਗਾਰੀ, ਕੇ.ਐਸ. ਰਾਜੂ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਡਾ.ਸਤਿੰਦਰ ਸਿੰਘ

ਸਾਲ 2016: ਡਾ.ਬਲਦੇਵ ਸਿੰਘ ਚੀਮਾ

ਸਾਲ 2017: ਡਾ.ਅਮਰਜੀਤ ਗਰੇਵਾਲ

ਸਾਲ 2018: ਡਾ.ਧਨਵੰਤ ਕੌਰ

ਸਾਲ 2019: ਸ.ਸੁਖਦੇਵ ਸਿਰਸਾ

ਸਾਲ 2020: ਸੁਰਿੰਦਰ ਕੁਮਾਰ ਦਵੇਸ਼ਵਰ

## 'ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਪੁਰਸਕਾਰ'

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ ਇਕ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**'ਮੱਦ ਨੰ:9 ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਦੀ ਚੋਣ:**

ਵਿਦੇਸ਼ਾਂ ਵਿਚ ਰਹਿ ਕੇ ਪੰਜਾਬੀ ਸਾਹਿਤ ਦੀ ਸੇਵਾ ਕਰਨ ਵਾਲੇ ਕਿਸੇ ਇੱਕ ਸਾਹਿਤਕਾਰ ਨੂੰ ਹਰ ਸਾਲ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ (ਵਿਦੇਸ਼ੀ) ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸ ਸਬੰਧੀ ਫ਼ੈਸਲਾ ਕੀਤਾ ਗਿਆ ਕਿ ਇਹ ਪੁਰਸਕਾਰ:

1) ਕੇਵਲ ਉਨ੍ਹਾਂ ਸਾਹਿਤਕਾਰਾਂ ਨੂੰ ਦਿੱਤਾ ਜਾਵੇ ਜਿਨ੍ਹਾਂ ਨੂੰ ਵਿਦੇਸ਼ਾਂ ਵਿਚ ਰਹਿੰਦੇ ਹੋਏ ਘੱਟੋ-ਘੱਟ 10 ਸਾਲ ਹੋ ਗਏ ਹੋਣ ਅਤੇ ਉਹ ਇਸ ਸਮੇਂ ਵੀ ਵਿਦੇਸ਼ ਵਿਚ ਰਹਿ ਰਿਹਾ ਹੋਵੇ।
2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਇੱਕ ਤੋਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।
3) ਇਸ ਪੁਰਸਕਾਰ ਲਈ ਕੋਈ ਵੀ ਸਾਹਿਤਕਾਰ ਵਿਚਾਰਿਆ ਜਾ ਸਕਦਾ ਹੈ ਭਾਵੇਂ ਉਸ ਦਾ ਮੂਲ ਵਿਦੇਸ਼ੀ ਹੋਵੇ, ਭਾਵ ਇਹ ਜ਼ਰੂਰੀ ਨਹੀਂ ਕਿ ਉਹ ਪੰਜਾਬ ਜਾਂ ਭਾਰਤ ਦਾ ਜੰਮਪਲ ਹੋਵੇ।

ਇਸ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਮੈਡਲ ਅਤੇ ਪਲੇਕ ਭੇਟਾ ਕੀਤੇ ਜਾਣਗੇ।'

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਉਜਾਗਰ ਸਿੰਘ ਕੰਵਲ 2. ਅਸ਼ੋਕ ਕੁਮਾਰ (ਐਸ.ਅਸ਼ੋਕ ਭੌਰਾ) 3. ਅਮਰਜੀਤ ਸਿੰਘ ਖੇਲਾ 4. ਅਮਰਜੀਤ ਕੌਰ 5. ਐਸ. ਬਲਵੰਤ 6. ਐਨ. ਕੌਰ (ਨਛੱਤਰ ਕੌਰ ਬਰਾੜ) 7. ਇਕਬਾਲ ਮਾਹਲ 8.ਸੰਤੋਖ ਸਿੰਘ ਪੱਡਾ (ਗਿ.) 9. ਸ਼ਮਸ਼ੇਰ ਸਿੰਘ ਸੰਧੂ 10. ਸਾਧੂ ਸਿੰਘ 11. ਸਾਧੂ ਸਿੰਘ ਬਨਿੰਗ 12. ਸੁਖਦੇਵ ਸਿੰਘ ਸਿੱਧੂ 13. ਸੁਖਵਿੰਦਰ ਸਿੰਘ ਕੰਬੋਜ 14. ਸੁਖਿੰਦਰ 15. ਸੁਰਜੀਤ ਸਿੰਘ ਪੰਛੀ 16. ਸੁਰਜੀਤ ਕਲਸੀ 17. ਸੁਰਿੰਦਰ ਸਿੰਘ ਸੀਰਤ 18. ਸੁਰਿੰਦਰ ਸਿੰਘ ਸੁੰਨੜ 19. ਸੁਰਿੰਦਰ ਸੋਹਲ 20. ਸ਼ੇਰ ਸਿੰਘ ਕੰਵਲ 21. ਹਰਚੰਦ ਸਿੰਘ ਬਾਗੜੀ 22. ਹਰਜੀਤ ਅਟਵਾਲ 23.ਹਰਭਜਨ ਸਿੰਘ ਮਾਂਗਟ 24.ਕ੍ਰਿਸ਼ਨ ਭਨੋਟ 25. ਕਵਿੰਦਰ ਚਾਂਦ 26. ਖੋਜੀ ਕਾਫ਼ਿਰ (ਭੁਪਿੰਦਰ ਸਿੰਘ ਢਿੱਲੋਂ) 27. ਗੁਰਦਿਆਲ ਸਿੰਘ

ਰਾਏ 28. ਗੁਰਦੀਪ ਸਿੰਘ ਗਰੇਵਾਲ 29. ਗੁਰਨਾਮ ਸਿੰਘ ਗਿੱਲ 30. ਗੁਰਮੀਤ ਸਿੰਘ ਸੰਧੂ (ਗੁਰਮੀਤ ਸੰਧੂ) 31. ਚਰਨ ਸਿੰਘ 32. ਜਰਨੈਲ ਸਿੰਘ ਸੇਖਾ 33. ਜੀਵਨ ਸਿੰਘ ਮਾਂਗਟ 34. ਜੈਤੇਗ ਸਿੰਘ ਆਨੰਤ 35.ਜੋਗਿੰਦਰ ਸਿੰਘ ਧਾਮੀ 36.ਦਰਸ਼ਨ ਬੁਲੰਦਵੀ 37. ਨਦੀਮ ਪਰਮਾਰ 38. ਨਿਰਪਾਲ ਸਿੰਘ ਸ਼ੇਰਗਿੱਲ 39. ਬਲਬੀਰ ਸਿੰਘ ਮੋਮੀ 40. ਬਲਿਹਾਰ ਸਿੰਘ ਰੰਧਾਵਾ 41. ਮਹਿੰਦਰ ਸਿੰਘ ਗਿੱਲ (ਗਿੱਲ ਮੋਰਾਂਵਾਲੀ) 42.ਮੰਗਾ ਸਿੰਘ ਬਾਸੀ 43. ਮਦਨ ਲਾਲ ਮਧੂ 44. ਮਿੱਤਰ ਰਾਸ਼ਾ 45. ਮੁਸ਼ਤਾਕ (ਮੁਸ਼ਤਾਕ ਸਿੰਘ) 46. ਮੋਹਣ ਸਿੰਘ ਕੁੱਕੜ ਪਿੰਡੀਆ 47. ਰਣਜੀਤ ਸਿੰਘ ਰਾਣਾ 48. ਰਵਿੰਦਰ ਸਿੰਘ ਸਹਿਰਾਅ 49.ਰਾਜਿੰਦਰ ਸਿੰਘ ਜਾਹਲੀ 50. ਲਛਮਣ ਸਿੰਘ ਰਾਠੋਰ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

1. ਈਸ਼ਵਰ ਨਾਹਿਦ 2. ਦਰਸ਼ਨ ਢਿੱਲੋਂ

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ2 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਸਾਧੂ ਸਿੰਘ ਬਿਨਿੰਗ, ਮੰਗਾ ਬਾਸੀ, ਬਲਿਹਾਰ ਸਿੰਘ ਰੰਧਾਵਾ

ਸਾਲ 2016: ਇਕਬਾਲ ਮਾਹਲ, ਸੁਖਦੇਵ ਸਿੱਧੂ, ਸੁਰਿੰਦਰ ਸੋਹਲ

ਸਾਲ 2017: ਹਰਜੀਤ ਅਟਵਾਲ, ਦਰਸ਼ਨ ਬੁਲੰਦਵੀ, ਮੋਹਨ ਸਿੰਘ ਕੁੱਕੜਪਿੰਡੀਆ

ਸਾਲ 2018: ਰਵਿੰਦਰ ਸਹਿਰਾਅ, ਨਦੀਮ ਪਰਮਾਰ, ਚਰਨ ਸਿੰਘ

ਸਾਲ 2019: ਸੁਖਵਿੰਦਰ ਕੰਬੋਜ, ਰਾਜਿੰਦਰ ਸਿੰਘ ਜਾਹਲੀ, ਲੱਛਮਣ ਸਿੰਘ ਰਾਠੋਰ!

ਸਾਲ 2020: ਐਸ ਬਲਵੰਤ, ਸੁਰਜੀਤ ਕਲਸੀ, ਕ੍ਰਿਸ਼ਨ ਭਨੋਟ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਸਾਧੂ ਸਿੰਘ ਬਿਨਿੰਗ

ਸਾਲ 2016: ਇਕਬਾਲ ਮਾਹਲ

ਸਾਲ 2017: ਹਰਜੀਤ ਅਟਵਾਲ

ਸਾਲ 2018: ਰਵਿੰਦਰ ਸਹਿਰਾਅ

ਸਾਲ 2019: ਸੁਖਵਿੰਦਰ ਕੰਬੋਜ

ਸਾਲ 2020: ਐਸ ਬਲਵੰਤ

---

**ਟਿੱਪਣੀ:**

**1. ਭਾਸ਼ਾ ਵਿਭਾਗ ਵੱਲੋਂ ਇਸ ਸ਼੍ਰੇਣੀ ਲਈ ਵੱਡੀ ਗਿਣਤੀ ਵਿਚ (52) ਨਾਂ ਸੁਝਾਏ ਗਏ।**

**2. ਬਿਨਾਂ ਜੀਵਨ ਵੇਰਵੇ ਦੇ ਹੀ ਦਰਸ਼ਨ ਢਿੱਲੋਂ ਦਾ ਨਾਂ ਸੁਝਾਅ ਦਿੱਤਾ ਗਿਆ।**

## 'ਸ਼੍ਰੋਮਣੀ ਰਾਗੀ ਪੁਰਸਕਾਰ'

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ ਇਕ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**'ਮੱਦ ਨੰ:14 ਸ਼੍ਰੋਮਣੀ ਰਾਗੀ ਦੀ ਚੋਣ:**

ਸਾਲ 2011 ਦੇ ਪੁਰਸਕਾਰਾਂ ਸਮੇਂ ਇਸ ਪੁਰਸਕਾਰਾਂ ਦਾ ਨਾਮ ਸ਼੍ਰੋਮਣੀ ਰਾਗੀ/ਢਾਡੀ/ਕਵੀਸ਼ਰ ਸੀ ਜਿਸ ਅਧੀਨ ਹਰ ਸਾਲ ਰਾਗੀ/ਢਾਡੀ/ਕਵੀਸ਼ਰ ਵਿਚੋਂ ਕਿਸੇ ਇੱਕ ਜੱਥੇ ਦੇ ਮੁੱਖੀ ਦੀ ਚੋਣ ਕੀਤੀ ਜਾਂਦੀ ਸੀ। ਪਰੰਤੂ ਪੁਰਸਕਾਰਾਂ ਲਈ ਨੀਤੀ ਨਿਰਧਾਰਣ ਸਬ-ਕਮੇਟੀ ਦੀ ਮਿਤੀ 09.07.2015 ਨੂੰ ਹੋਈ ਇਕੱਤਰਤਾ ਵਿਚ ਹੋਏ ਫ਼ੈਸਲੇ ਅਨੁਸਾਰ ਸ਼੍ਰੋਮਣੀ ਰਾਗੀ ਪੁਰਸਕਾਰ ਨੂੰ ਢਾਡੀ/ਕਵੀਸ਼ਰ ਪੁਰਸਕਾਰ ਨਾਲੋਂ ਵੱਖਰਾ ਕਰ ਦਿੱਤਾ ਗਿਆ ਹੈ:

1) ਇਹ ਪੁਰਸਕਾਰ ਗੁਰਬਾਣੀ/ਸ਼ਬਦ ਕੀਰਤਨ ਗਾਉਣ ਵਾਲੇ ਰਾਗੀ ਜੱਥੇ ਦੇ ਮੁੱਖੀ ਨੂੰ ਦਿੱਤਾ ਜਾਂਦਾ ਹੈ।

2) ਇਹ ਪੁਰਸਕਾਰ ਸੰਸਾਰ ਵਿਚ ਕਿਤੇ ਵੀ ਰਹਿ ਰਹੇ ਪ੍ਰਸਿੱਧ ਰਾਗੀ ਨੂੰ ਦਿੱਤਾ ਜਾ ਸਕਦਾ ਹੈ।

ਇਸ ਪੁਰਸਕਾਰ ਲਈ ਚੁਣੇ ਗਏ ਜੱਥੇ ਦੇ ਮੁੱਖੀ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਪਲੇਕ ਅਤੇ ਮੈਡਲ ਭੇਟਾ ਕੀਤੇ ਜਾਂਦੇ ਹਨ।'

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਭਾਈ ਅੰਮ੍ਰਿਤਪਾਲ ਸਿੰਘ 2.ਭਾਈ ਸਰਬਜੀਤ ਸਿੰਘ 3. ਭਾਈ ਸਰਬਜੀਤ ਸਿੰਘ ਰੰਗੀਲਾ 4. ਭਾਈ ਹਰਬੰਸ ਸਿੰਘ ਘੁੱਲਾ 5. ਭਾਈ ਹਰਿੰਦਰਪਾਲ ਸਿੰਘ 6. ਭਾਈ ਗੁਰਚਰਨ ਸਿੰਘ ਰਸੀਆ 7. ਭਾਈ ਗੁਰਮੀਤ ਸਿੰਘ ਸ਼ਾਂਤ 8. ਭਾਈ ਗੁਰਮੇਲ ਸਿੰਘ 9. ਭਾਈ ਜਗਮੋਹਨ ਸਿੰਘ 10. ਭਾਈ ਜਬਰਤੋੜ ਸਿੰਘ 11. ਭਾਈ ਬਲਦੀਪ ਸਿੰਘ 12. ਭਾਈ ਮਨਿੰਦਰ ਸਿੰਘ 13. ਭਾਈ ਰਣਧੀਰ ਸਿੰਘ 14. ਭਾਈ ਰਵਿੰਦਰ ਸਿੰਘ 15. ਭਾਈ ਰਾਏ ਸਿੰਘ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

1. ਭਾਈ ਸੁਖਦੇਵ ਸਿੰਘ 2. ਭਾਈ ਨਰਿੰਦਰ ਸਿੰਘ

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ2 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਭਾਈ ਰਣਧੀਰ ਸਿੰਘ, ਭਾਈ ਜਬਰਤੋੜ ਸਿੰਘ

ਸਾਲ 2016: ਭਾਈ ਨਰਿੰਦਰ ਸਿੰਘ ਬਨਾਰਸੀ, ਭਾਈ ਹਰਬੰਸ ਸਿੰਘ ਘੁੱਲਾ

ਸਾਲ 2017: ਭਾਈ ਰਵਿੰਦਰ ਸਿੰਘ, ਭਾਈ ਗੁਰਮੇਲ ਸਿੰਘ

ਸਾਲ 2018: ਭਾਈ ਮਨਿੰਦਰ ਸਿੰਘ 'ਸ੍ਰੀਨਗਰ ਵਾਲੇ', ਭਾਂਈ ਗੁਰਮੀਤ ਸਿੰਘ ਸ਼ਾਂਤ

ਸਾਲ 2019: ਪ੍ਰਿੰ. ਸੁਖਵੰਤ ਸਿੰਘ ਟਾਂਗਰਾ, ਭਾਈ ਸਰਬਜੀਤ ਸਿੰਘ ਰੰਗੀਲਾ

ਸਾਲ 2020: ਭਾਈ ਰਾਏ ਸਿੰਘ, ਡਾ. ਜਸਬੀਰ ਕੌਰ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਭਾਈ ਰਣਧੀਰ ਸਿੰਘ

ਸਾਲ 2016: ਭਾਈ ਨਰਿੰਦਰ ਸਿੰਘ ਬਨਾਰਸੀ

ਸਾਲ 2017: ਭਾਈ ਰਵਿੰਦਰ ਸਿੰਘ

ਸਾਲ 2018: ਭਾਈ ਮਨਿੰਦਰ ਸਿੰਘ 'ਸ੍ਰੀਨਗਰ ਵਾਲੇ'

ਸਾਲ 2019: ਡਾ.ਜਗਬੀਰ ਕੌਰ

ਸਾਲ 2020: ਭਾਈ ਗੁਰਮੇਲ ਸਿੰਘ

---

**ਟਿੱਪਣੀ:**

**ਸਲਾਹਕਾਰ ਬੋਰਡ ਨੇ ਪੈਨਲਾਂ ਵਿਚ ਵੱਡੀ ਫੇਰ ਬਦਲ ਕੀਤੀ।**

1. **2019 ਦੇ ਪੁਰਸਕਾਰ ਲਈ ਕਮੇਟੀ ਵੱਲੋਂ ਛਾਂਟੇ ਦੋਵੇਂ ਨਾਂ (ਪ੍ਰਿੰ.ਸੁਖਵੰਤ ਸਿੰਘ ਟਾਂਗਰਾ ਅਤੇ ਭਾਈ ਸਰਬਜੀਤ ਸਿੰਘ ਰੰਗੀਲਾਵੀ) ਕੱਟ ਦਿਤੇ ਗਏ। ਉਨ੍ਹਾਂ ਦੀ ਥਾਂ, ਕਮੇਟੀ ਵੱਲੋਂ 2020 ਦੇ ਪੁਰਸਕਾਰ ਲਈ ਪੈਨਲ ਵਿਚ 2 ਨੰਬਰ ਤੇ ਰੱਖੇ, ਡਾ.ਜਗਬੀਰ ਕੌਰ ਨੂੰ ਚੁਣਿਆ ਗਿਆ।**
2. **ਇਸੇ ਤਰਾਂ 2020 ਦੇ ਪੁਰਸਕਾਰ ਲਈ ਕਮੇਟੀ ਵੱਲੋਂ ਪਹਿਲੇ ਨੰਬਰ ਤੇ ਰੱਖੇ ਭਾਈ ਰਾਏ ਸਿੰਘ ਦਾ ਨਾਂ ਕੱਟ ਦਿਤਾ ਗਿਆ। ਉਨ੍ਹਾਂ ਦੀ ਥਾਂ ਕਮੇਟੀ ਵਲੋਂ 2017 ਦੇ ਪੈਨਲ ਵਿਚ 2 ਨੰਬਰ ਤੇ ਰੱਖੇ ਭਾਈ ਗੁਰਮੇਲ ਸਿੰਘ ਨੂੰ ਚੁਣਿਆ ਗਿਆ।**

## ਸ਼੍ਰੋਮਣੀ ਹਿੰਦੀ ਸਾਹਿਤਕਾਰ ਪੁਰਸਕਾਰ

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**'ਮੱਦ ਨੰ:3 ਸ਼੍ਰੋਮਣੀ ਹਿੰਦੀ ਸਾਹਿਤਕਾਰ ਦੀ ਚੋਣ**:

ਹਰ ਸਾਲ ਹਿੰਦੀ ਦੇ ਇੱਕ ਸਾਹਿਤਕਾਰ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਮੈਡਲ ਅਤੇ ਪਲੇਕ ਭੇਟਾ ਕੀਤੇ ਜਾਣਗੇ। ਪੁਰਸਕਾਰ ਪ੍ਰਾਪਤ ਕਰਨ ਵਾਲੇ ਸਾਹਿਤਕਾਰ ਲਈ ਇਹ ਜ਼ਰੂਰੀ ਹੈ ਕਿ:

1) ਸਾਹਿਤਕਾਰ ਪੰਜਾਬ ਦਾ ਜੰਮਪਲ ਹੋਵੇ ਜਾਂ ਇੱਥੋਂ ਦਾ ਅਧਿਵਾਸੀ ਹੋਵੇਪਰ ਜਿਸ ਸਾਹਿਤਕਾਰ ਨੂੰ ਵੀ ਪੁਰਸਕਾਰ ਦਿੱਤਾ ਜਾ ਰਿਹਾ ਹੋਵੇ ਉਹ ਜੇਕਰ ਪੰਜਾਬ ਦੇ ਅਧਿਵਾਸੀ ਹੋਣ ਕਾਰਣ ਇਸ ਪੁਰਸਕਾਰ ਤੇ ਹੱਕ ਰੱਖਦਾ ਹੋਵੇ ਤਾਂ ਉਸ ਦੇ ਪੰਜਾਬ ਵਿਚ ਅਧਿਵਾਸ ਦਾ ਸਮਾਂ ਘੱਟੋ–ਘੱਟ 10 ਸਾਲ ਦਾ ਜ਼ਰੂਰ ਹੋਵੇ ਅਤੇ ਉਹ ਇਸ ਸਮੇਂ ਪੰਜਾਬ ਵਿਚ ਰਹਿ ਰਿਹਾ ਹੋਵੇ।

2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਿਆ ਜਾਣਾ ਹੈ।'

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਅਜੇ ਸ਼ਰਮਾ (ਡਾ.) 2. ਅਨਿਲ ਪਠਾਨਕੋਟੀ 3. ਅਮਰ ਸਿੰਘ ਵਧਾਨ (ਡਾ.) 4. ਸ਼ਸ਼ੀ ਕਾਂਤ ਉੱਪਲ

5. ਸ਼ਸ਼ੀ ਪ੍ਰਭਾ (ਡਾ.) 6. ਸ਼ਕੁੰਤਲਾ ਸ੍ਰੀਵਾਸਤਵ (ਪ੍ਰੋ.) 7. ਸ਼ਕੁੰਤਲਾ ਬ੍ਰਿਜਮੋਹਨ 8. ਸੰਜੇ ਕੁਮਾਰ ਸੂਦ (ਸਾਗਰ ਸੂਦ) 9.ਸਤਯ ਪ੍ਰਕਾਸ਼ ਉੱਪਲ 10. ਸਤਿਅੰਦਰ ਤਨੇਜਾ 11. ਸਨੇਹ ਲਤਾ 12. ਸਿਮਰ ਸੁਦੇਸ਼ (ਸਿਮਰ ਸਿੰਘ ਸਫ਼ਰੀ) 13. ਸੁਕੀਰਤੀ ਭਟਨਾਗਰ 14. ਸੁਖਵਿੰਦਰ ਕੌਰ ਬਾਠ 15. ਸੁਧਾ ਅਰੋੜਾ

16. ਸੁਧਾ ਜੈਨ ਸੁਦੀਪ 17. ਸੁਧਾ ਰਾਨੀ ਸ਼ਰਮਾ (ਡਾ. ਸੁਧਾ ਜਿਤੇਂਦਰ) 18. ਸੁਭਾਸ਼ ਭਾਸਕਰ

19. ਸੁਭੱਦਰਾ ਖੁਰਾਨਾ 20. ਸੁੱਭਦਰਸ਼ਨ (ਡਾ.) 21. ਸੁਰਜੀਤ ਸਿੰਘ ਜੋਬਨ 22. ਸੁਰਿੰਦਰ ਕੁਮਾਰ ਸ਼ਰਮਾ 'ਅਜਨਾਤ' 23. ਸ਼ੈਲੀ ਬਲਜੀਤ 24. ਹਰਸ਼ ਕੁਮਾਰ ਹਰਸ਼ 25. ਹਰਜਿੰਦਰ ਸਿੰਘ ਲਾਲਟੂ 26.ਹਰਦਰਸ਼ਨ ਸਹਿਗਲ 27. ਕਸ਼ਮੀਰੀ ਲਾਲ ਚਾਵਲਾ 28. ਕਮਲ ਕੁਮਾਰ 29. ਕ੍ਰਿਸ਼ਨ ਕੁਮਾਰ ਭਾਵੁਕ 30. ਕੀਰਤੀ ਕੇਸਰ 31. ਕੁਲਤਾਰ ਸਿੰਘ 32. ਕੁਲਭੂਸ਼ਣ ਕਾਲੜਾ 33. ਕੇਵਲ ਕ੍ਰਿਸ਼ਨ ਸ਼ਰਮਾ (ਡਾ.) 34. ਗੀਤਾ ਡੋਗਰਾ 35. ਗੁਰਚਰਨ ਸਿੰਘ ਸਲੁਜਾ 36. ਗੋਪਾਲ ਕ੍ਰਿਸ਼ਨ (ਗੋਪਾਲ ਸ਼ਰਮਾ ਫਿਰੋਜ਼ਪੁਰੀ) 37. ਚੰਦਰ ਭਾਨੂੰ ਆਰੀਆ 38।

ਜਸਬੀਰ ਸਿੰਘ ਚਾਵਲਾ 39. ਜਗਮੋਹਨ ਚੋਪੜਾ 40. ਜਵਾਹਰ ਧੀਰ (ਡਾ.) 41. ਜੇ.ਬੀ. ਗੋਇਲ 42. ਜੈ ਦੇਵ ਤਨੇਜਾ 43. ਜੋਗੇਸ਼ ਕੌਰ 44. ਤਾਰਾ ਸਿੰਘ ਸ਼੍ਰੀਮਤੀ (ਡਾ.) 45. ਦਰਸ਼ਨ ਕੁਮਾਰ ਤ੍ਰਿਪਾਠੀ 46.ਧਰਮਾਪਲ ਸਾਹਿਲ 47. ਨਵੀਨ ਕਮਲ ਭਾਰਤੀ 48. ਨਿਰਮਲ ਕੌਸ਼ਿਕ (ਡਾ.) 49. ਪੰਕਜ ਸ਼ਰਮਾ 50. ਪ੍ਰੇਮ ਵਿਜ 51. ਬਲਦੇਵ ਦੀਪ 52. ਬਲੀ ਸਿੰਘ ਚੀਮਾ 53.ਮਹੇਸ਼ ਸੀਲਵੀ 54. ਮਧੂ ਧਵਨ (ਡਾ.) 55. ਮਧੂ ਬਾਲਾ (ਡਾ.) 56. ਮਨਜੀਤ ਕੌਰ (ਡਾ.) 57. ਮਨੋਹਰ ਲਾਲ ਆਨੰਦ 58. ਮਨੋਜ ਕੁਮਾਰ 'ਪ੍ਰੀਤ' 59. ਮੋਹਨ ਲਾਲ ਮੈਤ੍ਰੇਯ 60. ਯਸ਼ਪਾਲ ਸ਼ਰਮਾ 61. ਯਸ਼ਪਾਲ ਬਾਂਗੀਆ 62. ਰਮੇਸ਼ ਕੁਮਾਰ ਲੇਖੀ 'ਅਹਿਸਾਸ' 63. ਰਾਜੀ ਸੇਠ 64. ਰਾਜੇਂਦਰ ਸਿੰਘ ਟੌਂਕੀ 65. ਰੇਣੂਕਾ ਨਈਅਰ 66. ਵਿਨੋਦ ਸ਼ਾਹੀ 67. ਵਿਮਲਾ ਗੁਗਲਾਨੀ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

1. ਜਸਪ੍ਰੀਤ ਕੌਰ ਫ਼ਲਕ

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ2 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਵਿਨੋਦ ਸ਼ਾਹੀ, ਧਰਮਾਪਲ ਸਾਹਿਲ, ਸ਼ੈਲੀ ਬਲਜੀਤ

ਸਾਲ 2016: ਸੁਖਵਿੰਦਰ ਕੌਰ ਬਾਠ, ਸਿਮਰ ਸਦੌਸ਼, ਜੈ ਦੇਵ ਤਨੇਜਾ

ਸਾਲ 2017: ਹਰਸ਼ ਕੁਮਾਰ ਹਰਸ਼, ਅਨਿਲ ਪਠਾਨਕੋਟੀ, ਹਰਜਿੰਦਰ ਸਿੰਘ ਲਾਲਟੂ

ਸਾਲ 2018: ਬਲੀ ਸਿੰਘ ਚੀਮਾ, ਸ਼ਸ਼ੀਕਾਂਤ ਉੱਪਲ, ਸਤਯ ਪ੍ਰਕਾਸ਼ ਉੱਪਲ

ਸਾਲ 2019: ਡਾ.ਅਜੈ ਸ਼ਰਮਾ, ਡਾ.ਨਿਰਮਲ ਕੌਸ਼ਿਕ, ਸ਼ਕੁੰਤਲਾ ਸ਼੍ਰੀਵਾਸਤਵ

ਸਾਲ 2020: ਡਾ.ਕੀਰਤੀ ਕੇਸਰ, ਕ੍ਰਿਸ਼ਨ ਭਾਵੁਕ, ਹਰਦਰਸ਼ਨ ਸਹਿਗਲ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਵਿਨੋਦ ਸ਼ਾਹੀ

ਸਾਲ 2016: ਸੁਖਵਿੰਦਰ ਕੌਰ ਬਾਠ

ਸਾਲ 2017: ਰਾਜੀ ਸੇਠ

ਸਾਲ 2018: ਬਲੀ ਸਿੰਘ ਚੀਮਾ

ਸਾਲ 2019: ਡਾ.ਅਜੈ ਸ਼ਰਮਾ

ਸਾਲ 2020: ਡਾ.ਕੀਰਤੀ ਕੇਸਰ

----------------------------------------------

<u>ਟਿੱਪਣੀ:</u>

1. ਇਸ ਸ਼੍ਰੇਣੀ ਦੇ ਪੁਰਸਕਾਰਾਂ ਦੇ ਹੱਕਦਾਰ ਸਾਹਿਤਕਾਰ ਚੁਨਣ ਲਈ ਵਿਸ਼ੇਸ਼ ਤੌਰ ਤੇ ਹਿੰਦੀ ਦੇ ਤਿੰਨ ਵਿਦਵਾਨ ਸਲਾਹਕਾਰ ਬੋਰਡ ਵਿਚ ਨਾਮਜ਼ਦ ਕੀਤੇ ਗਏ ਸਨ। ਸਕਰੀਨਿੰਗ ਕਮੇਟੀ ਵਿਚ ਇਸ ਸ਼੍ਰੇਣੀ ਦੀ ਪ੍ਰਤੀਨਿਧਤਾ ਡਾ.ਅਨਿਲ ਧੀਮਾਨ ਨੇ ਕੀਤੀ।
2. ਪ੍ਰੋ.ਚਮਨ ਲਾਲ ਵੱਲੋਂ ਇਸ ਸ਼੍ਰੇਣੀ ਲਈ 7 ਨਾਂ ਸੁਝਾਏ ਗਏ। ਭਾਸ਼ਾ ਵਿਭਾਗ ਨੇ ਇਹ ਸਾਰੇ ਨਾਂ ਆਪਣੇ ਵੱਲੋਂ ਸੁਝਾਏ ਗਏ ਨਾਵਾਂ ਦੀ ਸੂਚੀ ਵਿਚ ਸ਼ਾਮਲ ਕਰ ਲਏ।
3. ਸਕਰੀਨਿੰਗ ਕਮੇਟੀ ਨੇ ਸੱਤਾਂ ਵਿਚੋਂ ਚਾਰ ਨਾਂ ਪੈਨਲਾਂ ਵਿਚ ਪਾ ਲਏ।
4. ਸਲਾਹਕਾਰ ਬੋਰਡ ਨੇ ਚਾਰ ਵਿਚੋਂ ਇੱਕ ਬਲੀ ਸਿੰਘ ਚੀਮਾ ਨੂੰ ਪੁਰਸਕਾਰ ਲਈ ਚੁਣ ਲਿਆ।
5. ਸੱਤ ਵਿਚੋਂ ਕੇਵਲ ਇੱਕ ਸਾਹਿਤਕਾਰ ਦਾ ਚੁਣਿਆ ਜਾਣਾ ਪ੍ਰੋ.ਚਮਨ ਲਾਲ ਨੂੰ ਮੰਨਜ਼ੂਰ ਨਹੀਂ ਸੀ। ਉਨ੍ਹਾਂ ਨੇ ਸਲਾਹਕਾਰ ਬੋਰਡ ਦੀ ਮੀਟਿੰਗ ਵਿਚ ਬਾਕੀ ਦੇ ਸਾਹਿਤਕਾਰਾਂ ਦੀ ਚੋਣ ਦਾ ਡੱਟਵਾਂ ਵਿਰੋਧ ਕੀਤਾ।
6. ਡਾ.ਸੁਰਜੀਤ ਪਾਤਰ ਅਤੇ ਕੁਝ ਹੋਰ ਮੈਂਬਰਾਂ ਦੀ ਸਹਾਇਤਾ ਨਾਲ ਉਹ ਰਾਜ ਸੇਠੀ ਨੂੰ ਵੀ 2017 ਦਾ ਪੁਰਸਕਾਰ ਦਿਵਾਉਣ ਵਿਚ ਸਫ਼ਲ ਹੋ ਗਏ। ਇਸ ਸਫ਼ਲਤਾ ਦਾ ਜ਼ਿਕਰ ਪ੍ਰੋ.ਚਮਨ ਲਾਲ ਨੇ ਭਾਸ਼ਾ ਮੰਤਰੀ ਨੂੰ ਲਿਖੀ ਆਪਣੀ ਚਿੱਠੀ ਵਿਚ ਕੀਤਾ ਹੈ : 'Eminent Hindi Novelist Raji Seth aged 85 years was also not shortlisted, but due to my pleadings and support from Surjit Patar like Writers, she could be chosen for the award.' (ਹਿੰਦੀ ਦੀ ਪ੍ਰਸਿੱਧ ਨਾਵਲਕਾਰ ਰਾਜੀ ਸੇਠ ਜਿਨ੍ਹਾਂ ਦੀ ਉਮਰ 85 ਸਾਲ ਹੈ ਦਾ ਨਾਂ ਵੀ ਪੁਰਸਕਾਰ ਲਈ ਨਹੀਂ ਸੀ ਛਾਂਟਿਆ ਗਿਆ। ਮੇਰੇ ਤਰਕਾਂ ਅਤੇ ਸੁਰਜੀਤ ਪਾਤਰ ਵਰਗੇ ਲੇਖਕਾਂ ਦੀ ਸਹਾਇਤਾ ਨਾਲ ਉਨ੍ਹਾਂ ਨੂੰ ਪੁਰਸਕਾਰ ਲਈ ਚੁਣਿਆ ਗਿਆ।)

## 'ਸ਼੍ਰੋਮਣੀ ਢਾਡੀ/ਕਵੀਸ਼ਰ ਪੁਰਸਕਾਰ'

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**'ਮੱਦ ਨੰ:15 ਸ਼੍ਰੋਮਣੀ ਢਾਡੀ/ਕਵੀਸ਼ਰ ਦੀ ਚੋਣ:**

ਸਾਲ 2011 ਦੇ ਪੁਰਸਕਾਰਾਂ ਸਮੇਂ ਇਸ ਪੁਰਸਕਾਰ ਦਾ ਨਾਮ ਸ਼੍ਰੋਮਣੀ ਰਾਗੀ/ਢਾਡੀ/ਕਵੀਸ਼ਰ ਸੀ ਜਿਸ ਅਧੀਨ ਹਰ ਸਾਲ ਰਾਗੀ/ਢਾਡੀ/ਕਵੀਸ਼ਰ ਵਿਚੋਂ ਕਿਸੇ ਇੱਕ ਜੱਥੇ ਦੇ ਮੁੱਖੀ ਦੀ ਚੋਣ ਕੀਤੀ ਜਾਂਦੀ ਸੀ। ਪਰੰਤੂ ਪੁਰਸਕਾਰਾਂ ਲਈ ਨੀਤੀ ਨਿਰਧਾਰਣ ਸਬ-ਕਮੇਟੀ ਦੀ ਮਿਤੀ 09.07.2015 ਨੂੰ ਹੋਈ ਇਕੱਤਰਤਾ ਵਿਚ ਹੋਏ ਫ਼ੈਸਲੇ ਅਨੁਸਾਰ ਸ਼੍ਰੋਮਣੀ ਢਾਡੀ/ਕਵੀਸ਼ਰ ਪੁਰਸਕਾਰ ਨੂੰ ਸ਼੍ਰੋਮਣੀ ਰਾਗੀ ਨਾਲੋਂ ਵੱਖਰਾ ਕਰ ਦਿੱਤਾ ਗਿਆ ਹੈ:

1) ਇਹ ਪੁਰਸਕਾਰ ਧਾਰਮਿਕ ਵਾਰਾਂ ਅਤੇ ਸਿੱਖ ਇਤਿਹਾਸ ਨੂੰ ਗਾਉਣ ਵਾਲੇ ਢਾਡੀ/ਕਵੀਸ਼ਰ ਦੇ ਜੱਥੇ ਦੇ ਮੁੱਖੀ ਨੂੰ ਦਿੱਤਾ ਜਾਂਦਾ ਹੈ।
2) ਇਹ ਪੁਰਸਕਾਰ ਸੰਸਾਰ ਵਿਚ ਕਿਤੇ ਵੀ ਰਹਿ ਰਹੇ ਪ੍ਰਸਿੱਧ ਢਾਡੀ/ਕਵੀਸ਼ਰ ਨੂੰ ਦਿੱਤਾ ਜਾ ਸਕਦਾ ਹੈ।

ਇਸ ਪੁਰਸਕਾਰ ਲਈ ਚੁਣੇ ਗਏ ਜੱਥੇ ਦੇ ਮੁੱਖੀ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਪਲੇਕ ਅਤੇ ਮੈਡਲ ਭੇਟਾ ਕੀਤੇ ਜਾਂਦੇ ਹਨ।'

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਬੀਬੀ ਆਸ਼ੂਪ੍ਰੀਤ ਕੌਰ 2. ਭਾਈ ਸੁਰਿੰਦਰ ਸਿੰਘ ਜੌਹਰ 3. ਭਾਈ ਹੰਸ ਸਿੰਘ ਮਾਹਣੀਖੇੜਾ 4.ਉਸਤਾਦ ਹਰਭਜਨ ਸਿੰਘ ਨਾਮਧਾਰੀ 5. ਕੁਲਜੀਤ ਸਿੰਘ ਦਿਲਬਰ 6. ਭਾਈ ਗੁਰਮੁਖ ਸਿੰਘ 7. ਭਾਈ ਜਸਪਾਲ ਸਿੰਘ ਤਾਨ 8. ਜਗਦੇਵ ਸਿੰਘ ਛਾਜਲੀ 9. ਭਾਈ ਬਲਬੀਰ ਸਿੰਘ ਬੀਲ੍ਹਾ 10. ਬਲਿਹਾਰ ਸਿੰਘ ਢੀਂਡਸਾ 11. ਭਾਈ ਮਹਿਮਾ ਸਿੰਘ ਅਰਸ਼ੀ 12. ਮੁਖਤਿਆਰ ਸਿੰਘ ਜਫ਼ਰ 13.ਰੂਪ ਸਿੰਘ ਅਲਬੇਲਾ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

1.ਦਰਬਾਰਾ ਸਿੰਘ ਉਭਾ 2. ਫ਼ਜ਼ਲਦੀਨ

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ2 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਹੰਸਾ ਸਿੰਘ ਮਾਹਣੀਖੇੜਾ, ਮਹਿਮਾ ਸਿੰਘ ਅਰਸ਼ੀ

ਸਾਲ 2016: ਜਗਦੇਵ ਸਿੰਘ ਛਾਜਲੀ, ਰੂਪ ਸਿੰਘ ਅਲਬੇਲਾ

ਸਾਲ 2017: ਮੁਖਤਿਆਰ ਸਿੰਘ ਜ਼ਫ਼ਰ, ਗੁਰਮੁਖ ਸਿੰਘ

ਸਾਲ 2018: ਫ਼ਜ਼ਲਦੀਨ ਲੋਹਟਬੱਧੀ, ਸੁਰਿੰਦਰ ਸਿੰਘ ਜੌਹਰ

ਸਾਲ 2019: ਭਾਈ ਬਲਬੀਰ ਸਿੰਘ ਬੀਲ੍ਹਾ, ਬਲਿਹਾਰ ਸਿੰਘ ਢੀਂਡਸਾ

ਸਾਲ 2020: ਦਰਬਾਰਾ ਸਿੰਘ ਉਭਾ, ਕੁਲਜੀਤ ਸਿੰਘ ਦਿਲਬਰ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਹੰਸਾ ਸਿੰਘ ਮਾਹਣੀਖੇੜਾ

ਸਾਲ 2016: ਜਗਦੇਵ ਸਿੰਘ ਛਾਜਲੀ

ਸਾਲ 2017: ਮੁਖਤਿਆਰ ਸਿੰਘ ਜ਼ਫ਼ਰ

ਸਾਲ 2018: ਫ਼ਜ਼ਲਦੀਨ ਲੋਹਟਬੱਧੀ

ਸਾਲ 2019: ਭਾਈ ਬਲਬੀਰ ਸਿੰਘ ਬੀਲ੍ਹਾ

ਸਾਲ 2020: ਦਰਬਾਰਾ ਸਿੰਘ ਉਭਾ

## 'ਸ਼੍ਰੋਮਣੀ ਪੰਜਾਬੀ ਗਾਇਕ/ਸੰਗੀਤਕਾਰ'

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**'ਮੱਦ ਨੰਬਰ 18 ਸ਼੍ਰੋਮਣੀ ਪੰਜਾਬੀ ਗਾਇਕ / ਸੰਗੀਤਕਾਰ ਪੁਰਸਕਾਰ:**

1) ਪੰਜਾਬ ਸਰਕਾਰ ਵੱਲੋਂ ਮਾਤਭਾਸ਼ਾ ਪੰਜਾਬੀ ਦੇ ਪ੍ਰਚਾਰ / ਪ੍ਰਸਾਰ ਲਈ ਸਾਫ ਸੁਥਰੀ ਗਾਇਕੀ ਰਾਹੀਂ ਆਪਣਾ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਗਾਇਕਾਂ / ਸੰਗੀਤਕਾਰਾਂ ਲਈ ਸਾਲ 2007 ਤੋਂ ਇੱਕ ਵਖਰਾ ਪੁਰਸਕਾਰ ਸਥਾਪਤ ਕੀਤਾ ਗਿਆ ਹੈ । ਇਸ ਪੁਰਸਕਾਰ ਲਈ ਚੁਣੇ ਗਏ ਗਾਇਕ/ਸੰਗੀਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਰੋਪਾ, ਮੈਡਲ ਅਤੇ ਪਲੇਕ ਭੇਟਾਂ ਕੀਤੇ ਜਾਣਗੇ।'

**ਭਾਸ਼ਾ ਵਿਭਾਗ ਦੀ ਭੂਮਿਕਾ:** ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਸਤਿੰਦਰ ਸਰਤਾਜ 2. ਸਰਦੂਲ ਸਿਕੰਦਰ 3. ਸਲੀਮ ਇਕਬਾਲ 4. ਸੁਖਮਿੰਦਰ ਕੌਰ ਬਰਾੜ 5. ਸੁਖਵਿੰਦਰ 6. ਸੂਫੀ ਬਲਬੀਰ 7. ਹਰਭਜਨ ਮਾਨ 8. ਕੇ.ਦੀਪ 9. ਗੁਰਦਿਆਲ ਸਿੰਘ ਨਿਰਮਾਣ 10. ਗੁਰਪ੍ਰਤਾਪ ਸਿੰਘ ਗਿੱਲ 11.ਜਤਿੰਦਰ ਸਿੰਘ 12. ਦੇਵਿੰਦਰ ਕੌਰ (ਡਾ.) 13. ਪਾਲੀ ਦੇਤਵਾਲੀਆ 14. ਮਨਮੋਹਨ ਵਾਰਿਸ 15. ਮੇਜਰ ਸਿੰਘ 16. ਯਸ਼ਪਾਲ ਸਗੁਨ-ਪੀਆ 17. ਰਛਪਾਲ ਸਿੰਘ ਪਾਲ 18. ਰਣਜੀਤ ਕੌਰ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

1. ਕੁਲਜੀਤ ਸਿੰਘ 2. ਚਰਨਜੀਤ ਆਹੂਜਾ 3. ਜਸਬੀਰ ਸਿੰਘ ਬੈਂਸ 4. ਜਨਕਰਾਜ 5. ਦਵਿੰਦਰ ਕੌਰ 6. ਰਾਜਿੰਦਰ ਰਾਜਨ

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ2 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਚਰਨਜੀਤ ਆਹੂਜਾ, ਕੁਲਜੀਤ

ਸਾਲ 2016: ਰਣਜੀਤ ਕੌਰ, ਰਾਜਿੰਦਰ ਰਾਜਨ

ਸਾਲ 2017: ਸਰਦੂਲ ਸਿਕੰਦਰ, ਗੁਰਦਿਆਲ ਨਿਰਮਾਣ

ਸਾਲ 2018: ਹਰਭਜਨ ਮਾਨ, ਜਸਬੀਰ ਜੱਸੀ

ਸਾਲ 2019: ਮਨਮੋਹਨ ਵਾਰਿਸ, ਪਾਲੀ ਦੇਤਵਾਲੀਆ

ਸਾਲ 2020: ਮੇਜਰ ਸਿੰਘ, ਜਨਕ ਰਾਜ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਚਰਨਜੀਤ ਆਹੂਜਾ

ਸਾਲ 2016: ਰਣਜੀਤ ਕੌਰ

ਸਾਲ 2017: ਸਰਦੂਲ ਸਿਕੰਦਰ

ਸਾਲ 2018: ਹਰਭਜਨ ਮਾਨ

ਸਾਲ 2019: ਪਾਲੀ ਦੇਤਵਾਲੀਆ

ਸਾਲ 2020: ਮੇਜਰ ਸਿੰਘ

---

**ਟਿੱਪਣੀ:**

1. **ਭਾਸ਼ਾ ਵਿਭਾਗ ਵੱਲੋਂ ਕੇਵਲ 18+6 ਨਾਂ ਸੁਝਾਏ ਗਏ। ਦੂਜੇ ਏਜੰਡੇ ਵਾਲੇ 6 ਵਿਚੋਂ 4 ਦੇ ਨਾਂ ਕਮੇਟੀ ਨੇ ਪੈਨਲਾਂ ਵਿਚ ਸ਼ਾਮਲ ਕਰ ਲਏ। ਇਨ੍ਹਾਂ ਵਿਚੋਂ ਇੱਕ ਚਰਨਜੀਤ ਆਹੂਜਾ ਨੂੰ ਪੁਰਸਕਾਰ ਲਈ ਵੀ ਚੁਣ ਲਿਆ ਗਿਆ।**
2. **ਕਮੇਟੀ ਵੱਲੋਂ ਆਪਣੇ ਤੌਰ ਤੇ ਜਸਬੀਰ ਜੱਸੀ ਦਾ ਨਾਂ ਪੈਨਲਾਂ ਵਿਚ ਸ਼ਾਮਲ ਕੀਤਾ ਗਿਆ।**
3. **ਕਮੇਟੀ ਵੱਲੋਂ 2019 ਦੇ ਪੁਰਸਕਾਰ ਲਈ ਬਣਾਏ ਪੈਨਲ ਵਿਚ ਮਨਮੋਹਨ ਵਾਰਿਸ ਦਾ ਨਾਂ ਪਹਿਲੇ ਨੰਬਰ ਤੇ ਰੱਖਿਆ ਸੀ। ਬੋਰਡ ਵੱਲੋਂ ਇਹ ਨਾਂ ਕੱਟ ਦਿੱਤਾ ਗਿਆ ਅਤੇ ਕਮੇਟੀ ਵੱਲੋਂ ਇਸੇ ਪੈਨਲ ਵਿਚ ਦੂਜੇ ਥਾਂ ਤੇ ਰੱਖੇ ਪਾਲੀ ਦੇਤਵਾਲੀਆ ਨੂੰ ਪੁਰਸਕਾਰ ਲਈ ਚੁਣ ਲਿਆ ਗਿਆ।**

## 'ਪੰਜਾਬੀ ਨਾਟਕ/ਥੀਏਟਰ ਪੁਰਸਕਾਰ'

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**'ਮੱਦ ਨੰ:17 ਸ਼੍ਰੋਮਣੀ ਪੰਜਾਬੀ ਨਾਟਕ/ਥੀਏਟਰ ਪੁਰਸਕਾਰ**:

ਸਾਲ 2011 ਦੇ ਪੁਰਸਕਾਰਾਂ ਸਮੇਂ ਇਨ੍ਹਾਂ ਖੇਤਰਾਂ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਟੈਲੀਵਿਜ਼ਨ/ ਰੇਡੀਓ/ਥੀਏਟਰ/ਨਾਟਕ ਪੁਰਸਕਾਰ ਵਰਗ ਵਿਚ ਸ਼ਾਮਲ ਕੀਤਾ ਹੋਇਆ ਸੀ। ਇਸ ਪੁਰਸਕਾਰ ਲਈ ਇਨ੍ਹਾਂ ਖੇਤਰਾਂ ਨਾਲ ਜੁੜੇ ਹੋਏ ਕਿਸੇ ਨਿਰਦੇਸ਼ਕ/ਨਿਰਮਾਤਾ/ਅਦਾਕਾਰ/ਲੇਖਕ/ ਸੰਯੋਜਕ ਵਿਚੋਂ ਕਿਸੇ ਇੱਕ ਸ਼ਖ਼ਸੀਅਤ ਨੂੰ ਹਰ ਸਾਲ ਸਨਮਾਨਿਤ ਕੀਤਾ ਜਾਂਦਾ ਸੀ। ਪਰੰਤੂ ਪੁਰਸਕਾਰਾਂ ਲਈ ਨੀਤੀ ਨਿਰਧਾਰਣ ਸਬ-ਕਮੇਟੀ ਦੀ ਮਿਤੀ 09.07.2015 ਨੂੰ ਹੋਈ ਇਕੱਤਰਤਾ ਵਿਚ ਹੋਏ ਫ਼ੈਸਲੇ ਅਨੁਸਾਰ ਸ਼੍ਰੋਮਣੀ ਪੰਜਾਬੀ ਨਾਟਕ/ਥੀਏਟਰ ਦੇ ਖੇਤਰ ਨਾਲ ਜੁੜੇ ਨਿਰਦੇਸ਼ਕ/ਨਿਰਮਾਤਾ/ਅਦਾਕਾਰ /ਲੇਖਕ/ਸੰਯੋਜਕ ਵਿਚੋਂ ਕਿਸੇ ਇੱਕ ਵਿਅਕਤੀ ਲਈ ਨਵਾਂ ਪੁਰਸਕਾਰ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।'

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਸੰਜੀਵਨ ਸਿੰਘ 2.ਸਤਿੰਦਰਪਾਲ ਸਿੰਘ ਨੰਦਾ 3. ਸਤੀਸ਼ ਕੁਮਾਰ ਵਰਮਾ (ਡਾ.) 4.ਸਵਰਾਜਬੀਰ (ਡਾ.) 5.ਸਵੈਰਾਜ ਸੰਧੂ 6.ਸਾਹਿਬ ਸਿੰਘ (ਡਾ.) 7. ਸੁਨੀਤਾ ਸੱਭਰਵਾਲ 8. ਹਰਦੀਪ ਸਿੰਘ ਗਿੱਲ 9.ਗੁਰਚਰਨ ਸਿੰਘ 10. ਗੁਰਚਰਨ ਸਿੰਘ ਸੋਢੀ 11. ਚਰਨ ਸਿੰਘ ਸਿੰਧਰਾ 12.ਡਿਪਟੀ ਚੰਦ ਮਿੱਤਲ 13.ਦਿਲਾਵਰ ਸਿੱਧੂ 14. ਦੀਪਕ ਜਲੰਧਰੀ 15. ਨਰਿੰਦਰ ਸਾਂਘੀ 16. ਨਵਨਿੰਦਰਾ ਬਹਿਲ 17. ਪ੍ਰਾਣ ਸੱਭਰਵਾਲ 18. ਬਲਕਾਰ ਸਿੱਧੂ 19. ਮਹੇਂਦਰਾ ਕੁਮਾਰ 20. ਰਾਜਿੰਦਰ ਸਿੰਘ 21. ਰਾਣੀ ਬਲਬੀਰ ਕੌਰ 22. ਵਰਿਆਮ ਮਸਤ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

ਕੋਈ ਨਵਾਂ ਨਾਂ ਨਹੀਂ।

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ2 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਪ੍ਰਾਣ ਸਭਰਵਾਲ, ਸਤਿੰਦਰਪਾਲ ਸਿੰਘ ਨੰਦਾ, ਰਾਣੀ ਬਲਬੀਰ ਕੌਰ

ਸਾਲ 2016: ਕੈਲਾਸ਼ ਕੌਰ, ਮੋਹਿੰਦਰ ਕੁਮਾਰ, ਬਲਕਾਰ ਸਿੱਧੂ

ਸਾਲ 2017: ਨਵਨਿੰਦਰਾ ਬਹਿਲ, ਗੁਰਚਰਨ ਸੋਢੀ, ਸੰਜੀਵਨ ਸਿੰਘ

ਸਾਲ 2018: ਜਸਵੰਤ ਕੌਰ ਦਮਨ, ਅਨੀਤਾ ਸਬਦੀਸ਼, ਡਿਪਟੀ ਚੰਦ ਮਿੱਤਲ

ਸਾਲ 2019: ਡਾ.ਸਵਰਾਜਬੀਰ ਸਿੰਘ, ਸਤੀਸ਼ ਕੁਮਾਰ ਵਰਮਾ, ਸਵੈਰਾਜ ਸੰਧੂ

ਸਾਲ 2020: ਡਾ.ਸਾਹਿਬ ਸਿੰਘ, ਦਿਲਾਵਰ ਸਿੱਧੂ, ਗੁਰਚਰਨ ਸਿੰਘ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਪ੍ਰਾਣ ਸਭਰਵਾਲ

ਸਾਲ 2016: ਕੈਲਾਸ਼ ਕੌਰ

ਸਾਲ 2017: ਨਵਨਿੰਦਰਾ ਬਹਿਲ

ਸਾਲ 2018: ਜਸਵੰਤ ਕੌਰ ਦਮਨ

ਸਾਲ 2019: ਸਤੀਸ਼ ਕੁਮਾਰ ਵਰਮਾ

ਸਾਲ 2020: ਡਾ.ਸਾਹਿਬ ਸਿੰਘ

---

**ਟਿੱਪਣੀ:**

1. **ਕਮੇਟੀ ਵੱਲੋਂ ਆਪਣੇ ਤੌਰ ਤੇ ਤਿੰਨ ਨਵੇਂ ਨਾਂ ਕੈਲਾਸ਼ ਕੌਰ, ਜਸਵੰਤ ਕੌਰ ਦਮਨ ਅਤੇ ਅਨੀਤਾ ਸਬਦੀਸ਼ ਆਪਣੇ ਵੱਲੋਂ ਸ਼ਾਮਲ ਕੀਤੇ ਗਏ।**
2. **ਬੋਰਡ ਵੱਲੋਂ ਕੈਲਾਸ਼ ਕੌਰ ਅਤੇ ਜਸਵੰਤ ਕੌਰ ਦਮਨ ਨੂੰ ਪੁਰਸਕਾਰਾਂ ਲਈ ਵੀ ਚੁਣ ਲਿਆ।**
3. **2019 ਦੇ ਪੁਰਸਕਾਰ ਲਈ ਡਾ.ਸਵਰਾਜਬੀਰ ਸਿੰਘ ਨੂੰ ਪਹਿਲੇ ਥਾਂ ਤੇ ਰੱਖਿਆ ਗਿਆ ਸੀ। ਬੋਰਡ ਨੇ ਉਨ੍ਹਾਂ ਦਾ ਨਾਂ ਕੱਟ ਕੇ ਸਤੀਸ਼ ਕੁਮਾਰ ਵਰਮਾ ਨੂੰ ਪੁਰਸਕਾਰ ਲਈ ਚੁਣਿਆ ਗਿਆ।**

## 'ਸ਼੍ਰੋਮਣੀ ਉਰਦੂ ਸਾਹਿਤਕਾਰ ਪੁਰਸਕਾਰ'

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**'ਮੱਦ ਨੰ:4 ਸ਼੍ਰੋਮਣੀ ਉਰਦੂ ਸਾਹਿਤਕਾਰ ਦੀ ਚੋਣ:**

ਹਰ ਸਾਲ ਉਰਦੂ ਦੇ ਇੱਕ ਸਾਹਿਤਕਾਰ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸ ਪੁਰਸਕਾਰ ਲਈ ਪਾਤਰ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਮੈਡਲ ਅਤੇ ਪਲੇਕ ਭੇਟਾ ਕੀਤੇ ਜਾਣਗੇ। ਪੁਰਸਕਾਰ ਚੁਣੇ ਗਏ ਕਰਨ ਵਾਲੇ ਸਾਹਿਤਕਾਰ ਲਈ ਇਹ ਜ਼ਰੂਰੀ ਹੈ ਕਿ:

1) ਸਾਹਿਤਕਾਰ ਪੰਜਾਬ ਦਾ ਜੰਮਪਲ ਹੋਵੇ ਜਾਂ ਇੱਥੋਂ ਦਾ ਅਧਿਵਾਸੀ ਹੋਵੇ ਪਰ ਜਿਸ ਸਾਹਿਤਕਾਰ ਨੂੰ ਵੀ ਪੁਰਸਕਾਰ ਦਿੱਤਾ ਜਾ ਰਿਹਾ ਹੋਵੇ ਉਹ ਜੇਕਰ ਪੰਜਾਬ ਦੇ ਅਧਿਵਾਸੀ ਹੋਣ ਕਾਰਣ ਇਸ ਪੁਰਸਕਾਰ ਤੇ ਹੱਕ ਰੱਖਦਾ ਹੋਵੇ ਤਾਂ ਉਸ ਦੇ ਪੰਜਾਬ ਵਿਚ ਅਧਿਵਾਸ ਦਾ ਸਮਾਂ ਘੱਟੋ–ਘੱਟ 10 ਸਾਲ ਦਾ ਜ਼ਰੂਰ ਹੋਵੇ ਅਤੇ ਉਹ ਇਸ ਸਮੇਂ ਪੰਜਾਬ ਵਿਚ ਰਹਿ ਰਿਹਾ ਹੋਵੇ।
2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।'

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਅਸਲਮ ਹਬੀਬ (ਡਾ.) 2. ਅਸ਼ੋਕ ਭੰਡਾਰੀ 'ਨਾਦਿਰ' 3. ਅਜ਼ੀਜ਼ ਅੱਬਾਸ 4. ਅਨਵਾਰ ਅਹਿਮਦ ਅਨਸਾਰੀ (ਡਾ.) 5. ਆਬਿਦ ਅਲੀ ਖਾਨ 6. ਐਮ.ਐਮ. ਰਾਜਿੰਦਰ 7. ਇਮਾਨੁਅਲ ਬੈਂਜਾਮਿਨ (ਨਾਮੀ ਨਾਦਰੀ) 8. ਸੱਯਦ ਮਨਜ਼ੂਰ ਹਸਨ 9. ਕ੍ਰਿਸ਼ਨ ਕੁਮਾਰ ਤੂਰ 10. ਕੇ.ਕੇ. ਨੰਦਾ ਅਸ਼ਕ 11. ਤ੍ਰਿਲੋਕੀ ਨਾਥ ਕੰਬੋਜ (ਟੀ.ਐਨ. ਰਾਜ਼) 12. ਨਦੀਮ ਅਹਿਮਦ ਨਦੀਮ 13. ਬੀ.ਕੇ. ਪੰਨੂ ਪਰਵਾਜ਼ 14. ਬੀ.ਡੀ. ਕਾਲੀਆ ਹਮਦਮ 15. ਮਹਿੰਦਰ ਪ੍ਰਤਾਪ ਚਾਂਦ 16. ਮੁਹੰਮਦ ਅਸਲਮ 17. ਮੁਹੰਮਦ ਅਫ਼ਜ਼ਲ 18. ਮੁਹੰਮਦ ਅਯੂਬ ਖ਼ਾਨ (ਡਾ.) 19. ਮੁਹੰਮਦ ਇੰਦਰੀਸ 20. ਮੁਹੰਮਦ ਜਮੀਲ (ਡਾ.) 21. ਮੁਹੰਮਦ ਫੈਯਾਜ਼ ਫਾਰੂਕੀ
22. ਮੁਹੰਮਦ ਬਸ਼ੀਰ ਮਲੇਰਕੋਟਲਵੀ 23. ਮੁਹੰਮਦ ਰਫੀ 24. ਰਹਿਮਾਨ ਅਖਤਰ 25. ਰਮੇਂਦਰ ਜਾਖੂ 26. ਵਿਸ਼ਾਲ ਖੁੱਲਰ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

ਕੋਈ ਨਵਾਂ ਨਾਂ ਨਹੀਂ।

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ2 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਮੁਹੰਮਦ ਫ਼ੈਯਾਜ਼ ਫ਼ਾਰੂਕੀ, ਡਾ.ਅਸਲਮ ਹਬੀਬ, ਮਹਿੰਦਰ ਪ੍ਰਤਾਪ

ਸਾਲ 2016: ਨਦੀਮ ਅਹਿਮਦ ਨਦੀਮ, ਆਬਿਦ ਅਲੀ ਖਾਨ, ਬੀ.ਕੇ ਪੰਨੂ ਪਰਵਾਜ਼

ਸਾਲ 2017: ਟੀ.ਐਨ. ਰਾਜ, ਮੁਹੰਮਦ ਰਫ਼ੀ, ਇਮਾਨੁਅਲ ਬੈਂਜਾਮਿਨ

ਸਾਲ 2018: ਬੀ.ਡੀ. ਕਾਲੀਆ ਹਮਦਮ, ਮੁਹੰਮਦ ਜਮੀਲ, ਅਹਿਮਦ ਅਨਸਾਰੀ

ਸਾਲ 2019: ਕ੍ਰਿਸ਼ਨ ਕੁਮਾਰ ਤੂਰ, ਮੁਹੰਮਦ ਬਸ਼ੀਰ, ਮੁਹੰਮਦ ਅਯੂਬ ਖਾਨ

ਸਾਲ 2020: ਰਹਿਮਾਨ ਅਖ਼ਤਰ, ਰਾਮੇਂਦਰ ਜਾਖੂ, ਵਿਸ਼ਾਲ ਖੁੱਲਰ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਮੁਹੰਮਦ ਫ਼ੈਯਾਜ਼ ਫ਼ਾਰੂਕੀ

ਸਾਲ 2016: ਨਦੀਮ ਅਹਿਮਦ ਨਦੀਮ

ਸਾਲ 2017: ਟੀ.ਐਨ. ਰਾਜ

ਸਾਲ 2018: ਬੀ.ਡੀ. ਕਾਲੀਆ ਹਮਦਮ

ਸਾਲ 2019: ਮੁਹੰਮਦ ਬਸ਼ੀਰ

ਸਾਲ 2020: ਰਹਿਮਾਨ ਅਖ਼ਤਰ

------

**ਟਿੱਪਣੀ:**

1. **ਕਮੇਟੀ ਵੱਲੋਂ 2019 ਦੇ ਪੁਰਸਕਾਰ ਲਈ ਕ੍ਰਿਸ਼ਨ ਕੁਮਾਰ ਤੂਰ ਦਾ ਨਾਂ ਪਹਿਲੇ ਨੰਬਰ ਤੇ ਰਖਿਆ ਸੀ। ਪਰ ਬੋਰਡ ਵੱਲੋਂ ਉਨ੍ਹਾਂ ਦਾ ਨਾਂ ਕੱਟ ਕੇ ਮੁਹੰਮਦ ਬਸ਼ੀਰ ਨੂੰ ਪੁਰਸਕਾਰ ਲਈ ਚੁਣ ਲਿਆ ਗਿਆ।**

## 'ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਪੁਰਸਕਾਰ'

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ ਇਕ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**'ਮੱਦ ਨੰ:5 ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਦੀ ਚੋਣ:**

ਹਰ ਸਾਲ ਸੰਸਕ੍ਰਿਤ ਦੇ ਇੱਕ ਸਾਹਿਤਕਾਰ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਮੈਡਲ ਅਤੇ ਪਲੇਕ ਭੇਟਾ ਕੀਤੇ ਜਾਣਗੇ। ਪੁਰਸਕਾਰ ਪ੍ਰਾਪਤ ਕਰਨ ਵਾਲੇ ਸਾਹਿਤਕਾਰ ਲਈ ਇਹ ਜ਼ਰੂਰੀ ਹੈ ਕਿ:

1) ਸਾਹਿਤਕਾਰ ਪੰਜਾਬ ਦਾ ਜੰਮਪਲ ਹੋਵੇ ਜਾਂ ਇੱਥੋਂ ਦਾ ਅਧਿਵਾਸੀ ਹੋਵੇ ਪਰ ਜਿਸ ਸਾਹਿਤਕਾਰ ਨੂੰ ਵੀ ਪੁਰਸਕਾਰ ਦਿੱਤਾ ਜਾ ਰਿਹਾ ਹੋਵੇ ਉਹ ਜੇਕਰ ਪੰਜਾਬ ਦੇ ਅਧਿਵਾਸੀ ਹੋਣ ਕਾਰਣ ਇਸ ਪੁਰਸਕਾਰ ਤੇ ਹੱਕ ਰੱਖਦਾ ਹੋਵੇ ਤਾਂ ਉਸ ਦੇ ਪੰਜਾਬ ਵਿਚ ਅਧਿਵਾਸ ਦਾ ਸਮਾਂ ਘੱਟੋ ਘੱਟ 10 ਸਾਲ ਦਾ ਜ਼ਰੂਰ ਹੋਵੇ ਅਤੇ ਉਹ ਇਸ ਸਮੇਂ ਪੰਜਾਬ ਵਿਚ ਰਹਿ ਰਿਹਾ ਹੋਵੇ।

ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।'

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਓਮ ਪ੍ਰਕਾਸ਼ ਸ਼ਰਮਾ 'ਸੁਬੰਧੂ' (ਡਾ.) 2. ਅਰਵਿੰਦ ਮੋਹਨ 3. ਅਰੁਣਾ ਗੋਇਲ (ਡਾ.) 4. ਸ਼ੁਕ ਦੇਵ ਸ਼ਰਮਾ
5. ਕਨ੍ਹਈਆ ਲਾਲ ਪਰਾਸ਼ਰ 6. ਘਣਸ਼ਿਆਮ ਉਨਿਆਲ (ਪ੍ਰੋ.) 7. ਤ੍ਰਿਲੋਚਨ ਸਿੰਘ ਬਿੰਦਰਾ 8.ਦਮੋਦਰ ਝਾਅ 9.ਦਲਬੀਰ ਸਿੰਘ (ਪ੍ਰੋ.) 10. ਨਰਸਿੰਗ ਚਰਣ ਪੰਡਾ (ਡਾ.) 11. ਬਲਜੀਤ ਕੌਰ 12. ਮਹਾਂਵੀਰ ਪ੍ਰਸਾਦ ਸ਼ਰਮਾ 13. ਮਦਨ ਲਾਲ ਵਰਮਾ 14. ਮਧੂ ਬਾਲਾ (ਡਾ.) 15. ਰੂਬੀ ਜੈਨ (ਡਾ.) 16. ਲਖਵੀਰ ਸਿੰਘ (ਡਾ.) 17. ਵਰਿੰਦਰ ਮੁਕਾਰ ਅਲੰਕਾਰ (ਡਾ.) 18. ਵੇਦ ਪ੍ਰਕਾਸ਼ ਉਪਾਧਿਆਏ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

ਕੋਈ ਨਵਾਂ ਨਾਂ ਨਹੀਂ।

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ2 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਡਾ.ਰਮਾਕਾਂਤ ਅੰਗੀਰਸ, ਘਣਸ਼ਿਆਮ ਉਨਿਆਲ

ਸਾਲ 2016: ਵੇਦ ਪ੍ਰਕਾਸ਼ ਉਪਾਧਿਆਏ, ਡਾ.ਸ਼ਰਨ ਕੌਰ

ਸਾਲ 2017: ਦਮੋਦਰ ਝਾਅ, ਪ੍ਰੋ: ਦਲਬੀਰ ਸਿੰਘ

ਸਾਲ 2018: ਕਨ੍ਹਈਆ ਲਾਲ ਪਰਾਸ਼ਰ, ਡਾ.ਲਖਬੀਰ ਸਿੰਘ

ਸਾਲ 2019: ਡਾ. ਵਰਿੰਦਰ ਅਲੰਕਾਰ, ਮਹਾਂਵੀਰ ਪ੍ਰਸਾਦ

ਸਾਲ 2020: ਡਾ. ਅਰੁਨਾ ਗੋਇਲ, ਡਾ.ਬਲਜੀਤ ਕੌਰ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਡਾ.ਰਮਾਕਾਂਤ ਅੰਗੀਰਸ

ਸਾਲ 2016: ਵੇਦ ਪ੍ਰਕਾਸ਼ ਉਪਾਧਿਆਏ

ਸਾਲ 2017: ਦਮੋਦਰ ਝਾਅ

ਸਾਲ 2018: ਕਨ੍ਹਈਆ ਲਾਲ ਪਰਾਸ਼ਰ

ਸਾਲ 2019: ਡਾ. ਵਰਿੰਦਰ ਅਲੰਕਾਰ

ਸਾਲ 2020: ਸ਼ਰਨ ਕੌਰ

---

<u>ਟਿੱਪਣੀ:</u>

1. **ਕਮੇਟੀ ਵੱਲੋਂ ਆਪਣੇ ਤੌਰ ਤੇ ਦੋ ਨਵੇਂ ਨਾਂ ਸ਼ਰਨ ਕੌਰ ਅਤੇ ਡਾ.ਰਮਾਕਾਂਤ ਅੰਗੀਰਸ ਸੁਝਾਏ ਗਏ।**
2. **ਕਮੇਟੀ ਵੱਲੋਂ ਸ਼ਰਨ ਕੌਰ ਦਾ ਨਾਂ 2016 ਦੇ ਪੈਨਲ ਵਿਚ ਦੋ ਨੰਬਰ ਤੇ ਰੱਖਿਆ ਗਿਆ ਸੀ। ਇਸੇ ਤਰਾਂ 2020 ਦੇ ਪੁਰਸਕਾਰ ਲਈ ਡਾ.ਅਰੁਨਾ ਗੋਇਲ ਦਾ ਨਾਂ ਪਹਿਲੇ ਅਤੇ ਡਾ.ਬਲਜੀਤ ਕੌਰ ਦਾ ਦੂਜੇ ਨੰਬਰ ਤੇ।**
3. **ਸਲਾਹਕਾਰ ਬੋਰਡ ਵੱਲੋਂ ਡਾ. ਅਰੁਨਾ ਗੋਇਲ ਅਤੇ ਡਾ.ਬਲਜੀਤ ਕੌਰ ਦੋਹਾਂ ਦਾ ਨਾਂ ਕੱਟ ਕੇ ਪੁਰਸਕਾਰ ਲਈ ਸ਼ਰਨ ਕੌਰ ਚੁਣ ਲਿਆ ਗਿਆ।**
4. **ਸਲਾਹਕਾਰ ਬੋਰਡ ਵੱਲੋਂ ਡਾ.ਰਮਾਕਾਂਤ ਅੰਗੀਰਸ ਨੂੰ ਵੀ 2015 ਦੇ ਪੁਰਸਕਾਰ ਲਈ ਚੁਣ ਲਿਆ।**

## 'ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਫ਼ਿਲਮ ਪੁਰਸਕਾਰ'

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ ਇਕ 'ਵਿਆਖਿਆ ਪੱਤਰ' ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**'ਮੱਦ ਨੰ:16 ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਫ਼ਿਲਮ ਪੁਰਸਕਾਰ:**

ਸਾਲ 2011 ਦੇ ਪੁਰਸਕਾਰਾਂ ਸਮੇਂ ਇਸ ਪੁਰਸਕਾਰ ਦਾ ਨਾਮ ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਥੀਏਟਰ/ਨਾਟਕ ਪੁਰਸਕਾਰ ਸੀ। ਇਸ ਪੁਰਸਕਾਰ ਲਈ ਇਨ੍ਹਾਂ ਖੇਤਰਾਂ ਨਾਲ ਜੁੜੇ ਹੋਏ ਕਿਸੇ ਨਿਰਦੇਸ਼ਕ/ਨਿਰਮਾਤਾ/ਅਦਾਕਾਰ/ਲੇਖਕ/ਸੰਯੋਜਕ ਵਿਚੋਂ ਕਿਸੇ ਇੱਕ ਸ਼ਖ਼ਸੀਅਤ ਨੂੰ ਹਰ ਸਾਲ ਸਨਮਾਨਿਤ ਕੀਤਾ ਜਾਂਦਾ ਸੀ। ਪਰੰਤੂ ਪੁਰਸਕਾਰਾਂ ਲਈ ਨੀਤੀ ਨਿਰਧਾਰਣ ਸਬ-ਕਮੇਟੀ ਦੀ ਮਿਤੀ 09.07.2015 ਨੂੰ ਹੋਈ ਇਕੱਤਰਤਾ ਵਿਚ ਹੋਏ ਫ਼ੈਸਲੇ ਅਨੁਸਾਰ ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਫ਼ਿਲਮ ਨਾਲ ਜੁੜੇ ਨਿਰਦੇਸ਼ਕ/ਨਿਰਮਾਤਾ/ਅਦਾਕਾਰ/ਲੇਖਕ/ਸੰਯੋਜਕ ਵਿਚੋਂ ਕਿਸੇ ਇੱਕ ਵਿਅਕਤੀ ਨੂੰ ਇਹ ਪੁਰਸਕਾਰ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ।'

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਅਨੀਤਾ ਕੁਮਾਰੀ ਦੇਵਗਨ 2. ਅਮਰੀਕ ਸਿੰਘ 3. ਅਵਿਨਾਸ਼ ਭਾਖੜੀ 4. ਆਗਿਆਪਾਲ ਸਿੰਘ ਰੰਧਾਵਾ
5. ਇੰਦੂ ਵਰਮਾ 6. ਸਰਦਾਰਜੀਤ ਬਾਵਾ 7. ਸੁਰੇਸ਼ ਪੰਡਿਤ 8. ਸੋਹਨ ਕੁਮਾਰ 9. ਹਰਜੀਤ ਸਿੰਘ (ਡਾ.)
10. ਕੀਰਤੀ ਕ੍ਰਿਪਾਲ 11. ਕੁਲਬੀਰ ਸਿੰਘ 12. ਕੁਲਵਿੰਦਰ ਕੌਰ ਬੁੱਟਰ 13. ਕੇ.ਸ਼ਰਨਜੀਤ ਸਿੰਘ (ਫਿਦਾ ਬਟਾਲਵੀ) 14. ਗਿਰਿਜਾ ਸ਼ੰਕਰ 15. ਗੁਰਬੀਰ ਸਿੰਘ ਗਰੇਵਾਲ 16. ਗੁਰਵਿੰਦਰ ਸਿੰਘ 17. ਗੁਰਿੰਦਰ ਮਕਨਾ 18. ਜਨਕ ਰਾਜ ਮਹਿਰੋਕ 19. ਤੀਰਥ ਸਿੰਘ ਢਿੱਲੋਂ 20. ਦਲਜੀਤ ਸਿੰਘ 21. ਦਲਜੀਤ ਸਿੰਘ ਸੰਧੂ 22. ਦਵਿੰਦਰ ਕੌਰ ਸਿੱਧੂ 23. ਬਰਿੰਦਰ ਸਿੰਘ ਢਿੱਲੋਂ (ਬੀਨੂੰ ਢਿੱਲੋਂ) 24. ਬਲਜੀਤ ਸਿੰਘ 25.ਬਾਲ ਮੁਕੰਦ ਸ਼ਰਮਾ 26. ਯੋਗਰਾਜ ਸੇਢਾ 27. ਰਮਨਜੀਤ ਕੌਰ 28. ਰਵੀ ਦੀਪ (ਰਵੀ ਪ੍ਰਕਾਸ਼) 29.ਰਾਣਾ ਸੋਢੀ 30. ਰਾਣਾ ਰਣਬੀਰ 31. ਵਿਜੇ ਟੰਡਨ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

1. ਪੁਨੀਤ ਸਹਿਗਲ

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ2 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਵਿਜੈ ਟੰਡਨ, ਜੀਤ ਸਿੰਘ ਬਾਵਾ, ਆਗਿਆਪਾਲ ਸਿੰਘ ਰੰਧਾਵਾ

ਸਾਲ 2016: ਯੋਗਰਾਜ ਸੇਢਾ, ਕੁਲਵਿੰਦਰ ਬੁੱਟਰ, ਬਲਜੀਤ ਸਿੰਘ

ਸਾਲ 2017: ਗਿਰਿਜਾ ਸ਼ੰਕਰ, ਰਵੀਦੀਪ, ਬਾਲ ਮੁਕੰਦ ਸ਼ਰਮਾ

ਸਾਲ 2018: ਸੁਰੇਸ਼ ਪੰਡਿਤ, ਡਾ.ਦਲਜੀਤ ਸਿੰਘ ਸੰਧੂ, ਦਲਜੀਤ ਸਿੰਘ

ਸਾਲ 2019: ਬੀ.ਐਨ. ਸ਼ਰਮਾ, ਅਵਿਨਾਸ਼ ਭਾਖੜੀ, ਰਾਣਾ ਰਣਬੀਰ

ਸਾਲ 2020: ਪੁਨੀਤ ਸਹਿਗਲ, ਦੇਵਿੰਦਰ ਕੌਰ ਸਿੱਧੂ, ਸੋਹਨ ਕੁਮਾਰ

**ਰਾਜ ਸਲਾਹਕਾਰ ਬੋਰਡ ਦੀ ਭੂਮਿਕਾ**: ਅੰਤ ਵਿਚ ਬੋਰਡ ਵੱਲੋਂ ਪੁਰਸਕਾਰਾਂ ਲਈ ਚੁਣੇ ਗਏ ਨਾਂ

ਸਾਲ 2015: ਵਿਜੈ ਟੰਡਨ

ਸਾਲ 2016: ਕੁਲਵਿੰਦਰ ਬੁੱਟਰ

ਸਾਲ 2017: ਗਿਰਿਜਾ ਸ਼ੰਕਰ

ਸਾਲ 2018: ਸੁਰੇਸ਼ ਪੰਡਿਤ

ਸਾਲ 2019: ਬੀ.ਐਨ. ਸ਼ਰਮਾ

ਸਾਲ 2020: ਪੁਨੀਤ ਸਹਿਗਲ

----

ਟਿੱਪਣੀ:

1. **ਕਮੇਟੀ ਵੱਲੋਂ ਆਪਣੇ ਤੌਰ ਤੇ ਦੋ ਨਵੇਂ ਨਾਂ ਬੀ.ਐਨ. ਸ਼ਰਮਾ ਅਤੇ ਜੀਤ ਸਿੰਘ ਬਾਵਾ ਪੈਨਲਾਂ ਵਿਚ ਸ਼ਾਮਲ ਕੀਤੇ ਗਏ।**
2. **ਬੋਰਡ ਵੱਲੋਂ ਬੀ.ਐਨ.ਸ਼ਰਮਾ ਨੂੰ ਪੁਰਸਕਾਰ ਲਈ ਵੀ ਚੁਣ ਲਿਆ।**
3. **2016 ਦੇ ਪੁਰਸਕਾਰ ਲਈ ਕਮੇਟੀ ਵੱਲੋਂ ਯੋਗਰਾਜ ਸੇਢਾ ਨੂੰ ਪਹਿਲੇ ਥਾਂ ਤੇ ਰਖਿਆ ਗਿਆ ਸੀ। ਬੋਰਡ ਨੇ ਉਨ੍ਹਾਂ ਦਾ ਨਾਂ ਕੱਟ ਕੇ ਕੁਲਵਿੰਦਰ ਬੁੱਟਰ ਨੂੰ ਪੁਰਸਕਾਰ ਲਈ ਚੁਣਿਆ ਗਿਆ।**

## ‘ਸ਼੍ਰੋਮਣੀ ਬਾਲ ਸਾਹਿਤ ਲੇਖਕ ਪੁਰਸਕਾਰ’

**ਇਸ ਪੁਰਸਕਾਰ ਲਈ ਸ਼ਰਤਾਂ**: ਭਾਸ਼ਾ ਵਿਭਾਗ ਵਲੋਂ ਤਿਆਰ ਕੀਤੇ ਇਕ ‘ਵਿਆਖਿਆ ਪੱਤਰ’ ਅਨੁਸਾਰ ਇਸ ਪੁਰਸਕਾਰ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

**‘ਮੱਦ ਨੰ:11 ਸ਼੍ਰੋਮਣੀ ਪੰਜਾਬੀ ਬਾਲ-ਸਾਹਿਤ ਲੇਖਕ ਦੀ ਚੋਣ:**

ਹਰ ਸਾਲ ਹੋਰਨਾਂ ਸ਼੍ਰੋਮਣੀ ਸਾਹਿਤਕਾਰਾਂ ਵਾਂਗ ਪੰਜਾਬੀ ਵਿਚ ਬਾਲ ਸਾਹਿਤ ਲਿਖਣ ਵਾਲੇ ਲੇਖਕਾਂ ਨੂੰ ਵੀ ਸਨਮਾਨਿਤ ਕੀਤਾ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ:

1) ਪੰਜਾਬੀ ਬਾਲ ਸਾਹਿਤ ਲੇਖਕ ਪੰਜਾਬ ਦਾ ਜੰਮਪਲ ਹੋਵੇ ਜਾਂ ਇੱਥੇ ਰਹਿੰਦਾ ਹੋਵੇ।

2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।

ਇਸ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਮੈਡਲ ਅਤੇ ਪਲੇਕ ਭੇਟਾ ਕੀਤੇ ਜਾਣਗੇ।‘

**ਭਾਸ਼ਾ ਵਿਭਾਗ ਦੀ ਭੂਮਿਕਾ**: ਇਸ ਪੁਰਸਕਾਰ ਲਈ ਭਾਸ਼ਾ ਵਿਭਾਗ ਵੱਲੋਂ ਯੋਗ ਉਮੀਦਵਾਰਾਂ ਦੀਆਂ ਦੋ ਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ। ਦੂਜੀ ਸੂਚੀ ਬੋਰਡ ਦੀ ਮੀਟਿੰਗ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਤਿਆਰ ਕੀਤੀ ਗਈ।

(ੳ) **ਪਹਿਲੀ ਸੂਚੀ ਵਿਚ ਸ਼ਾਮਲ ਨਾਂ**

1. ਅਵਤਾਰ ਸਿੰਘ ਸੰਧੂ 2. ਅਵਤਾਰ ਸਿੰਘ ਦੀਪਕ 3. ਸਿਮਰਤ ਸੁਮੈਰਾ 4. ਸੁਖਦੇਵ ਸਿੰਘ ਸ਼ਾਂਤ 5. ਸੁਰਿੰਦਰਜੀਤ ਕੌਰ 6. ਸੁਲੱਖਣ ਸਿੰਘ ਮੀਤ 7. ਸੋਹਣ ਲਾਲ ਗੁਪਤਾ 8. ਹਰਸ਼ਿੰਦਰ ਕੌਰ (ਡਾ.) 9. ਹਰਸਿਮਰਨ ਕੌਰ 10. ਹਰਨੇਕ ਸਿੰਘ ਕਲੇਰ 11. ਹਰਬੰਸ ਸਿੰਘ ਚਾਵਲਾ (ਡਾ.) 12. ਹਰਬੰਸ ਕੌਰ ਗਿੱਲ 13. ਹਰਿੰਦਰ ਸਿੰਘ ਗੋਗਨਾ 14. ਕਰਨੈਲ ਸਿੰਘ ਸੋਮਲ (ਡਾ.) 15. ਕਰਮਜੀਤ ਸਿੰਘ ਗਰੇਵਾਲ 16. ਕੁੰਦਨ ਲਾਲ ਭੱਟੀ 17. ਕੁਲਬੀਰ ਸਿੰਘ ਸੂਰੀ 18. ਚਰਨ ਸੀਚੇਵਾਲਵੀ 19. ਜਗਦੀਸ਼ ਕੌਰ ਵਾਡੀਆ 20. ਜਗਦੀਸ਼ ਰਾਏ ਕੁਲਰੀਆ 21. ਜਨਮੇਜਾ ਸਿੰਘ ਜੌਹਲ 22. ਡੀ.ਪੀ. ਸਿੰਘ (ਦੇਵਿੰਦਰਪਾਲ ਸਿੰਘ (ਡਾ.) 23. ਤਰਸੇਮ ਲਾਲ ‘ਤਰਸੇਮ’ 24. ਪਵਨ ਹਰਚੰਦਪੁਰੀ 25. ਬਹਾਦਰ ਸਿੰਘ ਗੋਸਲ 26. ਬਰਜਿੰਦਰ ਸਿੰਘ ਰਤਨ 27. ਬਲਜਿੰਦਰ ਮਾਨ 28. ਬਾਜ ਸਿੰਘ ਮਹਿਲੀਆ 29. ਮੰਗਤ ਕੁਲਜਿੰਦ

(ਅ) **ਦੂਜੀ ਸੂਚੀ ਵਿਚ ਸ਼ਾਮਲ ਨਾਂ**

ਕੋਈ ਨਵਾਂ ਨਾਂ ਨਹੀਂ।

**ਸਕਰੀਨਿੰਗ ਕਮੇਟੀ ਦੀ ਭੂਮਿਕਾ**: ਆਪਣੀ 1 ਦਸੰਬਰ2 2020 ਦੀ ਮੀਟਿੰਗ ਵਿਚ ਸਕਰੀਨਿੰਗ ਕਮੇਟੀ ਵੱਲੋਂ ਯੋਗ ਉਮੀਦਵਾਰਾਂ ਦੇ ਨਾਂ 'ਛਾਂਟੇ' ਗਏ।

**ਸਕਰੀਨਿੰਗ ਕਮੇਟੀ ਵੱਲੋਂ ਹਰ ਸਾਲ ਦੇ ਪੁਰਸਕਾਰ ਲਈ ਛਾਂਟੇ ਗਏ ਨਾਂ**

ਸਾਲ 2015: ਅਵਤਾਰ ਸਿੰਘ ਦੀਪਕ, ਸੁਖਦੇਵ ਸਿੰਘ ਸ਼ਾਂਤ, ਸੁਰਿੰਦਰਜੀਤ ਕੌਰ

ਸਾਲ 2016: ਡਾ.ਹਰਬੰਸ ਸਿੰਘ ਚਾਵਲਾ, ਸੁਲੱਖਣਮੀਤ, ਹਰਸਿਮਰਨ ਕੌਰ

ਸਾਲ 2017: ਕਰਨੈਲ ਸਿੰਘ ਸੋਮਲ, ਚਰਨ ਸੀਚੈਵਾਲਵੀ, ਜਗਦੀਸ਼ ਕੌਰ ਵਾਡੀਆ

ਸਾਲ 2018: ਡਾ.ਕੁਲਬੀਰ ਸਿੰਘ ਸੂਰੀ, ਡਾ.ਹਰਨੇਕ ਸਿੰਘ ਕਲੇਰ, ਕੁੰਦਨ ਲਾਲ ਭੱਟੀ

ਸਾਲ 2019: ਸ਼੍ਰੀਮਤੀ ਤੇਜਿੰਦਰ ਹਰਜੀਤ, ਬਾਜ ਸਿੰਘ ਮਹਿਲੀਆ, ਮੰਗਤ ਕੁਲਜਿੰਦ

ਸਾਲ 2020: ਬਲਜਿੰਦਰ ਮਾਨ, ਅਵਤਾਰ ਸਿੰਘ ਸੰਧੂ, ਸਿਮਰਤ ਸੁਮੈਰਾ

**ਰਾਜ ਸਲਾਹਕਾਰ ਬੋਰਡ ਵੱਲੋਂ ਚੁਣੇ ਗਏ ਨਾਂ**

ਸਾਲ 2015: ਅਵਤਾਰ ਸਿੰਘ ਦੀਪਕ

ਸਾਲ 2016: ਡਾ.ਹਰਬੰਸ ਸਿੰਘ ਚਾਵਲਾ

ਸਾਲ 2017: ਕਰਨੈਲ ਸਿੰਘ ਸੋਮਲ

ਸਾਲ 2018: ਡਾ.ਕੁਲਬੀਰ ਸਿੰਘ ਸੂਰੀ

ਸਾਲ 2019: ਸ਼੍ਰੀਮਤੀ ਤੇਜਿੰਦਰ ਹਰਜੀਤ

ਸਾਲ 2020: ਬਲਜਿੰਦਰ ਮਾਨ

----

**ਟਿੱਪਣੀ:**

1. **ਕਮੇਟੀ ਵੱਲੋਂ ਆਪਣੇ ਤੌਰ ਤੇ ਇੱਕ ਨਵਾਂ ਨਾਂ ਸ਼੍ਰੀਮਤੀ ਤੇਜਿੰਦਰ ਹਰਜੀਤ ਪੈਨਲ ਵਿਚ ਸ਼ਾਮਲ ਕੀਤਾ।**
2. **ਬੋਰਡ ਵੱਲੋਂ ਇਨ੍ਹਾਂ ਨੂੰ ਪੁਰਸਕਾਰ ਲਈ ਵੀ ਚੁਣ ਲਿਆ।**

# ਭਾਗ 2

## ਪੰਜਾਬ ਸਰਕਾਰ ਸ਼੍ਰੋਮਣੀ ਪੁਰਸਕਾਰ ਨੀਤੀ ਬਣਾਉਣ ਤੋਂ ਖੁੰਝੀ

ਪੰਜਾਬ ਸਰਕਾਰ ਵੱਲੋਂ ਹਰ ਸਾਲ ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਵਿਚ ਮੱਹਤਵਪੂਰਣ ਯੋਗਦਾਨ ਪਾਉਣ ਵਾਲੇ ਲੇਖਕਾਂ, ਕਲਾਕਾਰਾਂ, ਗਾਇਕਾਂ, ਰਾਗੀਆਂ, ਢਾਡੀਆਂ ਆਦਿ ਨੂੰ ਅਤੇ ਹਿੰਦੀ, ਉਰਦੂ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਸਾਹਿਤਕਾਰਾਂ ਨੂੰ ਵੱਖ ਵੱਖ ਸ਼੍ਰੋਮਣੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਪੁਰਸਕਾਰਾਂ ਤੇ ਸਰਕਾਰ ਦਾ ਹਰ ਸਾਲ ਕਰੀਬ ਇੱਕ ਕਰੋੜ ਰੁਪਇਆ ਖਰਚ ਹੁੰਦਾ ਹੈ। ਪਿਛਲੇ ਸਾਲ ਸਰਕਾਰ ਨੇ ਇਨ੍ਹਾਂ ਪੁਰਸਕਾਰਾਂ ਲਈ 108 ਸ਼ਖਸ਼ੀਅਤਾਂ ਦੀ ਚੋਣ ਕੀਤੀ ਹੈ।

ਲੇਖਕ ਵਰਗ ਵਿਚ ਚਰਚਾ ਹੈ ਕਿ ਪੰਜਾਬੀ ਸੂਬਾ ਬਣੇ ਨੂੰ 54 ਸਾਲ ਦਾ ਲੰਬਾ ਸਮਾਂ ਹੋ ਗਿਆ ਹੈ ਪਰ ਪੰਜਾਬ ਸਰਕਾਰ ਹਾਲੇ ਤੱਕ 'ਸ਼੍ਰੋਮਣੀ ਪੁਰਸਕਾਰ ਨੀਤੀ' ਨਹੀਂ ਬਣਾ ਸਕੀ। ਨਵੀਂ ਬਣੀ ਹਰ ਸਰਕਾਰ ਪੁਰਸਕਾਰ ਦੇਣ ਲਈ ਨਵਾਂ ਸਲਾਹਕਾਰ ਬੋਰਡ ਗਠਿਤ ਕਰ ਲੈਂਦੀ ਹੈ। ਸਲਾਹਕਾਰ ਬੋਰਡ ਵਿਚ ਆਪਣੀ ਮਰਜ਼ੀ ਦੇ ਅਤੇ ਆਪਣੇ ਪੱਖੀ ਵਿਅਕਤੀਆਂ ਨੂੰ ਨਾਮਜ਼ਦ ਕਰ ਦਿੰਦੀ ਹੈ। ਨੀਤੀ ਦੀ ਅਣਹੋਂਦ ਕਾਰਨ ਸਲਾਹਕਾਰ ਬੋਰਡ ਸ਼ੁਰੂ ਤੋਂ ਹੀ ਮਨਮਾਨੀਆਂ ਕਰਦੇ ਆਏ ਹਨ। ਪੁਰਸਕਾਰਾਂ ਦੀ ਚੋਣ ਵਿਚ ਹੁੰਦੇ ਪੱਖਪਾਤ ਕਾਰਨ ਲੇਖਕ ਨਾਰਾਜ਼ ਵੱਧ ਹੁੰਦੇ ਹਨ ਅਤੇ ਖੁਸ਼ ਘੱਟ।

ਸੱਚ ਜਾਨਣ ਲਈ ਅਸੀਂ ਤਿੰਨ ਜਣਿਆਂ (ਹਰਬਖ਼ਸ਼ ਸਿੰਘ ਗਰੇਵਾਲ, ਰਜਿੰਦਰਪਾਲ ਸਿੰਘ ਅਤੇ ਮਿੱਤਰ ਸੈਨ ਮੀਤ) ਨੇ ਇੱਕ ਕਮੇਟੀ ਬਣਾਈ ਅਤੇ ਸੂਚਨਾ ਅਧਿਕਾਰ ਕਾਨੂੰਨ 2005 ਦੀਆਂ ਵਿਵਸਥਾਵਾਂ ਦਾ ਸਹਾਰਾ ਲੈ ਕੇ ਭਾਸ਼ਾ ਵਿਭਾਗ ਤੋਂ ਸੂਚਨਾਵਾਂ ਮੰਗਣੀਆਂ ਸ਼ੁਰੂ ਕੀਤੀਆਂ। ਪਹਿਲੀ ਅਰਜ਼ੀ ਹਰਬਖ਼ਸ਼ ਸਿੰਘ ਗਰੇਵਾਲ ਵੱਲੋਂ ( 28 ਸਤੰਬਰ 2020 ਨੂੰ) ਦਿੱਤੀ ਗਈ। ਇਸ ਅਰਜ਼ੀ ਰਾਹੀਂ ਮੋਟੇ ਤੌਰ ਤੇ ਪਿਛਲੇ ਵੀਹ ਸਾਲਾਂ ਵਿਚ ਗਠਿਤ ਹੋਏ ਸਲਾਹਕਾਰ ਬੋਰਡਾਂ ਦੇ ਮੈਂਬਰਾਂ ਦੇ ਨਾਂ ਅਤੇ ਬੋਰਡਾਂ ਦੀਆਂ ਮੀਟਿੰਗਾਂ ਵਿਚ ਲਏ ਗਏ ਫ਼ੈਸਲਿਆਂ ਬਾਰੇ ਸੂਚਨਾਵਾਂ ਮੰਗੀਆਂ ਗਈਆਂ। ਨਾਲ ਹੀ ਪੁਰਸਕਾਰਾਂ ਲਈ ਯੋਗ ਸ਼ਕਸ਼ੀਅਤਾਂ ਦੀ ਚੋਣ ਕਰਦੇ ਸਮੇਂ ਸਲਾਕਾਰ ਬੋਰਡ, ਸਕਰੀਨਿੰਗ ਕਮੇਟੀ ਅਤੇ ਭਾਸ਼ਾ ਵਿਭਾਗ ਵਲੋਂ ਲਾਗੂ ਕੀਤੇ ਜਾਂਦੇ ਨਿਯਮਾਂ ਦੀਆਂ ਨਕਲਾਂ ਮੰਗੀਆਂ। ਜਵਾਬ ਵਿਚ ਭਾਸ਼ਾ ਵਿਭਾਗ ਨੇ ਪਿਛਲੇ ਸਲਾਹਕਾਰ ਬੋਰਡ ਦੀਆਂ ਕੁੱਝ ਸਾਲਾਂ ਦੀਆਂ ਇਕੱਤਰਤਾਵਾਂ ਦੀਆਂ ਕਾਰਵਾਈਆਂ ਅਤੇ ਬੋਰਡ ਮੈਂਬਰਾਂ ਦੇ ਨਾਂ ਭੇਜ ਦਿੱਤੇ। ਪਰ ਨਿਯਮਾਂ ਦੀ ਥਾਂ ਭਾਸ਼ਾ ਵਿਭਾਗ ਵੱਲੋਂ ਇੱਕ ਪੰਜ ਪੰਨਿਆਂ ਦਾ ਬਿਨ੍ਹਾਂ ਸਿਰ-ਪੈਰ ਵਾਲਾ ਦਸਤਾਵੇਜ ਭੇਜ ਦਿੱਤਾ ਗਿਆ। ਬਿਨਾਂ ਸਿਰਲੇਖ ਵਾਲੇ ਇਸ ਦਸਤਾਵੇਜ ਵਿਚ 18 ਪੁਰਸਕਾਰਾਂ ਨਾਲ ਸਬੰਧਤ 18 ਮੱਦਾਂ ਦਰਜ ਹਨ।

ਦਾਲ ਵਿਚ ਕੁੱਝ ਕਾਲਾ ਮਹਿਸੂਸ ਹੋਣ ਤੇ ਪਹਿਲਾਂ ਮੈਂ (28 ਦਸੰਬਰ 2020 ਨੂੰ) ਅਰਜ਼ੀ ਦੇ ਕੇ ਭਾਸ਼ਾ ਵਿਭਾਗ ਤੋਂ ਸਰਕਾਰੀ ਗਜਟ ਦੀ ਉਹ ਕਾਪੀ ਮੰਗੀ ਜਿਸ ਵਿਚ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਪੁਰਸਕਾਰਾਂ ਲਈ ਬਣਾਏ ਗਏ ਨਿਯਮਾਂ ਸਬੰਧੀ ਅਧਿਸੂਚਨਾਵਾਂ ਛਾਪੀਆਂ ਗਈਆਂ ਹੋਣ। ਨਾਲ ਹੀ ਉਨ੍ਹਾਂ ਹੁਕਮਾਂ ਦੀਆਂ ਕਾਪੀਆਂ ਵੀ ਮੰਗੀਆਂ ਜਿਨ੍ਹਾਂ ਰਾਹੀਂ ਪੰਜਾਬ ਸਰਕਾਰ ਨੇ ਚੋਣ ਪ੍ਰਕ੍ਰਿਆ ਨੂੰ ਮੰਨਜ਼ੂਰੀ ਦਿੱਤੀ। ਇਸ ਅਰਜ਼ੀ ਦੇ ਜਵਾਬ ( 27 ਜਨਵਰੀ 2021 ਨੂੰ) ਵਿਚ ਭਾਸ਼ਾ ਵਿਭਾਗ ਨੇ ਮੰਨਿਆ ਕਿ ਪੰਜਾਬ ਸਰਕਾਰ ਨੇ ਪੁਰਸਕਾਰਾਂ ਦੀ ਯੋਗਤਾ ਆਦਿ ਨਿਸ਼ਚਤ ਕਰਨ ਵਾਲੇ ਨਿਯਮ ਅਤੇ ਅਪਣਾਈ ਜਾਣ ਵਾਲੀ ਚੋਣ ਪ੍ਰਕ੍ਰਿਆ ਸਬੰਧੀ ਕੋਈ ਅਧਿਸੂਚਤ ਸਰਕਾਰੀ ਗਜ਼ਟ ਵਿਚ ਨਹੀਂ ਛਾਪੀ। ਉਹੋ ਬਿਨ੍ਹਾਂ ਸਿਰਲੇਖ ਵਾਲਾ ਦਸਤਾਵੇਜ ਭੇਜ ਕੇ ਮੈਨੂੰ ਵੀ ਸੂਚਿਤ ਕੀਤਾ ਗਿਆ ਕਿ ਚੋਣ ਸਮੇਂ ਸਲਾਹਕਾਰ ਬੋਰਡ ਵਲੋਂ ਇਸ ਦਸਤਾਵੇਜ ਵਿਚ ਦਰਜ ਪ੍ਰਕ੍ਰਿਆ ਅਪਣਾਈ ਜਾਂਦੀ ਹੈ।

ਸਥਿਤੀ ਹੋਰ ਸਪੱਸ਼ਟ ਕਰਨ ਲਈ ਮੇਰੇ ਵੱਲੋਂ ਦੂਸਰੀ ਅਰਜ਼ੀ ( 05 ਫਰਵਰੀ 2021) ਰਾਹੀਂ ਭਾਸ਼ਾ ਵਿਭਾਗ ਕੋਲੋਂ ਪੁੱਛਿਆ ਗਿਆ ਕਿ ਆਖਿਰ ਇਸ ਦਸਤਾਵਜ ਦਾ ਸਿਰਲੇਖ(ਨਾਂ) ਕੀ ਹੈ? ਇਹ ਦਸਤਾਵੇਜ ਕਦੋਂ ਅਤੇ ਕਿਸ ਅਧਿਕਾਰੀ ਜਾਂ ਸੰਸਥਾ ਵੱਲੋਂ ਤਿਆਰ ਕੀਤਾ ਗਿਆ? ਨਾਲ ਹੀ ਉਸ ਮੀਟਿੰਗ ਦੀ ਕਾਰਵਾਈ ਦੀ ਨਕਲ ਵੀ ਮੰਗੀ ਗਈ ਜਿਸ ਵਿਚ ਇਹ ਪ੍ਰਕ੍ਰਿਆ ਬਣਾਈ ਜਾਂ ਤਿਆਰ ਕੀਤੀ ਗਈ ਸੀ। ਭਾਸ਼ਾ ਵਿਭਾਗ ਨੇ ਆਪਣੇ ਜਵਾਬ (ਮਿਤੀ 10 ਮਾਰਚ 2021) ਵਿਚ ਦੱਸਿਆ ਕਿ ਇਸ ਪ੍ਰਕ੍ਰਿਆ/ ਨਿਯਮ ਦਾ ਨਾਂ 'ਰਾਜ

ਸਲਾਹਕਾਰ ਬੋਰਡ ਦਾ ਏਜੰਡਾ" ਹੈ। ਇਹ ਵੀ ਦੱਸਿਆ ਕਿ ਇਹ ਪ੍ਰਕ੍ਰਿਆ/ਨਿਯਮ ਭਾਸ਼ਾ ਵਿਭਾਗ ਵੱਲੋਂ ਬਣਾਏ ਗਏ ਹਨ। ਪਰ ਭਾਸ਼ਾ ਵਿਭਾਗ ਉਸ ਮੀਟਿੰਗ ਦੀ ਕਾਰਵਾਈ ਦੀ ਨਕਲ ਉਪਲਬਧ ਨਹੀਂ ਕਰਵਾ ਸਕਿਆ ਜਿਸ ਵਿਚ ਇਹ ਪ੍ਰਕ੍ਰਿਆ/ਨਿਯਮ ਬਣਾਏ ਗਏ, ਕਿਉਂਕਿ, ਭਾਸ਼ਾ ਵਿਭਾਗ ਅਨੁਸਾਰ, ਇਸ ਬਾਰੇ ਕੋਈ ਸੂਚਨਾ ਦਫ਼ਤਰ ਵਿਚ ਉਪਲਬਧ ਨਹੀਂ ਹੈ।

ਕੀ ਪੰਜਾਬ ਸਰਕਾਰ ਨੇ ਨਿਯਮ ਜਾਂ 'ਸ਼੍ਰੋਮਣੀ ਪੁਰਸਕਾਰ ਨੀਤੀ' ਤਿਆਰ ਕਰਨ ਲਈ ਕਦੇ ਯਤਨ ਕੀਤੇ ਵੀ? ਇਹ ਜਾਣਨ ਲਈ ਪਿਛਲੇ ਸਲਾਹਕਾਰ ਬੋਰਡਾਂ ਦੀਆਂ ਇਕੱਤਰਤਾਵਾਂ ਦੀਆਂ ਉਪਲਭਦ ਕਾਰਵਾਈਆਂ ਦਾ ਅਧਿਐਨ ਕੀਤਾ ਗਿਆ। ਘੋਖ ਤੋਂ ਪਤਾ ਲਗਿਆ ਕਿ ਇਸ ਦਿਸ਼ਾ ਵਿਚ ਪੰਜਾਬ ਸਰਕਾਰ ਵਲੋਂ ਘੱਟੋ ਘੱਟ ਦੋ ਵਾਰ ਯਤਨ ਕੀਤੇ ਗਏ ਹਨ। ਦੋਵੇਂ ਵਾਰ 'ਸ਼੍ਰੋਮਣੀ ਪੁਰਸਕਾਰ ਨੀਤੀ'ਦਾ ਖਰੜਾ ਤਿਆਰ ਕਰਨ ਲਈ ਕਮੇਟੀਆਂ ਬਣਾਈਆਂ ਗਈਆਂ।

ਇਨ੍ਹਾਂ ਪਾਲਿਸੀ ਨਿਰਧਾਰਣ ਕਮੇਟੀਆਂ ਦੀਆਂ ਸਿਫਾਰਸ਼ਾਂ ਬਾਰੇ ਜਾਣਨ ਤੋਂ ਪਹਿਲਾਂ ਇਹ ਜਾਣ ਲੈਣਾ ਜਰੂਰੀ ਹੈ ਕਿ ਕਿਸੇ ਨੀਤੀ ਜਾਂ ਨਿਯਮਾਂ ਵਿੱਚ ਮੋਟੇ ਤੋਰ ਤੇ ਕੀ ਕੀ ਦਰਜ ਹੁੰਦਾ ਹੈ? ਅਤੇ ਨੀਤੀ ਦਾ ਖਰੜਾ ਕਾਨੂੰਨ ਕਦੋਂ ਬਣਦਾ ਹੈ?

ਨਿਯਮਾਂ ਵਿੱਚ ਸਭ ਤੋਂ ਪਹਿਲਾਂ ਦਸਤਾਵੇਜ ਵਿਚ ਵਰਤੇ ਗਏ ਸ਼ਬਦਾਂ, ਜਿਨ੍ਹਾਂ ਨੂੰ ਕਾਨੂੰਨ ਦੀ ਭਾਸ਼ਾ ਵਿੱਚ ਮੱਦ ਆਖਿਆ ਜਾਂਦਾ ਹੈ, ਨੂੰ ਪ੍ਰਭਾਸ਼ਿਤ ਕੀਤਾ ਜਾਂਦਾ ਹੈ। ਜਿਵੇਂ ਪੁਰਸਕਾਰਾਂ ਨਾਲ ਸਬੰਧਤ ਨਿਯਮਾਂ ਵਿੱਚ 'ਸਾਹਿਤਕਾਰ', 'ਕਵੀ', 'ਨਾਟਕਕਾਰ', 'ਰਾਗੀ', 'ਢਾਡੀ' ਆਦਿ ਸ਼ਬਦਾਂ ਨੂੰ ਪ੍ਰਭਾਸ਼ਿਤ ਕੀਤਾ ਜਾਵੇਗਾ। 'ਸਮੁੱਚੀ ਦੇਣ' ਤੋਂ ਕੀ ਭਾਵ ਹੈ? ਇਹ ਦੱਸਿਆ ਜਾਵੇਗਾ। ਕੀ ਇਹਨਾਂ ਪੁਰਸਕਾਰਾਂ ਦੇ ਹੱਕਦਾਰ ਕੇਵਲ ਪੰਜਾਬ ਜਾਂ ਭਾਰਤ ਵਿੱਚ ਰਹਿਣ ਵਾਲੇ ਨਾਗਰਿਕ ਹੀ ਹਨ ਜਾਂ ਵਿਦੇਸ਼ੀ ਵੀ ? ਕੀ ਕਿਸੇ ਨੂੰ ਮਰਨ ਉਪਰਾਂਤ ਵੀ ਪੁਰਸਕਾਰ ਮਿਲ ਸਕਦਾ ਹੈ?

ਯੋਗ ਉਮੀਦਵਾਰ ਦੀ ਚੋਣ ਕਿਵੇਂ ਕੀਤੀ ਜਾਵੇਗੀ ? ਯੋਗ ਉਮੀਦਵਾਰਾਂ ਦੇ ਨਾਂ ਕਿਵੇਂ ਇੱਕਠੇ ਕੀਤੇ ਜਾਣਗੇ ? ਉਮੀਦਵਾਰ ਦੀ ਯੋਗਤਾ ਪਰਖਣ ਦੇ ਕੀ ਮਾਪਦੰਡ ਹੋਣਗੇ ? ਚੋਣ ਪ੍ਰਕਿਰਿਆ ਨਾਲ ਸਬੰਧਤ ਅਧਿਕਾਰੀਆਂ, ਬੋਰਡ ਦੇ ਮੈਂਬਰਾਂ ਆਦਿ ਤੇ ਕੀ ਕੀ ਪਾਬੰਦੀਆਂ ਹੋਣਗੀਆਂ? ਕੀ ਚੋਣ—ਬੋਰਡ ਦੇ ਮੈਂਬਰ ਆਪਣੇ ਆਪ ਨੂੰ ਪੁਰਸਕਾਰ ਲਈ ਚੁਣ ਸਕਣਗੇ? ਆਦਿ। ਜੇ ਕੋਈ ਸਾਹਿਤਕਾਰ ਚੋਣ ਬੋਰਡ ਦੇ ਫੈਸਲੇ ਨਾਲ ਸਹਿਮਤ ਨਹੀਂ ਹੈ ਅਤੇ ਪੁਰਸਕਾਰ ਤੇ ਆਪਣੀ ਦਾਵੇਦਾਰੀ ਜਤਾਉਂਦਾ ਹੈ ਤਾਂ ਕੀ ਉਸ ਲੇਖਕ ਨੂੰ ਉਸ ਫੈਸਲੇ ਨੂੰ ਅਦਾਲਤ ਜਾਂ ਕਿਸੇ ਹੋਰ ਅਧਿਕਾਰੀ ਕੋਲ ਚਣੌਤੀ ਦੇਣ ਦਾ ਅਧਿਕਾਰ ਹੈ?

ਪਹਿਲਾਂ ਅਜਿਹੀ ਨੀਤੀ ਦਾ ਖਰੜਾ ਬਣਦਾ ਹੈ। ਫੇਰ ਸੋਧ ਲਈ ਖਰੜਾ ਪੰਜਾਬ ਸਰਕਾਰ ਦੇ ਕਾਨੂੰਨ ਵਿਭਾਗ ਕੋਲ ਜਾਂਦਾ ਹੈ। ਸੋਧ ਬਾਅਦ ਉਸ ਖਰੜੇ ਨੂੰ ਮੰਨਜੂਰੀ ਲਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਂਦਾ ਹੈ। ਮੰਤਰੀ ਮੰਡਲ ਦੀ ਸਹਿਮਤੀ ਬਾਅਦ, ਜੇ ਲੋੜ ਹੋਵੇ ਤਾਂ ਖਰੜਾ ਰਾਜਪਾਲ ਨੂੰ ਭੇਜਿਆ ਜਾਂਦਾ ਹੈ। ਰਾਜਪਾਲ ਦੀ ਸਹਿਮਤੀ ਬਾਅਦ ਉਹ ਨਿਯਮ ਸਰਕਾਰ ਦੇ ਗਜ਼ਟ ਵਿੱਚ ਛਾਪੇ ਜਾਂਦੇ ਹਨ। ਗਜਟ ਵਿੱਚ ਛਾਪੇ ਜਾਣ ਦੇ ਕਈ ਉਦੇਸ਼ ਹੁੰਦੇ ਹਨ। ਪਹਿਲਾ ਉਦੇਸ਼ ਆਮ ਜਨਤਾ ਨੂੰ ਨਿਯਮਾਂ ਤੋਂ ਜਾਣੂ ਕਰਵਾਉਣਾ ਹੁੰਦਾ ਹੈ। ਦੂਜਾ ਉਨ੍ਹਾਂ ਨਿਯਮਾਂ ਦੇ ਲਾਗੂ ਹੋਣ ਦੀ ਮਿਤੀ ਦਾ ਐਲਾਨ ਕਰਨਾ। ਤੀਜਾ ਜਨਤਾ ਨੂੰ ਉਨ੍ਹਾਂ ਨਿਯਮਾਂ ਨੂੰ ਲਾਗੂ ਕਰਾਉਣ ਦਾ ਅਧਿਕਾਰ ਦੇਣਾ।

ਕਿਸੇ ਨੀਤੀ ਦੇ ਗਜਟ ਵਿੱਚ ਛਪਣ ਬਾਅਦ ਹੀ ਉਸ ਨੀਤੀ ਨੂੰ ਕਾਨੂੰਨੀ ਨੀਤੀ ਦਾ ਦਰਜਾ ਮਿਲਦਾ ਹੈ।ਇਨੀ ਪ੍ਰਕਿਰਿਆ ਦੇ ਪੂਰੀ ਹੋਣ ਤੱਕ ਨਿਯਮ ਨਿਯਮ ਨਹੀਂ ਮਿਸਲਾਂ ਵਿੱਚ ਪਏ ਕਾਗਜਾਂ ਦੇ ਟੁਕੜੇ ਹੀ ਹੁੰਦੇ ਹਨ।

ਪੰਜਾਬੀ ਸਾਹਿਤ ਵਿੱਚ ਮੱਸ ਰੱਖਣ ਵਾਲੇ ਹਰ ਵਿਅਕਤੀ ਨੂੰ ਪਤਾ ਹੈ ਕਿ ਸਾਲ 2008 ਅਤੇ 2007 ਦੇ ਪੁਰਸਕਾਰਾਂ ਦੀ ਚੋਣ ਲਈ ਜੋ ਬੋਰਡ ਬਣਾਇਆ ਗਿਆ ਸੀ ਜਸਵੰਤ ਸਿੰਘ ਕੰਵਲ, ਦਲੀਪ ਕੋਰ ਟਿਵਾਣਾ, ਸਿੱਧੂ ਦਮਦਮੀ, ਚੰਦਰ ਤ੍ਰਿਖਾ, ਛੋਟੂ ਰਾਮ ਮੋਦਗਿਲ, ਡਾ ਕਰਨੈਲ ਸਿੰਘ ਥਿੰਦ, ਡਾ ਰਵਿੰਦਰ ਕੋਰ ਅਤੇ ਡਾ. ਧੰਨਵੰਤ ਕੋਰ ਉਸਦੇ ਮੈਂਬਰ ਸਨ। ਇਨ੍ਹਾਂ ਵਿੱਚੋਂ ਪਹਿਲੇ ਸੱਤ ਨੇ ਆਪਣੇ ਆਪ ਨੂੰ ਅਤੇ ਅੱਠਵੇਂ ਨੇ ਆਪਣੇ ਜੀਵਣ ਸਾਥੀ ਨੂੰ ਪੁਰਸਕਾਰਾਂ ਲਈ ਚੁਣ ਲਿਆ ਸੀ। ਸਲਾਹਕਾਰ ਬੋਰਡ ਦੇ ਇਸ ਗੈਰ ਕਾਨੂੰਨੀ ਅਤੇ ਅਨੈਤਿਕ

ਫੈਸਲੇ ਨੂੰ ਆਪਣੀ ਮਾਂ ਬੋਲੀ ਨਾਲ ਮੋਹ ਕਰਨ ਵਾਲੇ ਸ਼੍ਰੀ ਪੀ.ਸੀ. ਜੋਸ਼ੀ ਵੱਲੋਂ ਹਾਈ ਕੋਰਟ ਵਿੱਚ ਚਣੋਤੀ ਦਿੱਤੀ ਗਈ। ਸੁਣਵਾਈ ਦੌਰਾਣ, ਹਾਈ ਕੋਰਟ ਦੀ ਮੰਗ ਤੇ, ਪੰਜਾਬ ਸਰਕਾਰ ਨੇ ਹਲਫੀਆ ਬਿਆਨ ਦੇ ਕੇ ਇਹ ਭਰੋਸਾ ਦਿਤਾ 'ਕਿ ਸਾਲ 2009 ਤੋਂ ਵਿਭਾਗ ਵੱਲੋ਼ ਅਜਿਹੀ ਨੀਤੀ ਅਪਣਾਈ ਜਾਵੇਗੀ ਕਿ ਬੋਰਡ ਦੇ ਮੌਜੂਦਾ ਮੈਂਬਰਾਂ ਦੇ ਹਿੱਤ ਪੁਰਸਕਾਰਾਂ ਦੇ ਆੜੇ ਨਾ ਆਉਣ'। ਹਾਈ ਕੋਰਟ ਵੱਲੋ਼, ਇਸ ਭਰੋਸੇ ਨੂੰ ਧਿਆਨ ਵਿੱਚ ਰੱਖ ਕੇ ਪੰਜਾਬ ਸਰਕਾਰ ਨੂੰ, ਬੋਰਡ ਅਤੇ ਸਕਰੀਨਿੰਗ ਕਮੇਟੀ ਦੇ ਮੈਂਬਰਾਂ ਵਲੋਂ ਆਪਣਾਏ ਜਾਣ ਵਾਲੇ ਜਾਬਤੇ ਬਾਰੇ ਦਿਸ਼ਾ ਨਿਰਦੇਸ਼ ਦਿੱਤੇ। ਸਲਾਹਕਾਰ ਬੋਰਡਾਂ ਦੀਆਂ ਅਗਲੀਆਂ ਕਈ ਮੀਟਿੰਗਾਂ ਵਿਚ ਸਲਾਹਕਾਰ ਬੋਰਡ ਦੇ ਮੈਂਬਰਾਂ ਨੂੰ ਇਨ੍ਹਾਂ ਨਿਰਦੇਸ਼ਾਂ ਦੀ ਯਾਦ ਦਿਵਾਈ ਅਤੇ ਪਾਲਣਾ ਕਰਾਈ ਜਾਂਦੀ ਰਹੀ।

ਇਸ ਰਿਟ ਪਟੀਸ਼ਨ ਕਾਰਨ ਸਲਾਹਕਾਰ ਬੋਰਡ ਦੇ ਮੈਂਬਰਾਂ ਦੇ ਨਾਲ ਨਾਲ ਸਰਕਾਰ ਦੀ ਵੀ ਕਿਰਕਰੀ ਹੋਈ। ਅਗਾਂਹ ਅਜਿਹੀ ਗਲਤੀ ਨਾ ਹੋਵੇ ਇਸ ਲਈ ਪੰਜਾਬ ਸਰਕਾਰ ਵੱਲੋਂ (27 ਮਈ 2009 ਨੂੰ) ਇਕ ਅਧੀਸੂਚਨਾ ਜਾਰੀ ਕਰਕੇ ਇਕ ਸਬ—ਕਮੇਟੀ ਦਾ ਗਠਨ ਕੀਤਾ ਗਿਆ। ਗੁਲਜ਼ਾਰ ਸਿੰਘ ਸੰਧੂ, ਰਵੇਲ ਸੰਘ, ਸਰਦਾਰ ਪੰਛੀ ਅਤੇ ਸਤਨਾਮ ਮਾਣਕ ਇਸ ਕਮੇਟੀ ਦੇ ਮੈਂਬਰ ਬਣਾਏ ਗਏ। ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਨੂੰ ਚੇਅਰਮੈਨ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਨੂੰ ਕਨਵੀਨਰ ਨਿਯੁਕਤ ਕੀਤਾ ਗਿਆ। ਇਸ ਕਮੇਟੀ ਦੀ ਜ਼ਿੰਮੇਵਾਰੀ, ਹੋਰ ਸੰਸਥਾਵਾਂ ਦੇ ਨਿਯਮਾਂ ਅਤੇ ਪਾਲਿਸੀਆਂ ਨੂੰ ਧਿਆਨ ਵਿਚ ਰੱਖਦਿਆਂ, ਨਵੀਂ ਪਾਲਿਸੀ ਨਿਰਧਾਰਣ ਕਰਨ ਲਈ ਸਿਫ਼ਾਰਸ਼ਾਂ ਕਰਨਾ ਸੀ। ਇਨ੍ਹਾਂ ਸਿਫ਼ਾਰਸ਼ਾਂ ਦੇ ਅਧਾਰ ਤੇ ਪੰਜਾਬ ਸਰਕਾਰ/ਰਾਜ ਸਲਾਹਕਾਰ ਬੋਰਡ ਨੇ ਨਵੀਂ ਪਾਲਿਸੀ ਬਾਰੇ ਫ਼ੈਸਲਾ ਲੈਣਾ ਸੀ। ਸਬ-ਕਮੇਟੀ ਦੀ 08.09.2009 ਨੂੰ ਇਕੱਤਰਤਾ ਹੋਈ। ਪਰ ਕਮੇਟੀ ਵੱਲੋਂ ਨੀਤੀ ਦਾ ਖਰੜਾ ਤਿਆਰ ਕਰਨ ਦੀ ਥਾਂ ਇਹ ਸਲਾਹ ਹੀ ਦਿੱਤੀ ਗਈ ਕਿ ਸਾਹਿਤ ਅਕੈਡਮੀ ਦਿੱਲੀ ਅਤੇ ਪੰਜਾਬੀ ਅਕੈਡਮੀ ਦਿੱਲੀ ਵਲੋਂ ਆਪਣੇ ਪੁਰਸਕਾਰਾਂ ਲਈ ਬਣਾਏ ਗਏ ਨਿਯਮ ਉੱਤਮ ਹਨ। ਪੰਜਾਬ ਸਰਕਾਰ ਨੂੰ ਇਨ੍ਹਾਂ ਨਿਯਮਾਂ ਅਨੁਸਾਰ ਨਵੀਂ ਨੀਤੀ ਬਣਾ ਲੈਣੀ ਚਾਹੀਦੀ ਹੈ। ਇੰਝ ਇਹ ਕਮੇਟੀ ਆਪਣੀ ਪੁਰਸਕਾਰ ਨੀਤੀ ਦਾ ਖਰੜਾ ਤਿਆਰ ਕਰਨ ਦੀ ਵੱਡੀ ਜ਼ਿੰਮੇਵਾਰੀ ਤੋਂ ਟਲ ਗਈ। ਕਮੇਟੀ ਦੀ ਇਸ ਘਸੇਲ ਕਾਰਨ ਪੁਰਸਕਾਰ ਨੀਤੀ ਬਣਨੋਂ ਰਹਿ ਗਈ।

ਪੁਰਸਕਾਰ ਨੀਤੀ ਬਣਾਉਣ ਲਈ ਪੰਜਾਬ ਸਰਕਾਰ ਵਲੋਂ ਇਕ ਵਾਰ ਫੇਰ ਯਤਨ ਕੀਤਾ ਗਿਆ। ਨਵੀਂ ਕਮੇਟੀ ਪ੍ਰੋ ਜਸਪਾਲ ਸਿੰਘ (ਉਸ ਸਮੇਂ ਦੇ ਪੰਜਾਬੀ ਯੂਨੀਵਰਸਟੀ ਦੇ ਉੱਪ ਕੁਲਪਤੀ) ਦੀ ਸਰਪ੍ਰਸਤੀ ਹੇਠ ਬਣਾਈ ਗਈ। ਇਸ ਕਮੇਟੀ ਨੇ ਆਪਣੀ ਰਿਪੋਰਟ 9 ਜੁਲਾਈ 2015 ਨੂੰ ਦਿੱਤੀ। ਇਸ ਰਿਪੋਰਟ ਦਾ ਹਵਾਲਾ ' ਵਿਆਖਿਆ ਪੱਤਰ' ਵਿਚੋਂ ਮਿਲਦਾ ਹੈ। ਮੰਗੇ ਜਾਣ ਦੇ ਬਾਵਜੂਦ ਵੀ ਭਾਸ਼ਾ ਵਿਭਾਗ ਤੋਂ ਇਸ ਰਿਪੋਰਟ ਦੀ ਕਾਪੀ ਸਾਨੂੰ ਨਹੀਂ ਮਿਲੀ। ਜਾਪਦਾ ਹੈ ਕਿ ਇਸ ਕਮੇਟੀ ਨੇ ਵੀ ਆਪਣੀ ਜਿੰਮੇਵਾਰੀ ਤਨਦੇਹੀ ਨਾਲ ਨਹੀਂ ਨਿਭਾਈ। ਨਹੀਂ ਤਾਂ ਇਸ ਕਮੇਟੀ ਵਲੋਂ ਤਿਆਰ ਕੀਤੀ ਨੀਤੀ ਨੂੰ ਪੰਜਾਬ ਸਰਕਾਰ ਦੀ ਮੰਨਜੂਰੀ ਮਿਲ ਗਈ ਹੁੰਦੀ। ਸਰਕਾਰ ਵਲੋਂ ਪ੍ਰਵਾਣਿਤ ਨੀਤੀ ਕਦੋਂ ਦੀ ਸਰਕਾਰੀ ਗਜਟ ਵਿਚ ਛਪ ਗਈ ਹੁੰਦੀ। ਅਤੇ ਪੁਰਸਕਾਰਾਂ ਦੀ ਚੋਣ ਸਮੇਂ ਖੜੇ ਹੁੰਦੇ ਝਮੇਲੇ ਸਦਾ ਸਦਾ ਲਈ ਮਿਟ ਗਏ ਹੁੰਦੇ।

-----

**ਸਮੱਸਿਆ ਨੂੰ ਘੱਟ ਸਲਝਾਉਣ ਅਤੇ ਵੱਧ ਉਲਝਉਣ ਵਾਲਾ ਭਾਸ਼ਾ ਵਿਭਾਗ ਦਾ 'ਵਿਆਖਿਆ ਪੱਤਰ'**

ਇਕ ਤਰਕਸੰਗਤ ਅਤੇ ਪਰਵਾਣਿਤ ਪੁਰਸਕਾਰ ਨੀਤੀ ਦੀ ਅਣਹੋਂਦ ਕਾਰਨ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਵਲੋਂ, ਪੁਰਸਕਾਰਾਂ ਦੀ ਚੋਣ ਨੂੰ ਨਿਅੰਤਰਿਤ ਕਰਨ ਦੇ ਯਤਨ ਵਜੋਂ, ਇਹ 'ਵਿਆਖਿਆ ਪੱਤਰ' ਖੁਦ ਤਿਆਰ ਕੀਤਾ ਗਿਆ ਹੈ। ਅਣ-ਅਧਿਕਾਰਿਤ ਹੋਣ ਕਾਰਨ ਇਸ ਦਸਤਾਵੇਜ ਨੂੰ ਕਦੇ 'ਵਿਆਖਿਆ ਪੱਤਰ' ਆਖ ਦਿੱਤਾ ਜਾਂਦਾ ਹੈ ਅਤੇ ਕਦੇ 'ਰਾਜ ਸਲਾਹਕਾਰ ਬੋਰਡ ਦਾ ਏਜੰਡਾ' । ਇਸ ਦਸਤਾਵੇਜ ਵਿਚ ਪੁਰਸਕਾਰਾਂ ਲਈ ਜੋ ਯੋਗਤਾਵਾਂ ਤੈਅ ਕੀਤੀਆਂ ਗਈਆਂ ਹਨ ਉਨ੍ਹਾਂ ਨੂੰ ਪੰਜਾਬ ਸਰਕਾਰ ਦੀ ਸਹਿਮਤੀ ਨਹੀਂ ਮਿਲੀ ਹੋਈ।

ਕਾਨੂੰਨੀ ਮਾਹਿਰਾਂ ਵੱਲੋਂ ਤਿਆਰ ਨਾ ਕੀਤੇ ਜਾਣ ਕਾਰਨ ਇਹ 'ਵਿਆਖਿਆ ਪੱਤਰ' ਵਿਸੰਗਤੀਆਂ ਨਾਲ ਭਰਪੂਰ ਹੈ।

ਨਮੂਨੇ ਲਈ ਕੁਝ ਵਿਸੰਗਤੀਆਂ ਦਾ ਜ਼ਿਕਰ ਕਰਨਾ ਜਰੂਰੀ ਹੈ।

ਸਰਕਾਰ ਵਲੋਂ ਬਹੁਤੇ ਪੁਰਸਕਾਰ 'ਸਾਹਿਤਕਾਰਾਂ' ਨੂੰ ਦਿੱਤੇ ਜਾਂਦੇ ਹਨ। ਇਸ ਦਸਤਾਵੇਜ ਵਿਚ ਸਭ ਤੋਂ ਪਹਿਲਾਂ ਇਹੋ ਮੱਦ ਪ੍ਰਭਾਸ਼ਿਤ ਹੋਣੀ ਚਾਹੀਦੀ ਸੀ। ਪਰ ਹੋਈ ਨਹੀਂ। ਕਵਿਤਾ, ਨਾਵਲ, ਕਹਾਣੀ, ਨਾਟਕ ਆਦਿ ਸਾਹਿਤ ਦੇ ਵੱਖ ਵੱਖ ਰੂਪ ਹਨ। ਸਾਹਿਤ ਵਿਚ ਆਲੋਚਨਾ, ਗਿਆਨ, ਵਿਗਿਆਨ, ਕਾਨੂੰਨ ਆਦਿ ਵਿਸ਼ਿਆਂ ਤੇ ਲਿਖੇ ਨਿਬੰਧ ਸ਼ਾਮਲ ਨਹੀਂ ਹੁੰਦੇ। ਇਨ੍ਹਾਂ ਪੁਰਸਕਾਰਾਂ ਦੀ ਚੋਣ ਸਮੇਂ 'ਸਾਹਿਤਕਾਰ' ਕਿਸ ਨੂੰ ਮੰਨਿਆ ਜਾਵੇ? ਪੁਰਸਕਾਰਾਂ ਵਿਚ ਇੱਕ ਸ਼੍ਰੇਣੀ ' ਪੰਜਾਬੀ ਸਾਹਿਤਕਾਰ' ਦੀ ਹੈ, ਦੂਜੀ 'ਪੰਜਾਬੀ ਕਵੀ' ਦੀ ਅਤੇ ਤੀਜੀ 'ਪੰਜਾਬੀ ਨਾਟਕਕਾਰ' ਦੀ। ਕੀ ਕਵੀ ਅਤੇ ਨਾਟਕਕਾਰ ਸਾਹਿਤਕਾਰ ਨਹੀਂ ਹੁੰਦੇ?

ਇਸੇ ਤਰਾਂ ਪੁਰਸਕਾਰਾਂ ਵਿਚ ਇੱਕ ਸ਼੍ਰੇਣੀ 'ਪੰਜਾਬੀ ਪੱਤਰਕਾਰ' ਅਤੇ ਦੂਜੀ 'ਪੰਜਾਬੀ ਸਾਹਿਤਕ ਪੱਤਰਕਾਰ' ਦੀ ਹੈ। ਇਸ ਦਸਤਾਵੇਜ ਅਨੁਸਾਰ 'ਪੱਤਰਕਾਰ' ਤੋਂ ਭਾਵ ਕਿਸੇ 'ਪੰਜਾਬੀ ਅਖ਼ਬਾਰ ਦਾ ਸੰਪਾਦਕ' ਹੋਣਾ ਹੈ ਅਤੇ 'ਸਾਹਿਤਕ ਪੱਤਰਕਾਰ' ਤੋਂ ਭਾਵ ਕਿਸੇ 'ਹਫ਼ਤਾਵਾਰੀ ਅਖ਼ਬਾਰ ਦਾ ਸੰਪਾਦਕ' ਹੋਣਾ। ਦੋਹਾਂ ਪਰਿਭਾਸ਼ਾਵਾਂ ਵਿਚ 'ਅਖ਼ਬਾਰਾਂ ਦੀ ਸੰਪਾਦਨਾ' ਸ਼ਾਮਲ ਹੈ। ਫ਼ਰਕ ਸਿਰਫ਼ 'ਰੋਜ਼ਾਨਾ' ਜਾਂ 'ਹਫ਼ਤਾਵਾਰੀ ਅਖ਼ਬਾਰ' ਦਾ ਹੀ ਹੈ। ਭਲਾ 'ਹਫ਼ਤਾਵਾਰੀ ਅਖ਼ਬਾਰ ਦੀ ਸੰਪਾਦਨਾ' ਦਾ 'ਸਾਹਿਤਕ ਪੱਤਰਕਾਰਤਾ' ਨਾਲ ਕੀ ਸਬੰਧ? ਅਗਾਂਹ 'ਪੱਤਰਕਾਰ' ਤੋਂ ਭਾਵ 'ਕਿਸੇ ਪੰਜਾਬੀ ਅਖ਼ਬਾਰ ਵਿਚ ਪੱਤਰਕਾਰੀ ਨਾਲ ਸਬੰਧਤ ਹੋਣਾ' ਅਤੇ 'ਸਾਹਿਤਕ ਪੱਤਰਕਾਰੀ' ਤੋਂ ਭਾਵ 'ਕਿਸੇ ਹਫ਼ਤਾਵਾਰੀ ਅਖ਼ਬਾਰ ਵਿਚ ਸਾਹਿਤਕ ਪੱਤਰਕਾਰੀ ਨਾਲ ਸਬੰਧਤ ਹੋਣਾ' ਦਰਜ ਹੈ। ਹਫ਼ਤਾਵਾਰੀ ਅਖ਼ਬਾਰ ਵਿਚ ਸਾਹਿਤਕ ਪੱਤਰਕਾਰੀ ਕਿਵੇਂ ਹੁੰਦੀ ਹੈ? ਇਹ ਸਪਸ਼ਟ ਨਹੀਂ। ਪੰਜਾਬੀ ਦਾ ਲਗਭਗ ਹਰ ਅਖ਼ਬਾਰ ਹਫ਼ਤੇ ਵਿਚ ਇੱਕ ਜਾਂ ਦੋ ਦਿਨ ਸਾਹਿਤਕ ਸਮੱਗਰੀ ਛਾਪਦਾ ਹੈ। ਉਸ ਸਾਹਿਤਕ ਪੰਨੇ ਦਾ ਸੰਪਾਦਕ ਵੱਖਰਾ ਹੁੰਦਾ ਹੈ। ਇੰਞ ਇਸ ਦਸਤਾਵੇਜ ਅਨੁਸਾਰ, ਕਿਸੇ ਰੋਜ਼ਾਨਾ ਅਖ਼ਬਾਰ ਦੇ ਸਾਹਿਤਕ ਪੰਨੇ ਦਾ ਸੰਪਾਦਕ 'ਪੱਤਰਕਾਰਾਂ' ਦੀਆਂ ਇਨ੍ਹਾਂ ਦੋਵੇਂ ਸ਼੍ਰੇਣੀਆਂ ਦੇ ਪੁਰਸਕਾਰਾਂ ਦੇ ਯੋਗ ਹੈ। ਜੇ ਇਹ ਵਿਆਖਿਆ ਠੀਕ ਹੈ ਫੇਰ 'ਪੱਤਰਕਾਰਾਂ' ਦੀਆਂ ਦੋ ਸ਼੍ਰੇਣੀਆਂ ਬਣਾਉਣ ਦੀ ਕੀ ਲੋੜ ਸੀ?

ਇਸੇ ਤਰਾਂ ਪੁਰਸਕਾਰਾਂ ਵਿਚ ਇੱਕ ਸ਼੍ਰੇਣੀ 'ਟੈਲੀਵਿਜ਼ਨ/ਰੇਡੀਓ/ਫ਼ਿਲਮ' ਨਾਲ ਸਬੰਧਤ ਅਦਾਕਾਰਾਂ/ਨਿਰਦੇਸ਼ਕਾਂ/ਲੇਖਕਾਂ ਆਦਿ ਦੀ ਅਤੇ ਇੱਕ 'ਨਾਟਕ/ਥੀਏਟਰ'ਨਾਲ ਸਬੰਧਤ ਕਲਾਕਾਰਾਂ/ਨਿਰਦੇਸ਼ਕਾਂ/ਲੇਖਕਾਂ ਆਦਿ ਦੀ। ਆਮ ਤੌਰ ਤੇ ਇਨ੍ਹਾਂ ਦੋਹਾਂ ਸ਼੍ਰੇਣੀਆਂ ਨਾਲ ਸਬੰਧਤ ਅਦਾਕਾਰ/ਨਿਰਦੇਸ਼ਕ ਆਦਿ ਇੱਕੋ ਸਮੇਂ ਟੈਲੀਵਿਜ਼ਨ, ਫ਼ਿਲਮ ਅਤੇ ਥੀਏਟਰ ਵਿਚ ਕੰਮ ਕਰ ਰਹੇ ਹੁੰਦੇ ਹਨ। ਫੇਰ ਦੋਹਾਂ ਸ਼੍ਰੇਣੀਆਂ ਦੇ ਕਲਾਕਾਰਾਂ ਆਦਿ ਵਿਚ ਕੀ ਅੰਤਰ ਹੋਇਆ? 'ਨਾਟਕ/ਥੀਏਟਰ' ਦੀ ਪਰਿਭਾਸ਼ਾ ਵਿਚ 'ਲੇਖਕ' ਵੀ ਸ਼ਾਮਲ ਹੈ। ਇੱਥੇ 'ਲੇਖਕ' ਤੋਂ ਭਾਵ ਨਾਟਕਕਾਰ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਨਾਟਕਕਾਰ ਸਾਹਿਤਕਾਰ ਦੀ ਪਰਿਭਾਸ਼ਾ ਵਿਚ ਨਹੀਂ ਆਉਂਦਾ? ਇਸ ਦਸਤਾਵੇਜ ਰਾਹੀਂ ਇਕ ਨਾਟਕਕਾਰ ਨੂੰ ਪੁਰਸਕਾਰ ਪ੍ਰਾਪਤ ਕਰਨ ਦੇ ਦੋ ਦੋ ਮੌਕੇ ਕਿਉਂ ਦਿੱਤੇ ਜਾ ਰਹੇ ਹਨ?

ਪੰਜਾਬੀ ਕਵੀ ਦੀ ਪਰਿਭਾਸ਼ਾ ਅਨੁਸਾਰ ਪੁਰਸਕਾਰ ਲਈ ਚੋਣ ਕਰਦੇ ਸਮੇਂ 'ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਧਾਵਾਂ ਵਿਚ' ਦੇਣ ਨੂੰ ਧਿਆਨ ਵਿਚ ਰੱਖਿਆ ਜਾਵੇਗਾ। ਕੀ ਇਸ ਵਿਆਖਿਆ ਦਾ ਭਾਵ ਇਹ ਹੈ ਕਿ 'ਕਵੀ ਪੁਰਸਕਾਰ' ਕਵਿਤਾ ਦੀ ਥਾਂ 'ਕਿਸੇ ਹੋਰ ਵਿਧਾ' ਵਿਚ ਲਿਖਣ ਵਾਲੇ ਲੇਖਕ ਨੂੰ ਵੀ ਦਿੱਤਾ ਜਾ ਸਕਦਾ ਹੈ?

ਇਸ ਦਸਤਾਵੇਜ ਅਨੁਸਾਰ, ਸਲਾਹਕਾਰ ਬੋਰਡ ਨੇ ਸਾਲ 2015 ਵਿਚ 'ਪੰਜਾਬੀ ਗਿਆਨ ਸਾਹਿਤਕਾਰ/ਆਲੋਚਕ' ਪੁਰਸਕਾਰ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਸੀ। ਇੱਕ ਦਾ ਨਾਂ 'ਪੰਜਾਬੀ ਆਲੋਚਕ/ਖੋਜ ਸਾਹਿਤਕਾਰ ਪੁਰਸਕਾਰ' ਅਤੇ ਦੂਜੇ ਦਾ ਨਾਂ 'ਪੰਜਾਬੀ ਗਿਆਨ ਸਾਹਿਤਕਾਰ ਪੁਰਸਕਾਰ' ਰੱਖਿਆ ਗਿਆ। ਇਸ ਵਿਆਖਿਆ ਪੱਤਰ ਅਨੁਸਾਰ ਪਹਿਲਾ ਪੁਰਸਕਾਰ 'ਆਲੋਚਨਾ ਅਤੇ ਖੋਜ' ਦੇ ਖੇਤਰ ਵਿਚ ਪੁਸਤਕਾਂ ਲਿਖਣ ਵਾਲੇ ਲੇਖਕਾਂ ਨੂੰ ਅਤੇ ਦੂਜਾ ਪੁਰਸਕਾਰ 'ਵਿਗਿਆਨ/ਕਾਨੂੰਨ/ਮੈਡੀਸਨ... ਅਤੇ ਆਲੋਚਨਾ ਆਦਿ' ਖੇਤਰਾਂ ਵਿਚ ਪੁਸਤਕਾਂ ਲਿਖਣ ਵਾਲੇ ਵਿਦਵਾਨਾਂ ਨੂੰ ਦਿੱਤਾ ਜਾਵੇਗਾ। ਇੰਝ ਦੋਹਾਂ ਪੁਰਸਕਾਰਾਂ ਵਿਚ 'ਆਲੋਚਨਾ' ਦੇ ਖੇਤਰ ਵਿਚ ਪੁਸਤਕਾਂ ਲਿਖਣ ਵਾਲੇ ਲੇਖਕਾਂ ਨੂੰ ਸ਼ਾਮਲ ਕਰ ਲਿਆ ਗਿਆ ਹੈ। ਆਲੋਚਕਾਂ ਨੂੰ ਦੂਹਰਾ ਗੱਫਾ ਕਿਉਂ? ਇਸ ਵਿਸੰਗਤੀ ਦਾ ਭਾਸ਼ਾ ਵਿਭਾਗ, ਸਕਰੀਨਿੰਗ ਕਮੇਟੀ ਅਤੇ ਸਲਾਹਕਾਰ ਬੋਰਡ ਵਲੋਂ ਦੁਰਉਪਯੋਗ ਕੀਤਾ ਜਾਂਦਾ ਹੈ। ਨਿਰੋਲ ਆਲੋਚਕਾਂ ਨੂੰ ਗਿਆਨ ਸਾਹਿਤ ਵਾਲੀ ਸ਼੍ਰੇਣੀ ਵਿਚ ਸ਼ਾਮਲ ਕਰ ਕੇ ਪੁਰਸਕਾਰ ਦੇ ਦਿੱਤੇ ਜਾ ਰਹੇ ਹਨ।

18 ਵਿੱਚੋਂ 8 ਪੁਰਸਕਾਰਾਂ ਲਈ ਸੰਸਾਰ ਦੇ ਹਰ ਕੋਨੇ ਵਿੱਚ ਵਸਦਾ ਸਾਹਿਤਕਾਰ ਪੁਰਸਕਾਰ ਪ੍ਰਾਪਤ ਕਰਨ ਦੇ ਯੋਗ ਹੈ। ਪੰਜਾਬੀ ਸਾਹਿਤਕਾਰ (ਵਿਦੇਸ਼ੀ) ਨੂੰ ਛੱਡ ਕੇ ਬਾਕੀ ਸਾਰੇ ਪੁਰਸਕਾਰ ਭਾਰਤ ਵਿਚ ਵਸਦੇ ਪੰਜਾਬੀਆਂ ਲਈ ਰਾਖਵੇਂ ਹੋਣੇ ਚਾਹੀਦੇ ਹਨ ਜਿਵੇਂ ਭਾਰਤੀ ਸਹਿਤ ਅਕੈਡਮੀ ਦੇ ਪੁਰਸਕਾਰ ਭਾਰਤੀ ਨਾਗਰਿਕਾਂ ਲਈ ਰਾਖਵੇਂ ਹਨ।

ਤਿੰਨ ਪੁਰਸਕਾਰਾਂ (ਟੈਲੀਵਿਜਨ/ਰੇਡੀਓ/ਫਿਲਮ, ਨਾਟਕ/ਥੀਏਟਰ ਅਤੇ ਗਾਇਕ/ਸੰਗੀਤਕਾਰ) ਬਾਰੇ ਇਹ ਸਪਸ਼ਟ ਨਹੀਂ ਕਿ ਕੀ ਇਹ ਪੁਰਸਕਾਰ ਉਹ ਕੇਵਲ ਪੰਜਾਬੀਆਂ ਲਈ ਰਾਖਵੇਂ ਹਨ ਜਾਂ ਇਨ੍ਹਾਂ ਤੇ ਪੰਜਾਬੋ ਬਾਹਰ ਵਸਦੇ ਭਾਰਤੀ ਅਤੇ ਵਿਦੇਸ਼ੀ ਵੀ ਆਪਣਾ ਹੱਕ ਜਤਾ ਸਕਦੇ ਹਨ।

ਵਿਸੰਗਤੀਆਂ ਦੇ ਨਾਲ ਨਾਲ ਇਹ ਦਸਤਾਵੇਜ ਕਈ ਹੋਰ ਤਕਨੀਕੀ ਨੁਕਸਾਂ ਨਾਲ ਵੀ ਲਵਰੇਜ ਹੈ।

ਹਿੰਦੀ, ਉਰਦੂ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਪੁਰਸਕਾਰ ਪ੍ਰਾਪਤ ਕਰਨ ਦੇ ਯੋਗ ਹੋਣ ਲਈ ਲੇਖਕ ਦਾ ਪੰਜਾਬ ਵਿਚ ਕੇਵਲ ਜਨਮ ਲੈਣਾ ਹੀ ਕਾਫੀ ਹੈ। ਸਾਹਿਤਕਾਰ ਭਾਵੇਂ ਜਨਮ ਤੋਂ ਤੁਰੰਤ ਬਾਅਦ ਕਿਸੇ ਹਿੰਦੀ ਭਾਸ਼ੀ ਪ੍ਰਾਂਤ ਵਿਚ ਪੱਕੇ ਤੌਰ ਤੇ ਰਹਿਣ ਲੱਗ ਪਿਆ ਹੋਵੇ ਅਤੇ ਉਸਨੇ ਮੁੜ ਕਦੇ ਪੰਜਾਬ ਵੱਲ ਮੂੰਹ ਨਾ ਕੀਤਾ ਹੋਵੇ। ਇਸ ਵਿਆਖਿਆ ਅਨੁਸਾਰ,ਅਜਿਹਾ ਸਾਹਿਤਕਾਰ ਵੀ ਇਸ ਪੁਰਸਕਾਰ ਦੇ ਯੋਗ ਹੈ। ਇਸ ਵਿਸੰਗਤੀ ਨੂੰ ਹੋਰ ਸਪਸ਼ਟ ਕਰਨ ਲਈ ਇਕ ਉਦਾਹਰਣ ਦਿਤੀ ਜਾ ਸਕਦੀ ਹੈ।ਇਸ ਦਸਤਾਵੇਜ ਅਨੁਸਾਰ, ਜੇ ਪੰਜਾਬ ਪਰਵਾਸ ਦੌਰਾਨ ਕਿਸੇ ਬਿਹਾਰੀ ਪਰਵਾਸੀ ਦੇ ਘਰ ਜਨਮਿਆ ਬੱਚਾ ਫੌਰਣ ਆਪਣੇ ਜਾਂ ਕਿਸੇ ਹੋਰ ਸੂਬੇ ਵਿਚ ਜਾ ਵਸੇ ਅਤੇ ਆਪਣੀ ਮਾਤ ਭਾਸ਼ਾ ਹਿੰਦੀ ਵਿਚ ਸਾਹਿਤ ਰਚਨ ਲੱਗੇ ਤਾਂ ਉਹ ਜਨਮ ਦੇ ਅਧਾਰ ਤੇ ਇਸ ਪੁਰਸਕਾਰ ਦੇ ਯੋਗ ਹੋਵੇਗਾ।ਕੀ ਇਸ ਤਰਾਂ ਹੋਣਾ ਉਚਿਤ ਹੋਵੇਗਾ? ਇਸ ਪੁਰਸਕਾਰ ਦਾ ਉਦੇਸ਼, ਪੱਕੇ ਤੌਰ ਤੇ ਪੰਜਾਬ ਵਿਚ ਰਹਿ ਰਹੇ ਅਤੇ ਪੰਜਾਬ ਦੀਆਂ ਦੂਜੀਆਂ ਤਿੰਨ ਭਾਸ਼ਾਵਾਂ ਹਿੰਦੀ, ਉਰਦੂ ਅਤੇ ਸੰਸਕ੍ਰਿਤ ਵਿਚ ਸਾਹਿਤ ਰਚ ਰਹੇ ਸਾਹਿਤਕਾਰਾਂ ਨੂੰ ਉਤਸ਼ਾਹਿਤ ਕਰਨਾ ਹੈ। ਨਾ ਕਿ ਕੇਵਲ ਪੰਜਾਬ ਵਿਚ ਜਨਮ ਕੇ, ਕਿਸੇ ਹਿੰਦੀ ਭਾਸ਼ੀ ਪ੍ਰਾਂਤ ਦਾ ਪੱਕਾ ਵਸਨੀਕ ਬਣਕੇ, ਆਮ ਵਰਤਾਰੇ ਦੇ ਤੌਰ ਤੇ ਹਿੰਦੀ ਵਿਚ ਸਾਹਿਤ ਰਚ ਰਹੇ ਸਾਹਿਤਕਾਰ ਨੂੰ। ਹੋਰ ਪ੍ਰਾਂਤਾਂ ਦੇ ਪੱਕੇ ਵਸ਼ਿੰਦੇ ਆਪਣੇ ਪ੍ਰਾਂਤ ਦੇ 'ਸਾਹਿਤਕ ਪੁਰਸਕਾਰਾਂ' ਦੇ ਯੋਗ ਹੁੰਦੇ ਹਨ। ਪੰਜਾਬ ਵਿਚ ਰਹਿ ਕੇ ਹਿੰਦੀ ਵਿਚ ਸਾਹਿਤ ਰਚ ਰਹੇ ਸਾਹਿਤਕਾਰ ਦੂਜੇ ਪ੍ਰਾਂਤਾਂ ਦੇ ਪੁਰਸਕਾਰਾਂ ਦੇ ਹੱਕਦਾਰ ਨਹੀਂ ਹੁੰਦੇ। ਇਹ ਦਸਤਾਵੇਜ ਉਰਦੂ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਸਾਹਿਤਕਾਰਾਂ ਉੱਪਰ ਵੀ ਇਹੋ ਵਿਵਸਥਾਵਾਂ ਲਾਗੂ ਕਰਦਾ ਹੈ। ਇੰਝ ਇਹ ਵਿਆਖਿਆ ਪੱਤਰ' ਪੰਜਾਬ ਵਿਚ ਰਹਿ ਕੇ ਹਿੰਦੀ,ਉਰਦੂ ਅਤੇ ਸੰਸਕ੍ਰਿਤ ਵਿਚ ਸਾਹਿਤ ਰਚ ਰਹੇ ਸਾਹਿਤਕਾਰਾਂ ਨਾਲ ਵਿਤਕਰਾ ਕਰਦਾ ਅਤੇ ਉਨ੍ਹਾਂ ਦਾ ਹੱਕ ਮਾਰਦਾ ਹੈ।

ਲਹਿੰਦੇ ਪੰਜਾਬ ਵਾਲਿਆਂ ਦੀ ਮਾਤ ਭਾਸ਼ਾ ਪੰਜਾਬੀ ਹੈ। ਉਨ੍ਹਾਂ ਦੀ ਲਿੱਪੀ ਸ਼ਾਹਮੁਖੀ ਹੈ। ਪੰਜਾਬੀ ਵਿਚ ਸਾਹਿਤ ਉਹ ਆਪਣੀ ਮਾਂ ਬੋਲੀ ਨੂੰ ਪਿਆਰ ਕਰਨ ਕਾਰਨ ਅਤੇ ਸਤਿਕਾਰ ਦੇਣ ਲਈ ਰਚਦੇ ਹਨ। ਇਸ ਦੇ ਉਲਟ ਪੰਜਾਬ ਜਾਂ ਭਾਰਤ ਦੇ ਕਿਸੇ ਹੋਰ ਖਿੱਤੇ ਵਿਚੋਂ ਵਿਦੇਸ਼ਾਂ ਵਿਚ ਜਾ ਕੇ ਵਸੇ ਪੰਜਾਬੀਆਂ ਵੱਲੋਂ ਰਚਿਆ  ਜਾਂਦਾ ਸਾਹਿਤ ਗੁਰਮੁਖੀ ਲਿੱਪੀ ਵਿਚ ਹੁੰਦਾ ਹੈ। ਵਿਦੇਸ਼ਾਂ ਵਿਚ ਰਹਿ ਕੇ ਵੀ ਆਪਣੀ ਮਾਂ ਬੋਲੀ ਨਾਲ ਜੁੜੇ ਰਹਿਣ ਅਤੇ ਇਸ ਦੀ ਪ੍ਰਫੁਲਤਾ ਵਿਚ ਜਿਕਰਯੋਗ ਯੋਗਦਾਨ ਪਾਉਣ ਕਾਰਨ, ਭਾਰਤੀ ਪੰਜਾਬੀਆਂ ਨੂੰ ਅਜਿਹੇ ਵਿਸ਼ੇਸ਼ ਪੁਰਸਕਾਰਾਂ ਨਾਲ ਸਨਮਾਨਤ ਕਰਨਾ ਤਾਂ ਸ਼ਲਾਘਾਯੋਗ ਹੈ ਪਰ ਇਹ ਮਾਪਦੰਡ ਪਾਕਿਸਤਾਨੀ ਪੰਜਾਬੀਆਂ ਤੇ ਲਾਗੂ ਕਰਨਾ ਉਚਿਤ ਨਹੀਂ ਹੈ।

ਇੰਞ ਇਹ 'ਵਿਆਖਿਆ ਪੱਤਰ' ਸਮੱਸਿਆਂ ਨੂੰ ਸਲਝਾਉਂਦਾ ਘੱਟ ਅਤੇ ਉਲਝਾਉਂਦਾ ਵੱਧ ਹੈ। ਇਹ ਦਸਤਾਵੇਜ ਸਕਰੀਨਿੰਗ ਕਮੇਟੀ ਅਤੇ ਸਲਾਹਕਾਰ ਬੋਰਡ ਨੂੰ ਸੇਧ ਦੇਣ ਦੀ ਥਾਂ ਗੁੰਮਰਾਹ ਕਰਦਾ ਅਤੇ ਮਨਮਰਜੀਆਂ ਕਰਨ ਲਈ ਚੋਣਕਾਰਾਂ ਦਾ ਰਾਹ ਪੱਧਰਾ ਕਰਦਾ ਹੈ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਆਪਣੀਆਂ ਪਿਛਲੀਆਂ ਗਲਤੀਆਂ ਤੋਂ ਸਬਕ ਸਿੱਖ ਕੇ, 'ਸ਼੍ਰੋਮਣੀ ਪੁਰਸਕਾਰ ਨੀਤੀ' ਘੜਨ ਲਈ ਨਵੀਂ ਕਮੇਟੀ ਦਾ ਗਠਨ ਕਰੇ। ਨਵੀਂ ਕਮੇਟੀ ਵਿਚ ਰਵਾਇਤੀ ਵਿਦਵਾਨਾਂ ਦੀ ਥਾਂ ਪੰਜਾਬੀ ਦੇ ਵਿਕਾਸ ਲਈ ਜਮੀਨੀ ਪੱਧਰ ਤੇ ਕੰਮ ਕਰ ਰਹੇ ਕਾਮਿਆਂ ਅਤੇ ਕਾਨੂੰਨ ਦੇ ਜਾਣਕਾਰ ਮਾਹਿਰਾਂ ਨੂੰ ਸ਼ਾਮਲ ਕਰੇ।

ਹੁਣ ਪੰਜਾਬ ਸਰਕਾਰ ਵਲੋਂ ਪੁਰਸਕਾਰਾਂ ਦੀ ਰਾਸ਼ੀ ਦੋ ਗੁਣਾ ਕਰ ਦਿੱਤੀ ਗਈ ਹੈ। ਅਗਲੇ ਪੁਰਸਕਾਰਾਂ ਦੇ ਫੈਸਲੇ ਨਵੀਂ ਤਰਕਸੰਗਤ ' ਸ਼੍ਰੋਮਣੀ ਪੁਰਸਕਾਰ ਨੀਤੀ'ਦੇ ਅਧਾਰ ਤੇ ਹੀ ਹੋਣੇ ਚਾਹੀਦੇ ਹਨ।

------

**ਰਾਜ ਸਲਾਹਕਾਰ ਬੋਰਡ ਦੇ ਮੈਂਬਰ ਚੋਪੜੀਆਂ ਅਤੇ ਉਹ ਵੀ ਦੋ ਦੋ ਲਈ ਤਰਲੋ ਮੱਛੀ**

ਜੇ ਭਾਸ਼ਾ ਵਿਭਾਗ ਦੇ ਪਿਛਲੇ 20 ਸਾਲਾਂ ਵਿਚ ਗਠਿਤ ਹੋਏ ਰਾਜ ਸਲਾਹਕਾਰ ਬੋਰਡਾਂ ਦੇ ਇਤਿਹਾਸ ਤੇ ਝਾਤ ਮਾਰੀਏ ਤਾਂ ਇਹ ਸਹਿਜੇ ਹੀ ਸਪੱਸ਼ਟ ਹੋ ਜਾਵੇਗਾ ਕਿ ਕਾਗਜ਼ੀ-ਪੱਤਰੀਂ ਬੋਰਡਾਂ ਦਾ ਕਾਰਜ ਭਾਵੇਂ 'ਵਿਭਾਗੀ ਵਿਕਾਸ ਸਕੀਮਾਂ' ਤਿਆਰ ਕਰਨਾ ਹੁੰਦਾ ਹੈ ਪਰ ਇਨ੍ਹਾਂ ਦਾ ਅਸਲ ਉਦੇਸ਼ 'ਸ਼੍ਰੋਮਣੀ ਪੁਰਸਕਾਰਾਂ ਲਈ ਚੋਣ' ਕਰਨਾ ਹੀ ਹੁੰਦਾ ਹੈ।

ਸੱਤਾ ਵਿਚ ਆਉਂਦਿਆਂ ਹੀ ਹਰ ਨਵੀਂ ਸਰਕਾਰ ਨਵਾਂ ਸਲਾਹਕਾਰ ਬੋਰਡ ਗਠਿਤ ਕਰਦੀ ਹੈ। ਆਪਣੇ ਪੱਖੀ ਸਾਹਿਤਕਾਰਾਂ ਨੂੰ ਮੈਂਬਰ ਨਿਯੁਕਤ ਕਰਕੇ ਤਾਕਤ ਬਖ਼ਸ਼ਦੀ ਹੈ। ਬਾਕੀਆਂ ਨੂੰ, ਉਨ੍ਹਾਂ ਰਾਹੀਂ, ਪੁਰਸਕਾਰਾਂ ਨਾਲ ਨਿਵਾਜ਼ਦੀ ਹੈ।

ਪੰਜਾਬ ਅਤੇ ਦਿੱਲੀ ਵਿਚ ਪੰਜਾਹ ਕੁ ਵਿਦਵਾਨਾਂ ਦਾ ਅਜਿਹਾ ਸ਼ਕਤੀਸ਼ਾਲੀ ਧੜਾ ਹੈ ਜਿਸ ਦੀ ਸਰਕਾਰੇ ਦਰਬਾਰੇ ਅਥਾਹ ਪਹੁੰਚ ਹੈ। ਸਰਕਾਰ ਭਾਵੇਂ ਕਿਸੇ ਵੀ ਸਿਆਸੀ ਧਿਰ ਦੀ ਹੋਵੇ ਬਹੁਤੇ ਸਲਾਹਕਾਰ ਇਸੇ ਧੜੇ ਵਿਚੋਂ ਨਿਯੁਕਤ ਹੁੰਦੇ ਹਨ। ਜੋ ਬਾਹਰ ਰਹਿ ਜਾਂਦੇ ਹਨ ਉਹ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਦੀ ਕਤਾਰ ਵਿਚ ਜਾ ਖੜਦੇ ਹਨ। ਕੁਝ ਅਜਿਹੇ ਖੁਸ਼ਕਿਸਮਤ ਵੀ ਹੁੰਦੇ ਹਨ ਜੋ ਸਲਾਹਕਾਰ ਵੀ ਬਣਦੇ ਹਨ ਅਤੇ ਪੁਰਸਕਾਰ ਵੀ ਪ੍ਰਾਪਤ ਕਰਦੇ ਹਨ।

ਇਤਿਹਾਸ ਗਵਾਹ ਹੈ ਕਿ ਸਲਾਹਕਾਰ ਬੋਰਡ ਦੀ ਮੀਟਿੰਗ ਉਸ ਸਮੇਂ ਹੀ ਬੁਲਾਈ ਜਾਂਦੀ ਹੈ ਜਦੋਂ ਪੁਰਸਕਾਰਾਂ ਦੀ ਚੋਣ ਕਰਨੀ ਹੁੰਦੀ ਹੈ। ਪਿਛਲੇ 20 ਸਾਲ ਵਿਚ ਬੋਰਡਾਂ ਦੀਆਂ ਕੇਵਲ 9 ਮੀਟਿੰਗਾਂ ਹੋਈਆਂ। 9 ਵਿਚੋਂ 8 ਵਿਚ ਪੁਰਸਕਾਰਾਂ ਦੀ ਚੋਣ ਹੋਈ। ਜੂਨ 2015 ਵਿਚ 3 ਸਾਲ ਲਈ ਗਠਿਤ ਹੋਏ ਬੋਰਡ ਦੀ ਕੇਵਲ ਇੱਕ ਮੀਟਿੰਗ ਹੋਈ। ਇਸ ਮੀਟਿੰਗ ਵਿਚ 3 ਸਾਲਾਂ (2012, 2013 ਅਤੇ 2014) ਦੇ ਪੁਰਸਕਾਰਾਂ ਦਾ ਫ਼ੈਸਲਾ ਹੋਇਆ। ਜੂਨ 2018 ਵਿਚ ਇਸ ਬੋਰਡ ਦੀ ਮਿਆਦ ਪੁੱਗ ਗਈ। ਮੌਜੂਦਾ ਬੋਰਡ ਦਾ ਗਠਨ ਜੂਨ 2020 ਵਿਚ ਹੋਇਆ ਹੈ। ਹਾਲੇ ਇਸ ਦੀ ਇਕ ਹੀ ਮੀਟਿੰਗ ਹੋਈ ਹੈ। ਇਸ ਮੀਟਿੰਗ ਵਿਚ 6 ਸਾਲ (2015 ਤੋਂ 2020) ਦੇ 108 ਪੁਰਸਕਾਰਾਂ ਦਾ ਫ਼ੈਸਲਾ ਹੋਇਆ। ਬੋਰਡ ਦੇ ਏਜੰਡੇ ਤੇ 8 ਮੱਦਾਂ ਸਨ। ਬੋਰਡ ਦੇ ਮੈਂਬਰ ਪ੍ਰੋ.ਚਮਨ ਲਾਲ ਅਨੁਸਾਰ ਬਾਕੀ 7 ਮੱਦਾਂ ਤੇ ਵਿਚਾਰ ਹੀ ਨਹੀਂ ਹੋਈ।

ਜਿਉਂ-ਜਿਉਂ ਪੁਰਸਕਾਰਾਂ ਦੀ ਰਾਸ਼ੀ ਵੱਧ ਰਹੀ ਹੈ ਤਿਉਂ-ਤਿਉਂ 'ਅਨੁਭਵੀ' ਵਿਦਵਾਨਾਂ ਵਿਚ ਬੋਰਡ ਦੇ ਮੈਂਬਰ ਬਣਨ ਦੇ ਨਾਲ-ਨਾਲ ਮੈਂਬਰ ਬਣ ਕੇ ਆਪਣੇ ਆਪ ਲਈ ਪੁਰਸਕਾਰ ਪੱਕੇ ਕਰਨ ਦੀ ਲਾਲਸਾ ਵੀ ਵੱਧ ਰਹੀ ਹੈ। ਸ਼ਾਇਦ ਇਹ ਲਾਲਸਾ ਪਹਿਲਾਂ ਵੀ ਹੋਵੇ ਪਰ ਇਸ ਲੋਭ ਦਾ ਵਿਰਾਟ ਰੂਪ ਬੋਰਡ ਦੀ ਸਾਲ 2008 ਦੀ ਮੀਟਿੰਗ ਵਿਚ ਪਹਿਲੀ ਵਾਰ ਦੇਖਣ ਨੂੰ ਮਿਲਿਆ।

2006 ਵਿਚ ਪੰਜਾਬ ਸਰਕਾਰ ਨੇ ਸ਼੍ਰੋਮਣੀ ਪੁਰਸਕਾਰਾਂ ਦੀ ਰਾਸ਼ੀ ਵਧਾਉਣ ਦਾ ਫ਼ੈਸਲਾ ਕੀਤਾ ਸੀ। ਸਾਹਿਤ ਸ਼੍ਰੋਮਣੀ ਪੁਰਸਕਾਰ ਦੀ ਰਾਸ਼ੀ 2.5 ਲੱਖ ਤੋਂ 5 ਲੱਖ ਅਤੇ ਬਾਕੀ ਪੁਰਸਕਾਰਾਂ ਦੀ ਇੱਕ ਲੱਖ ਤੋਂ 2.5 ਲੱਖ ਕੀਤੀ ਗਈ ਸੀ। ਪਰ ਕਿਸੇ ਕਾਰਨ ਇਹ ਫੈਸਲਾ ਲਾਗੂ ਨਹੀਂ ਸੀ ਹੋ ਸਕਿਆ।

ਉਸ ਤੋਂ ਅਗਲੇ ਸਾਲ ਪੰਜਾਬ ਵਿਚ ਸੱਤਾ ਬਦਲ ਗਈ। ਨਵੀਂ ਸਰਕਾਰ ਨੇ ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਸ਼੍ਰੋਮਣੀ ਪੁਰਸਕਾਰ ਦੇਣ ਦਾ ਐਲਾਨ ਕਰ ਦਿੱਤਾ। ਨਾਲ ਹੀ ਪਿਛਲੀ ਸਰਕਾਰ ਦੇ ਸ਼੍ਰੋਮਣੀ ਪੁਰਸਕਾਰਾਂ ਦੀ ਰਾਸ਼ੀ ਵਧਾਉਣ ਵਾਲੇ ਫ਼ੈਸਲੇ ਨੂੰ ਲਾਗੂ ਕਰਨ ਦਾ ਵੀ। ਗਾਇਕਾਂ ਲਈ ਇਕ ਨਵਾਂ 'ਪੰਜਾਬੀ ਗਾਇਕ' ਪੁਰਸਕਾਰ ਵੀ ਸ਼ੁਰੂ ਕਰ ਦਿਤਾ।

ਪੁਰਸਕਾਰਾਂ ਦੀ ਚੋਣ ਦੀ ਪ੍ਰਕ੍ਰਿਆ ਸ਼ੁਰੂ ਕਰਨ ਲਈ ਫ਼ਰਵਰੀ 2008 ਵਿਚ ਨਵਾਂ ਰਾਜ ਸਲਾਹਕਾਰ ਬੋਰਡ ਗਠਿਤ ਕੀਤਾ ਗਿਆ। ਸਾਲ 2007 ਵਿਚ ਪੁਰਸਕਾਰਾਂ ਦੀ ਚੋਣ ਨਹੀਂ ਸੀ ਹੋ ਸਕੀ। ਇਸ ਲਈ ਨਵੇਂ ਸਲਾਹਕਾਰ ਬੋਰਡ ਨੂੰ ਸਾਲ 2007 ਅਤੇ ਸਾਲ 2008 ਲਈ ਪੁਰਸਕਾਰਾਂ ਦੀ ਚੋਣ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ। ਪੰਜਾਬੀ ਦੇ ਕੁੱਲ 22 ਪੁਰਸਕਾਰਾਂ ਦਾ ਫ਼ੈਸਲਾ ਹੋਣਾ ਸੀ।

ਭਾਸ਼ਾ ਵਿਭਾਗ ਵੱਲੋਂ ਸੁਝਾਏ ਨਾਂਵਾਂ ਵਿਚੋਂ ਯੋਗ ਉਮੀਦਵਾਰਾਂ ਦੀ ਛਾਂਟੀ ਕਰਕੇ ਪੈਨਲ ਬਣਾਉਣ ਲਈ ਫ਼ਰਵਰੀ 2008 ਵਿਚ ਹੀ ਸਕਰੀਨਿੰਗ ਕਮੇਟੀ ਦਾ ਗਠਨ ਹੋਇਆ। ਇਸ ਕਮੇਟੀ ਵਿਚ 6 ਗੈਰ-ਸਰਕਾਰੀ (ਗੁਰਦਿਆਲ ਸਿੰਘ, ਦੀਪਕ ਮਨਮੋਹਨ ਸਿੰਘ, ਐਮ. ਐਲ. ਆਨੰਦ, ਗਨੇਸ਼ ਦੱਤ, ਦਲੀਪ ਕੋਰ ਟਿਵਾਣਾ ਅਤੇ ਡਾ. ਸਤਿੰਦਰ ਸਿੰਘ ਅੰਮ੍ਰਿਤਸਰ) ਮੈਂਬਰ ਸਨ। ਡਾ. ਸਤਿੰਦਰ ਸਿੰਘ ਅਤੇ ਦਲੀਪ ਕੌਰ ਟਿਵਾਣਾ ਸ਼੍ਰੋਮਣੀ ਪੁਰਸਕਾਰਾਂ ਦੇ ਇੱਛੁਕ ਸਨ। ਭਾਸ਼ਾ ਵਿਭਾਗ ਨੇ ਉਨ੍ਹਾਂ ਦੇ ਨਾਂ ਸੰਭਾਵੀ ਉਮੀਦਵਾਰਾਂ ਦੀ ਸੂਚੀ ਵਿਚ ਸ਼ਾਮਲ ਕੀਤੇ ਹੋਏ ਸਨ। ਮੀਟਿੰਗ ਦੌਰਾਨ ਜਦੋਂ ਉਨ੍ਹਾਂ ਦੇ ਨਾਂਵਾਂ ਤੇ ਵਿਚਾਰ ਹੋਣ ਲੱਗੀ ਤਾਂ ਉਹ ਮੀਟਿੰਗ ਵਿਚੋਂ ਉੱਠ ਕੇ ਬਾਹਰ ਚਲੇ ਗਏ। ਮੀਟਿੰਗ ਵਿਚ ਸ਼ਾਮਲ ਬਾਕੀ ਮੈਂਬਰਾਂ ਨੇ ਉਨ੍ਹਾਂ ਦੇ ਨਾਂ ਕਮੇਟੀ ਵੱਲੋਂ ਪੁਰਸਕਾਰਾਂ ਲਈ ਯੋਗ ਵਿਦਵਾਨਾਂ ਦੇ ਤਿਆਰ ਕੀਤੇ ਪੈਨਲਾਂ ਵਿਚ ਸ਼ਾਮਲ ਕਰ ਦਿੱਤੇ। ਸਕਰੀਨਿੰਗ ਕਮੇਟੀ ਨੇ ਸਲਾਹਕਾਰ ਬੋਰਡ ਦੇ ਕੁੱਝ ਹੋਰ ਮੈਂਬਰਾਂ ਦੇ ਨਾਂ ਵੀ ਇਨ੍ਹਾਂ ਪੈਨਲਾਂ ਵਿਚ ਸ਼ਾਮਲ ਕਰ ਲਏ। ਸਕਰੀਨਿੰਗ ਕਮੇਟੀ ਦਾ ਫ਼ੈਸਲਾ ਅੰਤਿਮ ਨਹੀਂ ਸੀ। ਉਸ ਤੇ ਸਲਾਹਕਾਰ ਬੋਰਡ ਦੀ ਮੋਹਰ ਲੱਗਣੀ ਜ਼ਰੂਰੀ ਸੀ।

ਸਲਾਹਕਾਰ ਬੋਰਡ ਦੀ ਇਕੱਤਰਤਾ 23 ਜੁਲਾਈ 2008 ਨੂੰ ਹੋਈ। ਬੋਰਡ ਦੀ ਇਕੱਤਰਤਾ ਦੌਰਾਨ ਕੁੱਝ ਮੈਂਬਰਾਂ ਵਲੋਂ ਸੁਝਾਅ ਦਿੱਤਾ ਗਿਆ ਕਿ ਉਨ੍ਹਾਂ ਨੂੰ ਵੀ ਪੁਰਸਕਾਰ ਪ੍ਰਾਪਤ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਡਾ. ਸਤਿੰਦਰ ਸਿੰਘ ਨੂਰ ਵੱਲੋਂ ਇਸ ਸੁਝਾਅ ਦਾ ਵਿਰੋਧ ਕੀਤਾ ਗਿਆ। ਉਨ੍ਹਾਂ ਨੇ ਆਪਣੇ ਵਿਰੋਧ ਦਾ ਅਧਾਰ ਇਸ ਤੋਂ ਪਹਿਲੇ ਸਲਾਹਕਾਰ ਬੋਰਡ ਦੇ ਉਸ ਫ਼ੈਸਲੇ ਨੂੰ ਬਣਾਇਆ ਜਿਸ ਰਾਹੀਂ ਉਸ ਬੋਰਡ ਨੇ ਆਪਣੇ ਮੈਂਬਰਾਂ ਨੂੰ ਪੁਰਸਕਾਰ ਨਾ ਦੇਣ ਦਾ ਫ਼ੈਸਲਾ ਕੀਤਾ ਸੀ।

ਡਾ.ਨੂਰ ਦੇ ਉਲਟ ਅਨੂਪ ਸਿੰਘ ਵਿਰਕ, ਡਾ.ਰਵੇਲ ਸਿੰਘ ਅਤੇ ਡਾ.ਸਤਿੰਦਰ ਸਿੰਘ ਨੇ ਇਸ ਸੁਝਾਅ ਦਾ ਡੱਟ ਕੇ ਪੱਖ ਪੂਰਿਆ।

ਅਖੀਰ ਇੱਕ ਹਾਸੋ-ਹੀਣੀ ਸ਼ਰਤ ਰੱਖ ਕੇ, ਸੀਰਨੀ ਹੋਰਾਂ ਨੂੰ ਵੰਡਣ ਦੇ ਨਾਲ-ਨਾਲ ਆਪਣੇ ਮੈਂਬਰਾਂ ਦੀ ਝੋਲੀ ਵੀ ਪਾਉਣ ਦਾ, ਫ਼ੈਸਲਾ ਸਰਬ-ਸੰਮਤੀ ਨਾਲ ਹੋ ਗਿਆ। ਸ਼ਰਤ ਇਹ ਰੱਖੀ ਗਈ ਕਿ ਜਦੋਂ ਕਿਸੇ ਮੈਂਬਰ ਦਾ ਨਾਂ ਪੁਰਸਕਾਰ ਲਈ ਵਿਚਾਰਿਆ ਜਾਣਾ ਸ਼ੁਰੂ ਹੋਵੇ ਤਾਂ ਉਸ ਸਮੇਂ, ਉਹ ਮੈਂਬਰ ਮੀਟਿੰਗ ਵਿੱਚੋਂ ਬਾਹਰ ਚਲਿਆ ਜਾਵੇ ਅਤੇ ਫ਼ੈਸਲਾ ਹੋਣ ਤੱਕ ਉਹ ਮੀਟਿੰਗ ਵਿੱਚੋਂ ਬਾਹਰ ਰਹੇ।

ਇਹ ਫ਼ੈਸਲਾ ਹੁੰਦਿਆਂ ਹੀ ਬੋਰਡ ਨੇ ਆਪਣੇ ਦੋ ਮੈਂਬਰਾਂ ਜਸਵੰਤ ਸਿੰਘ ਕੰਵਲ ਅਤੇ ਦਲੀਪ ਕੋਰ ਟਿਵਾਣਾ ਨੂੰ 2007 ਅਤੇ 2008 ਦੇ ਵੱਡੇ 'ਸਾਹਿਤ ਸ਼੍ਰੋਮਣੀ ਪੁਰਸਕਾਰਾਂ'ਨਾਲ ਸ਼ਸ਼ੋਬਤ ਕਰ ਦਿੱਤਾ ਅਤੇ ਪੰਜ ਹੋਰ ਮੈਂਬਰਾਂ ਛੋਟੂ ਰਾਮ ਮੋਦਗਿਲ, ਡਾ.ਕਰਨੈਲ ਸਿੰਘ ਥਿੰਦ, ਡਾ.ਰਵਿੰਦਰ ਕੋਰ, ਸਿੱਧੂ ਦਮਦਮੀ ਅਤੇ ਚੰਦਰ ਤ੍ਰਿਖਾ ਨੂੰ ਛੋਟੇ ਸ਼੍ਰੋਮਣੀ ਪੁਰਸਕਾਰਾਂ ਨਾਲ। ਅੱਠਵੇਂ ਨੇ ਪੁਰਸਕਾਰ ਆਪਣੇ ਜੀਵਣ-ਸਾਥੀ ਨੂੰ ਦਿਵਾ ਦਿੱਤਾ। ਇਨਸਾਫ਼ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲਾ ਫ਼ੈਸਲਾ ਸੀ ਜਿਸ ਵਿਚ ਇਨਸਾਫ਼ ਮੰਗਣ ਵਾਲਾ ਅਤੇ ਦੇਣ ਵਾਲਾ 'ਉਹੋ'ਸੀ।

ਸਲਾਹਕਾਰ ਬੋਰਡ ਦੇ ਇਸ ਅਨੈਤਿਕ ਫ਼ੈਸਲੇ ਨੂੰ ਮਾਂ ਬੋਲੀ ਪੰਜਾਬੀ ਨੂੰ ਮੋਹ ਕਰਨ ਵਾਲੇ ਸ੍ਰੀ ਪਰਦੀਪ ਜੋਸ਼ੀ ਵੱਲੋਂ ਹਾਈ ਕੋਰਟ ਵਿੱਚ ਚਣੋਤੀ ਦਿੱਤੀ ਗਈ। ਸੁਣਵਾਈ ਦੌਰਾਨ, ਹਾਈ ਕੋਰਟ ਵਲੋਂ ਇਸ ਚੋਣ ਦਾ ਗੰਭੀਰ ਨੋਟਿਸ ਲਿਆ ਗਿਆ ਅਤੇ ਟਿੱਪਣੀ ਕੀਤੀ: *"That the above said writ petition came for hearing before the Division Bench consisting of Honble Mr Justice J S Khehar, the then Acting Chief Justice, and Honble Mr Justice A K Mittal on 7h August2008. The Honble Division Bench issued notice of motion for 16.09.2008 and regarding the stay it,* ***was observed by the Honble Bench that the good sense would prevail and the awardee Respondents would not go to receive the award if the facts Mentioned in the writ petition are correct. And if they receive the award in spite of this notice then they would be directed to return the same.****"*(ਪਟੀਸ਼ਨ ਦਾ ਪੈਰਾ ਨੰਬਰ 2)। ਹਾਈ ਕੋਰਟ ਦੀ ਮੰਗ ਤੇ, ਪੰਜਾਬ ਸਰਕਾਰ ਨੂੰ, ਹਲਫ਼ੀਆ ਬਿਆਨ ਦੇ ਕੇ, ਕੋਰਟ ਨੂੰ ਭਰੋਸਾ ਦੇਣਾ ਪਿਆ 'ਕਿ ਸਾਲ 2009 ਤੋਂ ਵਿਭਾਗ ਵੱਲੋ ਅਜਿਹੀ ਨੀਤੀ ਅਪਣਾਈ ਜਾਵੇਗੀ ਕਿ ਬੋਰਡ ਦੇ ਮੌਜੂਦਾ ਮੈਂਬਰਾਂ ਦੇ ਹਿੱਤ ਪੁਰਸਕਾਰਾਂ ਦੇ ਆੜੇ ਨਾ ਆਉਣ'। ਇਸ ਭਰੋਸੇ ਨੂੰ ਧਿਆਨ ਵਿੱਚ ਰੱਖ ਕੇ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤੇ ਕਿ ਉਹ ਪੁਰਸਕਾਰਾਂ ਦੀ ਚੋਣ ਨੂੰ ਤਰਕਸੰਗਤ ਬਣਾਉਣ ਲਈ ਕੋਈ ਨੀਤੀ ਤਿਆਰ ਕਰੇ।

ਹਾਈ ਕੋਰਟ ਦੀ ਇਸ ਸਖ਼ਤ ਟਿੱਪਣੀ ਨੇ ਸਲਾਹਕਾਰ ਬੋਰਡ ਦੇ ਮੈਂਬਰਾਂ ਦੇ ਨਾਲ ਨਾਲ ਸਰਕਾਰ ਦੀ ਵੀ ਕਿਰਕਰੀ ਕੀਤੀ। ਹਾਈ ਕੋਰਟ ਦੇ ਨਿਰਦੇਸ਼ਾਂ ਤੇ ਅਮਲ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ 'ਪੁਰਸਕਾਰ ਨੀਤੀ' ਘੜਨ ਲਈ ਇਕ ਸਬ—ਕਮੇਟੀ ਬਣਾਈ ਗਈ। 27 ਮਈ 2009 ਨੂੰ ਇਕ ਅਧੀਸੂਚਨਾ ਰਾਹੀਂ ਗੁਲਜ਼ਾਰ ਸਿੰਘ ਸੰਧੂ, ਰਵੇਲ ਸਿੰਘ, ਸਰਦਾਰ ਪੰਛੀ ਅਤੇ ਸਤਨਾਮ ਮਾਣਕ ਇਸ ਕਮੇਟੀ ਦੇ ਮੈਂਬਰ ਨਾਮਜਦ ਕੀਤੇ ਗਏ। ਇਸ ਕਮੇਟੀ ਦੀ ਜਿੰਮੇਵਾਰੀ ਲਾਈ ਗਈ ਸੀ ਕਿ ' ….ਪੁਰਸਕਾਂਰਾਂ ਦੀ ਚੋਣ ਸਬੰਧੀ ਅਜਿਹੀ ਨੀਤੀ ਤਿਆਰ ਕੀਤੀ ਜਾਵੇ ਜੋ ਹਰ ਪੱਖੋਂ ਪਾਰਦਰਸ਼ੀ ਹੋਵੇ ਅਤੇ ਜਿਸ ਤੇ ਕਿਸੇ ਵੀ ਤਰ੍ਹਾਂ ਦਾ ਕਿੰਤੂ—ਪ੍ਰੰਤੂ ਨਾ ਹੋ ਸਕੇ।' ਸਰਕਾਰ ਨੇ ਕਿਆਸਿਆ ਸੀ ਕਿ ਕੀਤੇ ਕੰਮ ਕਾਰਨ '… ਪੰਜਾਬ ਸਰਕਾਰ ਦੇ ਸ਼੍ਰੋਮਣੀ ਪੁਰਸਕਾਰਾਂ ਦੇ ਵਕਾਰ ਵਿੱਚ ਹੋਰ ਵੀ ਵਾਧਾ ਹੋਵੇਗਾ'।

ਬੋਰਡ ਦੇ ਮੈਂਬਰਾਂ ਨੂੰ ਪੁਰਸਕਾਰਾਂ ਦੇ ਹੱਕ ਤੋਂ ਵਾਂਝਾਂ ਕਰਦੇ ਹੋਏ ਇਸ ਕਮੇਟੀ ਨੇ ਕਈ ਹੋਰ ਮਹੱਤਵਪੂਰਣ ਸੁਝਾਅ ਵੀ ਦਿੱਤੇ। ਇਕ ਇਹ ਕਿ ਜੇ ਕੋਈ ਮੈਂਬਰ ਪੁਰਸਕਾਰ ਪ੍ਰਾਪਤ ਕਰਨ ਦਾ ਇੱਛੁਕ ਹੋਵੇ ਤਾਂ ਉਹ ਪਹਿਲਾਂ ਆਪਣੀ ਮੈਂਬਰੀ ਤੋਂ ਅਸਤੀਫ਼ਾ ਦੇਵੇ। ਦੂਜਾ ਇਹ ਕਿ ਅਜਿਹੇ ਮੈਂਬਰ ਦਾ ਨਾਂ ਅਗਲੇ ਇੱਕ ਸਾਲ ਤੱਕ ਪੁਰਸਕਾਰ ਲਈ ਨਹੀਂ ਵਿਚਾਰਿਆ ਜਾਵੇਗਾ। ਤੀਜਾ ਇਹ ਕਿ ਕੋਈ ਵੀ ਮੈਬਰ ਪੁਰਸਕਾਰ ਲਈ ਆਪਣੇ ਨਾਂ ਦੀ ਆਪ ਸਿਫਾਰਸ਼

ਨਹੀਂ ਕਰ ਸਕੇਗਾ। ਜੇ ਇਕ ਮੈਂਬਰ ਦੂਜੇ ਮੈਂਬਰ ਦੇ ਨਾਂ ਦੀ ਸਿਫਾਰਸ਼ ਕਰ ਦੇਵੇ ਤਾਂ ਸਕਰੀਨਿੰਗ ਕਮੇਟੀ ਨੂੰ ਅਜਿਹੇ ਨਾਂ ਨੂੰ ਪੈਨਲ ਵਿਚੋਂ ਹਟਾਉਣ ਦਾ ਅਧਿਕਾਰ ਹੋਵੇਗਾ।

ਸਾਲ 2009 ਦੇ ਪੁਰਸਕਾਰਾਂ ਲਈ ਯੋਗ ਉਮੀਦਵਾਰਾਂ ਦੇ ਨਾਂਵਾਂ ਦੇ ਪੈਨਲ ਬਣਾਉਣ ਲਈ ਬਣੀ ਸਕਰੀਨਿੰਗ ਕਮੇਟੀ ਦੀ ਮੀਟਿੰਗ 22 ਜਨਵਰੀ 2010 ਨੂੰ ਹੋਈ। ਹਾਈ ਕੋਰਟ ਦੀ ਇੱਛਾ ਤੇ ਫੁੱਲ ਚੜਾਉਣ ਲਈ ਇਸ ਕਮੇਟੀ ਵੱਲੋਂ ਹੋਰ ਸਖ਼ਤ ਰੁੱਖ ਅਪਣਾਇਆ ਗਿਆ। ਸਕਰੀਨਿੰਗ ਕਮੇਟੀ ਨੇ ਫ਼ੈਸਲਾ ਕੀਤਾ ਕਿ ਪੁਰਸਕਾਰਾਂ ਲਈ ਮੈਂਬਰਾਂ ਦੇ ਰਿਸ਼ਤੇਦਾਰਾਂ ਦੇ ਨਾਂ ਵੀ ਨਹੀਂ ਵਿਚਾਰੇ ਜਾਣਗੇ। ਮੌਕੇ ਤੇ ਅਸਤੀਫ਼ਾ ਦੇਣ ਵਾਲੇ ਮੈਂਬਰ ਦਾ ਨਾਂ ਵੀ ਅਗਲੇ ਸਾਲਾਂ ਦੇ ਪੁਰਸਕਾਰਾਂ ਲਈ ਹੀ ਵਿਚਾਰਿਆ ਜਾਵੇਗਾ।

ਸਲਾਹਕਾਰ ਬੋਰਡ ਦਾ ਇਹ ਫ਼ੈਸਲਾ ਬੋਰਡ ਦੇ ਮੈਬਰਾਂ ਨੂੰ ਕਦੇ ਵੀ ਹਜ਼ਮ ਨਹੀਂ ਹੋਇਆ। ਬੋਰਡਾਂ ਦੀਆਂ ਅਗਲੀਆਂ ਲੱਗਭੱਗ ਸਾਰੀਆਂ ਮੀਟਿੰਗਾਂ ਵਿੱਚ ਮੈਂਬਰ ਇਸ ਫ਼ੈਸਲੇ ਨੂੰ ਵਾਪਸ ਲੈਣ ਅਤੇ ਬੋਰਡ ਦੇ ਮੈਂਬਰਾਂ ਦੇ ਨਾਂ ਪੁਰਸਕਾਰਾਂ ਲਈ ਵਿਚਾਰੇ ਜਾਣ ਦਾ ਦਬਾਅ ਬਣਾਉਂਦੇ ਰਹੇ। ਹਰ ਵਾਰ ਚੇਅਰਪਰਸਨ ਜਾਂ ਸਰਕਾਰੀ ਅਧਿਕਾਰੀ ਬੋਰਡ ਦੇ ਮੈਂਬਰਾਂ ਨੂੰ ਹਾਈ ਕੋਰਟ ਦੇ ਨਿਰਦੇਸ਼ਾਂ ਦੀ ਅਤੇ ਨਿਰਦੇਸ਼ਾਂ ਦੇ ਅਧਾਰ ਤੇ ਪਹਿਲੇ ਬੋਰਡਾਂ ਵਲੋਂ ਲਏ ਫ਼ੈਸਲਿਆਂ ਦੀ ਯਾਦ ਦਿਵਾਉਂਦੇ ਅਤੇ ਪਾਲਣਾ ਕਰਾਉਂਦੇ ਰਹੇ।

ਜੁਲਾਈ 2015 ਵਿਚ ਗਠਿਤ ਸਲਾਹਕਾਰ ਬੋਰਡ ਦੀ ਇੱਕੋ ਇੱਕ ਮੀਟਿੰਗ 29ਸਤੰਬਰ 2015 ਨੂੰ ਹੋਈ ਸੀ। ਇਸ ਮੀਟਿੰਗ ਵਿਚ ਵੀ ਮੈਂਬਰਾਂ ਵਲੋਂ ਇਹ ਮੰਗ ਜ਼ੋਰ-ਸ਼ੋਰ ਨਾਲ ਉਠਾਈ ਗਈ।

ਇਕੱਤਰਤਾ ਦੀ ਕਾਰਵਾਈ ਚਲਾ ਰਹੇ ਬੋਰਡ ਦੇ ਕਨਵੀਨਰ ਨੂੰ, ਪੁਰਸਕਾਰ ਪ੍ਰਾਪਤ ਕਰਨ ਲਈ ਕਾਹਲੇ ਪਏ ਮੈਂਬਰਾਂ ਨੂੰ, ਇਕ ਵਾਰ ਫੇਰ ਇਤਿਹਾਸ ਪੜ੍ਹ ਕੇ ਸਣਾਉਂਣਾ ਪਿਆ।

ਉਸੇ ਮੀਟਿੰਗ ਵਿਚ ਕੁੱਝ ਹਿੰਮਤੀ ਮੈਂਬਰਾਂ ਨੇ ਨਵਾਂ ਪੈਂਤੜਾ ਲਿਆ। ਉਨ੍ਹਾਂ ਨੇ ਪਿਛਲੇ ਬੋਰਡ ਦੇ ਫ਼ੈਸਲੇ ਨੂੰ ਹੀ ਬਦਲਨ ਦੀ ਮੰਗ ਰੱਖ ਦਿੱਤੀ। ਮੀਟਿੰਗ ਵਿਚ ਹਾਜ਼ਰ ਕੁੱਝ ਹੋਰ ਮੈਂਬਰਾਂ ਨੇ, ਤੱਤੇ ਮੈਂਬਰਾਂ ਦੀ, ਇਸ ਮੰਗ ਨੂੰ ਇਹ ਕਹਿ ਕੇ ਰੱਦ ਕੀਤਾ 'ਕਿ ਜੇਕਰ ਮੌਜੂਦਾ ਬੋਰਡ ਪਹਿਲੇ ਬੋਰਡ ਦੇ ਫ਼ੈਸਲੇ ਨੂੰ ਬਦਲਣ ਤੇ ਵਿਚਾਰ ਕਰਦਾ ਹੈ ਤਾਂ ਅਜਿਹਾ ਸੰਭਵ ਹੋਵੇਗਾ ਕਿ ਇਸ ਬੋਰਡ ਦੇ ਫ਼ੈਸਲਿਆਂ ਨੂੰ ਆਉਣ ਵਾਲਾ ਬੋਰਡ ਬਦਲ ਦੇਵੇ।'

ਰੌਲੇ-ਰੱਪੇ ਨੂੰ ਸ਼ਾਂਤ ਕਰਨ ਲਈ ਬੋਰਡ ਦੇ ਚੈਅਰਪਰਸਨ ਨੇ ਇਸ ਮਸਲੇ ਤੇ ਵਿਚਾਰ ਕਰਨ ਲਈ ਬੋਰਡ ਦੀ ਇੱਕ ਹੋਰ ਮੀਟਿੰਗ ਬਲਾਉਣ ਦਾ ਵਾਅਦਾ ਕਰਨਾ ਪਿਆ।

ਸਿਆਣਪ ਦਾ ਸਬੂਤ ਦਿੰਦਿਆਂ ਚੈਅਰਪਰਸਨ ਨੇ ਉਸ ਬੋਰਡ ਦੀ ਮਿਆਦ ਪੁੱਗਣ ਤੱਕ ਆਪਣੇ ਵਾਅਦੇ ਨੂੰ ਠੰਡੇ ਬਸਤੇ ਵਿਚ ਦੱਬੀ ਰੱਖਿਆ।

ਕੁਝ ਜੁਝਾਰੂ ਵਿਦਵਾਨਾਂ ਨੇ ਕਿੰਗ ਬਰਿਊਸ ਵਾਲੀ ਕਹਾਣੀ ਨੂੰ ਪੱਕਾ ਘੋਟਾ ਲਾਇਆ ਹੋਇਆ ਹੈ। ਮੌਜੂਦਾ ਬੋਰਡ ਦੇ ਅਜਿਹੇ ਉਤਸ਼ਾਹੀ ਮੈਂਬਰਾਂ ਨੇ ਆਪਣਾ ਹੱਕ ਲੈਣ ਲਈ ਨਵੇਂ ਸਿਰਿਓਂ ਯਤਨ ਸ਼ੁਰੂ ਕਰ ਦਿਤੇ।

ਸ਼ਾਇਦ ਇਸ ਵਾਰ ਸਲਾਹਕਾਰ ਬੋਰਡ ਦਾ ਕਨਵੀਨਰ ਪਹਿਲੇ ਕਨਵੀਨਰਾਂ ਜਿੰਨ੍ਹਾਂ ਧੜਲੇਦਾਰ ਨਹੀਂ ਹੋਣਾ, ਜਾਂ ਉਸਨੇ ਆਪਣਾ ਹੋਮ ਵਰਕ ਗਹਿਰਾਈ ਨਾਲ ਨਹੀਂ ਕੀਤਾ ਹੋਣਾ ਜਾਂ ਫੇਰ ਬੋਰਡ ਦੇ ਪ੍ਰਭਾਵਸ਼ਾਲੀ ਮੈਂਬਰਾਂ ਨੇ ਉਸ ਨੂੰ ਪਿਛਲੇ ਬੋਰਡਾਂ ਦੇ ਫ਼ੈਸਲੇ ਦਹਰਾਉਣ ਦਾ ਮੌਕਾ ਹੀ ਨਹੀਂ ਦਿੱਤਾ ਹੋਣਾ। ਕਾਰਨ ਕੋਈ ਵੀ

ਰਿਹਾ ਹੋਵੇ ਪਰ ਇਹ ਸੱਚ ਹੈ ਕਿ ਮੌਜੂਦਾ ਬੋਰਡ ਦੇ ਘੱਟੋ ਘੱਟ ਦੋ ਮੈਂਬਰ, ਹਾਈ ਕੋਰਟ ਦੇ ਨਿਰਦੇਸ਼ ਅਤੇ ਪਹਿਲੇ ਸਲਾਹਕਾਰ ਬੋਰਡਾਂ ਦੇ ਫ਼ੈਸਲਿਆਂ ਦੀਆਂ ਧੱਜੀਆਂ ਉਡਾਉਣ ਵਿੱਚ ਕਾਮਯਾਬ ਹੋ ਗਏ।

ਜਿਵੇਂ ਪਹਿਲਾਂ ਜ਼ਿਕਰ ਹੋ ਚੁੱਕਾ ਹੈ ਕਿ ਸਾਲ 2008 ਦੇ ਸਲਾਹਕਾਰ ਬੋਰਡ ਦੀ ਇੱਕ ਮੈਂਬਰ ਆਪਣੇ ਪਤੀ ਨੂੰ ਪੁਰਸਕਾਰ ਦਿਵਾਉਣ ਵਿਚ ਸਫ਼ਲ ਹੋ ਗਈ ਸੀ। ਇਸ ਵਾਰ ਭਾਜੀ ਪਤੀ ਨੇ ਮੋੜੀ। ਮੀਟਿੰਗ ਤੋਂ ਕੁਝ ਦਿਨ ਪਹਿਲਾਂ ਪਤੀ ਨੇ ਮੈਂਬਰੀ ਤੋਂ ਅਸਤੀਫ਼ਾ ਦਿੱਤਾ। 'ਅਗਲੇ ਸਾਲ' ਦੇ ਆਉਣ ਦਾ ਇੰਤਜ਼ਾਰ ਕੀਤੇ ਬਿਨ੍ਹਾਂ ਸਲਾਹਕਾਰ ਬੋਰਡ ਤੋਂ ਪੁਰਸਕਾਰ ਆਪਣੀ ਪਤਨੀ ਦੀ ਝੋਲੀ ਪਵਾ ਦਿਤਾ। ਦੂਸਰੇ ਮੈਂਬਰ ਨੇ ਤਾਂ ਮੈਂਬਰੀ ਤੋਂ ਅਸਤੀਫ਼ਾ ਵੀ ਨਹੀਂ ਦਿੱਤਾ। ਮੀਟਿੰਗ ਵਿਚੋਂ ਕੇਵਲ ਹਾਜ਼ਰੀ ਮੁਆਫ਼ ਕਰਵਾਈ ਅਤੇ.'ਇਸੇ ਸਾਲ' 10 ਲੱਖ ਵਾਲਾ ਵੱਡਾ ਪੁਰਸਕਾਰ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਿਆ। ਮਾਮਲਾ ਉਸ ਸਮੇਂ ਹੋਰ ਵੀ ਗੰਭੀਰ ਹੋ ਜਾਂਦਾ ਹੈ ਜਦੋਂ ਇਹ ਸੱਚ ਸਾਹਮਣੇ ਆਉਂਦਾ ਹੈ ਕਿ ਇਹ ਫ਼ੈਸਲਾ ਲੈਣ ਵਾਲੇ ਸਲਾਹਕਾਰ ਬੋਰਡ ਦੇ ਬਹੁਤੇ ਮੈਂਬਰ ਪਹਿਲੇ ਉਨ੍ਹਾਂ ਬੋਰਡਾਂ ਦੇ ਮੈਂਬਰ ਵੀ ਰਹੇ ਹਨ ਜਿਨ੍ਹਾਂ ਵਿੱਚ ਹਾਈ ਕੋਰਟ ਦਾ ਨਿਰਦੇਸ਼ ਵਾਰ ਵਾਰ ਯਾਦ ਕਰਵਾਇਆ ਜਾਂਦਾ ਰਿਹਾ।

ਇਨ੍ਹਾਂ ਹਾਲਾਤਾਂ ਦੀ ਪਿੱਠ ਭੂਮੀ ਵਿਚ ਇਹ ਪ੍ਰਸ਼ਨ ਉੱਠਣਾ ਸੁਭਾਵਕ ਹੈ ਕਿ ਜੋ 'ਸਾਹਿਤ ਦੇ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸ਼ਖ਼ਸ਼ੀਅਤਾਂ ਹੋਣ ਕਾਰਨ', 'ਪੰਜਾਬੀ ਭਾਸ਼ਾ ਦੇ ਵਿਕਾਸ ਲਈ ਯੋਜਨਾਵਾਂ ਬਣਾਉਣ' ਲਈ ਗਠਿਤ ਕੀਤੇ ਜਾਂਦੇ ਰਾਜ ਸਲਾਹਕਾਰ ਬੋਰਡ ਦੇ ਮੈਂਬਰ ਨਾਮਜ਼ਦ ਹੋਏ ਹੋਣ, ਕੀ ਉਹ ਸ਼ਖ਼ਸ਼ੀਅਤਾਂ ਸੱਚਮੁੱਚ ਪੰਜਾਬੀ ਦੇ ਵਿਕਾਸ ਵਿਚ ਯੋਗਦਾਨ ਪਾ ਰਹੀਆਂ ਹਨ ਜਾਂ ਪੰਜਾਬੀ ਦੇ ਨਾਂ ਤੇ ਆਪਣੇ ਅਤੇ ਆਪਣੇ ਕੁਨਬੇ ਦੇ ਹਿੱਤ ਪਾਲ ਰਹੀਆਂ ਹਨ?

ਪੰਜਾਬ ਸਰਕਾਰ ਨੇ ਸਾਲ 2013 ਵਿਚ, ਡਾ.ਜਸਪਾਲ ਸਿੰਘ (ਸਾਬਕਾ ਉੱਪ ਕੁਲਪਤੀ, ਪੰਜਾਬੀ ਯੂਨੀਵਰਸਿਟੀ) ਦੀ ਸਰਪ੍ਰਸਤੀ ਵਿਚ ਇੱਕ ਹੋਰ 'ਪੁਰਸਕਾਰ ਨੀਤੀ ਨਿਰਧਾਰਤ' ਕਮੇਟੀ ਦਾ ਗਠਨ ਕਰਕੇ ਇਸ ਵਿਵਾਦ ਨੂੰ ਸੁਲਝਾਉਣ ਦਾ ਯਤਨ ਕੀਤਾ ਸੀ। ਦੋਹਾਂ ਕਮੇਟੀਆਂ ਨੇ ਪੁਰਸਕਾਰਾਂ ਦੀ ਚੋਣ ਪ੍ਰਕਿਰਿਆ ਨੂੰ ਤਰਕਸੰਗਤ ਬਣਾਉਣ ਲਈ ਕੁਝ ਮਹੱਤਵਪੂਰਣ ਸੁਝਾਅ ਤਾਂ ਦਿਤੇ ਪਰ ਨੀਤੀ ਦਾ ਖਰੜਾ ਤਿਆਰ ਕਰਕੇ ਸਰਕਾਰ ਨੂੰ ਦੇਣ ਦੀ ਜਹਿਮਤ ਨਹੀਂ ਉਠਾਈ। ਸਿੱਟੇ ਵਜੋਂ ਹੋਈਆਂ ਸਿਫ਼ਾਰਸ਼ਾਂ ਸਰਕਾਰੀ ਫਾਈਲਾਂ ਵਿਚ ਗੁਆਚ ਗਈਆਂ। ਜੇ ਨੀਤੀ ਦਾ ਖਰੜਾ ਬਣ ਗਿਆ ਹੁੰਦਾ ਅਤੇ ਸਰਕਾਰ ਨੇ ਉਸ ਖਰੜੇ ਨੂੰ ਕਾਨੂੰਨ ਦੀ ਪੁੱਠ ਚਾੜ੍ਹ ਕੇ ਸਰਕਾਰੀ ਗਜ਼ਟ ਵਿਚ ਛਾਪ ਦਿੱਤਾ ਹੁੰਦਾ ਤਾਂ ਇਹ ਅਤੇ ਅਜਿਹੇ ਹੋਰ ਵਿਵਾਦ ਸਦਾ-ਸਦਾ ਲਈ ਮਿਟ ਗਏ ਹੁੰਦੇ। ਅਖਾਉਤੀ ਵਿਦਵਾਨਾਂ ਲਈ ਮਾਂ ਬੋਲੀ ਪੰਜਾਬੀ ਦੇ ਹਿੱਤਾਂ ਨੂੰ ਸਿੱਕੇ ਟੰਗ ਕੇ ਆਪਣੇ ਨਿਜੀ ਹਿਤਾਂ ਨੂੰ ਪਹਿਲ ਦੇਣ ਦੇ ਰਾਹ ਪੱਕੇ ਤੌਰ ਤੇ ਬੰਦ ਹੋ ਗਏ ਹੁੰਦੇ।

---------------

**ਸਾਹਿਤ ਅਕਾਦਮੀ ਦਿੱਲੀ ਅਤੇ ਰਾਜ ਸਲਾਹਕਾਰ ਬੋਰਡ ਵੱਲੋਂ ਪੁਰਸਕਾਰਾਂ ਦੀ ਚੋਣ ਸਮੇਂ ਅਪਣਾਈ ਜਾਂਦੀ ਪ੍ਰਕ੍ਰਿਆ ਵਿਚਲਾ ਅੰਤਰ**

ਰਾਜ ਸਲਾਹਕਾਰ ਬੋਰਡ ਵੱਲੋਂ ਜਦੋਂ ਸਾਲ 2008 ਤੇ 2009 ਦੇ ਪੁਰਸਕਾਰਾਂ ਦੀ ਚੋਣ ਕੀਤੀ ਗਈ ਤਾਂ ਬੋਰਡ ਦੇ 7 ਮੈਂਬਰਾਂ ਨੇ ਆਪਣੇ ਆਪ ਨੂੰ ਅਤੇ ਇੱਕ ਨੇ ਆਪਣੇ ਪਤੀ ਨੂੰ ਪੁਰਸਕਾਰਾਂ ਲਈ ਚੁਣ ਲਿਆ। ਇਸ ਚੋਣ ਨੂੰ ਸ਼੍ਰੀ ਪਰਦੀਪ ਜੋਸ਼ੀ ਵੱਲੋਂ ਹਾਈ ਕੋਰਟ ਵਿਚ ਚਣੌਤੀ ਦਿੱਤੀ ਗਈ। ਮੁਕੱਦਮੇ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੂੰ ਹਾਈ ਕੋਰਟ ਨੂੰ ਇਹ ਭਰੋਸਾ ਦੇਣਾ ਪਿਆ 'ਕਿ ਸਾਲ 2009 ਤੋਂ ਵਿਭਾਗ ਵੱਲੋ਼ ਅਜਿਹੀ ਨੀਤੀ ਅਪਣਾਈ ਜਾਵੇਗੀ ਕਿ ਬੋਰਡ ਦੇ ਮੌਜੂਦਾ ਮੈਂਬਰਾਂ ਦੇ ਹਿੱਤ ਪੁਰਸਕਾਰਾਂ ਦੇ ਆੜੇ ਨਾ ਆਉਣ' । ਇਸ ਭਰੋਸੇ ਨੂੰ ਅਮਲੀ ਰੂਪ ਦੇਣ ਲਈ ਮਈ 2009 ਵਿਚ ਪੰਜਾਬ ਸਰਕਾਰ ਵੱਲੋਂ ਇਕ ਸਬ-ਕਮੇਟੀ ਗਠਿਤ ਕੀਤੀ ਗਈ। ਕਮੇਟੀ ਦਾ ਟੀਚਾ 'ਸ਼੍ਰੋਮਣੀ ਪੁਰਸਕਾਰਾਂ ਸਬੰਧੀ ਨਵੀਂ ਪਾਲਿਸੀ ਨਿਰਧਾਰਣ' ਕਰਨਾ ਸੀ। ਇਸ ਕਮੇਟੀ ਦੀ 08 ਸਤੰਬਰ 2009 ਨੂੰ ਮੀਟਿੰਗ ਹੋਈ। ਵਿਚਾਰ–ਵਟਾਂਦਰੇ ਬਾਅਦ ਸਮੂਹ ਮੈਬਰਾਂ ਨੇ ਪੰਜਾਬ ਸਰਕਾਰ ਨੂੰ ਸਿਫ਼ਾਰਸ਼ ਕੀਤੀ ਕਿ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੂੰ ਵੀ ਪੰਜਾਬੀ ਅਕਾਦਮੀ ਅਤੇ ਸਾਹਿਤ ਅਕਾਦਮੀ ਦਿੱਲੀ ਵੱਲੋਂ ਨਿਰਧਾਰਤ ਨੀਤੀ ਅਨੁਸਾਰ ਹੀ ਨਵੀਂ ਨੀਤੀ ਤਿਆਰ ਕਰ ਲੈਣੀ ਚਾਹੀਦੀ ਹੈ ਕਿਉਂਕਿ ਇਹ ਨੀਤੀ ਬੜੀ ਸਰਲ ਅਤੇ ਸਪੱਸ਼ਟ ਹੈ।

ਇਨ੍ਹਾਂ ਸਿਫ਼ਾਰਸ਼ਾਂ ਦੀ ਮੱਹਤਤਾ ਨੂੰ ਸਮਝਣ ਲਈ ਪਹਿਲਾਂ ਸਾਹਿਤ ਅਕਾਦਮੀ ਦਿੱਲੀ ਵੱਲੋਂ ਦਿੱਤੇ ਜਾਂਦੇ ਪੁਰਸਕਾਰਾਂ ਦੀ ਚੋਣ ਲਈ ਨਿਰਧਾਰਤ ਨਿਯਮਾਂ ਦੀ ਸੰਖੇਪ ਜਾਣਕਾਰੀ ਪ੍ਰਾਪਤ ਕਰ ਲੈਣੀ ਜ਼ਰੂਰੀ ਹੈ।

ਸਾਹਿਤ ਅਕਾਦਮੀ ਦਿੱਲੀ ਵੱਲੋਂ ਭਾਰਤ ਦੀਆਂ ਮਾਨਤਾ ਪ੍ਰਾਪਤ ਸਾਰੀਆਂ ਭਾਸ਼ਾਵਾਂ ਦੀ ਇੱਕ-ਇੱਕ ਪੁਸਤਕ ਨੂੰ ਹਰ ਸਾਲ 'ਸਾਹਿਤ ਅਕਾਦਮੀ ਪੁਰਸਕਾਰ' ਲਈ ਚੁਣਿਆ ਜਾਂਦਾ ਹੈ। ਪੁਰਸਕਾਰ ਉਸ ਪੁਸਤਕ ਦੇ ਰਚੇਤਾ ਨੂੰ ਦਿੱਤਾ ਜਾਂਦਾ ਹੈ। ਅਕਾਦਮੀ ਵੱਲੋਂ ਸਨਮਾਨ ਕੀਤੇ ਜਾਣ ਵਾਲੀ ਪੁਸਤਕ ਦੀ ਚੋਣ ਪ੍ਰਕਿਰਿਆ ਨੂੰ ਸੂਤਰ ਬੱਧ ਕਰਨ ਲਈ ਨਿਯਮ ਬਣਾਏ ਹੋਏ ਹਨ ਜਿਨ੍ਹਾਂ ਨੂੰ 'ਸਲਾਨਾ ਸਾਹਿਤ ਅਕਾਦਮੀ ਪੁਰਸਕਾਰ ਨਿਯਮ' ਦਾ ਨਾਂ ਦਿੱਤਾ ਗਿਆ ਹੈ। ਪੁਸਤਕ ਦੇ ਪੁਰਸਕਾਰ ਲਈ ਵਿਚਾਰੇ ਜਾਣ ਵਾਲੇ ਮਾਪਦੰਡ ਨਿਯਮ ਨੰਬਰ 1 ਅਤੇ 2 ਵਿਚ ਦਰਜ ਹਨ। ਪੁਸਤਕ ਦੀ ਚੋਣ ਲਈ ਅਪਣਾਈ ਜਾਣ ਵਾਲੀ ਪ੍ਰਕ੍ਰਿਆ ਨਿਯਮ ਨੰਬਰ 3 ਤੋਂ 6 ਵਿਚ ਦਰਜ ਹੈ।

ਸਭ ਤੋਂ ਪਹਿਲਾਂ ਅਕਾਦਮੀ ਵੱਲੋਂ ਪੁਰਸਕਾਰ ਲਈ ਯੋਗ ਪੁਸਤਕਾਂ ਦੀ ਆਧਾਰ ਸੂਚੀ ਤਿਆਰ ਕੀਤੀ ਜਾਂਦੀ ਹੈ। ਇਸ ਕਾਰਜ ਦੀ ਜ਼ਿੰਮੇਵਾਰੀ ਇੱਕ ਜਾਂ ਦੋ ਮਾਹਿਰਾਂ ਨੂੰ ਦਿੱਤੀ ਜਾਂਦੀ ਹੈ। ਮਾਹਿਰਾਂ ਦੀ ਚੋਣ ਸਾਹਿਤ ਅਕਾਦਮੀ ਦੇ ਪ੍ਰਧਾਨ ਵੱਲੋਂ, ਮਾਹਿਰਾਂ ਦੇ ਉਸ ਪੈਨਲ ਵਿਚੋਂ ਕੀਤੀ ਜਾਂਦੀ ਹੈ ਜੋ ਸਬੰਧਤ ਭਾਸ਼ਾ ਦੇ ਸਲਾਹਕਾਰ ਬੋਰਡ ਵੱਲੋਂ ਤਿਆਰ ਕਰ ਕੇ ਪ੍ਰਧਾਨ ਨੂੰ ਭੇਜਿਆ ਗਿਆ ਹੁੰਦਾ ਹੈ।

ਮਾਹਿਰਾਂ ਵੱਲੋਂ ਸਾਰੇ ਉਪਲਬਧ ਸਰੋਤਾਂ ਤੋਂ ਸੂਚਨਾਵਾਂ ਇੱਕਠੀਆਂ ਕਰਕੇ ਅਤੇ ਆਪ ਨਿਰਖ ਪਰਖ ਕਰਕੇ ਪੁਰਸਕਾਰ ਲਈ ਯੋਗ ਪੁਸਤਕਾਂ ਦੀ ਸੂਚੀ ਤਿਆਰ ਕੀਤੀ ਜਾਂਦੀ ਹੈ। ਮਾਹਿਰਾਂ ਵੱਲੋਂ ਤਿਆਰ ਕੀਤੀ ਇਹ ਸੂਚੀ ਫੇਰ ਸਲਾਹਕਾਰ ਬੋਰਡ ਦੇ ਹਰ ਮੈਂਬਰ ਨੂੰ ਭੇਜੀ ਜਾਂਦੀ ਹੈ। ਬੋਰਡ ਦੇ ਹਰ ਮੈਂਬਰ ਨੂੰ, ਉਸ ਸੂਚੀ ਵਿਚੋਂ ਵੱਧੋ-ਵੱਧ ਦੋ ਪੁਸਤਕਾਂ ਦੀ

ਸਿਫ਼ਾਰਸ਼ ਕਰਨ ਦਾ ਅਧਿਕਾਰ। ਮੈਂਬਰ ਨੂੰ ਇਹ ਵੀ ਅਧਿਕਾਰ ਹੈ ਕੇ ਜੇ ਉਸ ਨੂੰ ਸੂਚੀ ਵਾਲੇ ਨਾਂ ਠੀਕ ਨਾ ਲੱਗਣ ਤਾਂ ਸੂਚੀ ਤੋਂ ਬਾਹਰ ਵਾਲੀਆਂ ਪੁਸਤਕਾਂ ਦੇ ਨਾਂਵਾਂ ਦੀ ਸਿਫ਼ਾਰਸ਼ ਕਰ ਸਕਦਾ ਹੈ।

ਇਸ ਪ੍ਰਕ੍ਰਿਆ ਤੋਂ ਬਾਅਦ ਇੱਕ ਪੈਨਲ ਦੀ ਭੂਮਿਕਾ ਸ਼ੁਰੂ ਹੁੰਦੀ ਹੈ ਜਿਸ ਨੂੰ 'ਮੁੱਢਲਾ ਪੈਨਲ' ਆਖਿਆ ਜਾਂਦਾ ਹੈ। ਇਸ ਪੈਨਲ ਦੇ 10 ਮੈਂਬਰ ਹੁੰਦੇ ਹਨ ਜਿਨ੍ਹਾਂ ਨੂੰ 'ਰੇਫਰੀ' ਆਖਿਆ ਜਾਂਦਾ ਹੈ। ਇਨ੍ਹਾਂ ਰੇਫਰੀਆਂ ਦੀ ਚੋਣ ਵੀ ਅਕਾਦਮੀ ਦੇ ਪ੍ਰਧਾਨ ਵੱਲੋਂ, ਸਬੰਧਤ ਭਾਸ਼ਾਵਾਂ ਦੇ ਸਲਾਹਕਾਰ ਬੋਰਡ ਵੱਲੋਂ ਸੁਝਾਏ ਨਾਂਵਾਂ ਵਿਚੋਂ ਕੀਤੀ ਜਾਂਦੀ ਹੈ।
ਸਬੰਧਤ ਭਾਸ਼ਾ ਦੇ ਸਲਾਹਕਾਰ ਬੋਰਡ ਦੇ ਮੈਂਬਰਾਂ ਵੱਲੋਂ ਸੁਝਾਏ ਨਾਂਵਾਂ ਦੀਆਂ ਸੂਚੀਆਂ ਤਿਆਰ ਕਰਕੇ, ਇੱਕ-ਇੱਕ ਸੂਚੀ ਹਰ ਰੈਫਰੀ ਨੂੰ ਭੇਜੀ ਜਾਂਦੀ ਹੈ। ਰੈਫਰੀਆਂ ਨੂੰ ਭੇਜੀਆਂ ਸੂਚੀਆਂ ਵਿਚ ਸਲਾਹਕਾਰ ਬੋਰਡ ਦੇ ਮੈਂਬਰਾਂ ਵਲੋਂ ਸੁਝਾਈਆਂ ਪੁਸਤਕਾਂ ਦੇ ਨਾਂ ਹੀ ਹੁੰਦੇ ਹਨ। ਮਾਹਿਰਾਂ ਵੱਲੋਂ ਬਣਾਈ ਸੂਚੀ ਪਿੱਛੇ ਰਹਿ ਜਾਂਦੀ ਹੈ। ਹਰ ਰੈਫਰੀ ਨੇ ਉਸ ਸੂਚੀ ਵਿਚੋਂ 2-2 ਪੁਸਤਕਾਂ ਦੇ ਨਾਵਾਂ ਦੀ ਸਿਫ਼ਾਰਸ਼ ਕਰਨੀ ਹੁੰਦੀ ਹੈ। ਸਲਾਹਕਾਰ ਬੋਰਡ ਦੇ ਮੈਂਬਰਾਂ ਵਾਂਗ ਰੇਫਰੀਆਂ ਨੂੰ ਵੀ ਸੂਚੀ ਤੋਂ ਬਾਹਰਲੀਆਂ ਪੁਸਤਕਾਂ ਦੇ ਨਾਂ ਸੁਝਾਉਣ ਦਾ ਅਧਿਕਾਰ ਹੈ। ਪੁਸਤਕਾਂ ਦੀ ਚੋਣ ਲਈ ਰੇਫਰੀਆਂ ਦੀ ਮੀਟਿੰਗ ਨਹੀਂ ਹੁੰਦੀ। ਉਨ੍ਹਾਂ ਨੇ ਫ਼ੈਸਲਾ ਇਕੱਲਿਆਂ-ਇਕੱਲਿਆਂ ਕਰਨਾ ਹੁੰਦਾ ਹੈ।

ਇਸ ਤੋਂ ਬਾਅਦ ਪੁਰਸਕਾਰ ਵਾਲੀ ਪੁਸਤਕ ਦੀ ਚੋਣ ਕਰਨ ਲਈ ਤਿੰਨ ਮੈਂਬਰਾਂ ਦੀ ਜਿਊਰੀ ਬਣਦੀ ਹੈ। ਜਿਊਰੀ ਮੈਂਬਰਾਂ ਦੀ ਚੋਣ ਵੀ ਅਕਾਦਮੀ ਦੇ ਪ੍ਰਧਾਨ ਵੱਲੋਂ, ਸਬੰਧਤ ਭਾਸ਼ਾ ਦੇ ਸਲਾਹਕਾਰ ਬੋਰਡ ਵੱਲੋਂ ਭੇਜੇ ਪੈਨਲ ਵਿਚੋਂ ਕਰਨੀ ਹੁੰਦੀ ਹੈ। ਰੈਫਰੀਆਂ ਵੱਲੋਂ ਚੁਣੀਆਂ ਪੁਸਤਕਾਂ ਦੀ ਸੂਚੀ ਅਤੇ ਪੁਸਤਕਾਂ ਜਿਊਰੀ ਮੈਂਬਰਾਂ ਨੂੰ ਭੇਜੀਆਂ ਜਾਂਦੀਆਂ ਹਨ। ਜਿਊਰੀ ਮੈਂਬਰ ਨੂੰ ਆਪਣੇ ਵੱਲੋਂ ਕਿਸੇ ਨਵੀਂ ਪੁਸਤਕ ਦਾਂ ਨਾਂ ਸੁਝਾਉਣ ਦਾ ਅਧਿਕਾਰ ਨਹੀਂ ਹੈ। ਅੰਤਿਮ ਚੋਣ ਲਈ ਜਿਊਰੀ ਦੀ ਮੀਟਿੰਗ ਹੁੰਦੀ ਹੈ। ਹਰ ਜਿਊਰੀ ਮੈਂਬਰ ਦਾ ਮੀਟਿੰਗ ਵਿਚ ਸ਼ਾਮਲ ਹੋਣਾ ਜ਼ਰੂਰੀ ਹੈ। ਜਿਊਰੀ ਵੱਲੋਂ ਸਰਬ-ਸੰਮਤੀ ਜਾਂ ਬਹੁ-ਸੰਮਤੀ ਨਾਲ ਪੁਰਸਕਾਰ ਦੀ ਹੱਕਦਾਰ ਪੁਸਤਕ ਦੀ ਚੋਣ ਕਰ ਲਈ ਜਾਂਦੀ ਹੈ। ਅੰਤ ਵਿਚ ਉਸ ਚੋਣ ਨੂੰ, ਰਸਮੀ ਸਹਿਮਤੀ ਲਈ, ਅਕਾਦਮੀ ਦੇ ਕਾਰਜਕਾਰੀ ਬੋਰਡ ਅੱਗੇ ਪੇਸ਼ ਕੀਤਾ ਜਾਂਦਾ ਹੈ। ਬੋਰਡ ਦੀ ਸਹਿਮਤੀ ਬਾਅਦ ਪੁਰਸਕਾਰ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਇਸ ਐਲਾਨ ਦੇ ਨਾਲ-ਨਾਲ ਜਿਊਰੀ ਮੈਂਬਰਾਂ ਦੇ ਨਾਂ ਅਤੇ ਉਨ੍ਹਾਂ ਵੱਲੋਂ ਵਿਚਾਰੀਆਂ ਪੁਸਤਕਾਂ ਦੀ ਸੂਚੀ ਪ੍ਰਕਾਸ਼ਤ ਕਰਨਾ ਵੀ ਜਰੂਰੀ ਹੈ।

ਇਨ੍ਹਾਂ ਨਿਯਮਾਂ ਦੀ ਖ਼ੂਬਸੂਰਤੀ ਇਹ ਹੈ ਕਿ ਚੋਣ ਪ੍ਰਕ੍ਰਿਆ ਵਿਚ ਸ਼ਾਮਲ ਵਿਅਕਤੀਆਂ ਦੀ ਭੂਮਿਕਾ ਸੀਮਤ ਹੁੰਦੀ ਹੈ। ਆਪਣੀ ਜ਼ਿੰਮੇਵਾਰੀ ਨਿਭਾਅ ਕੇ ਉਹ ਚੋਣ ਪ੍ਰਕ੍ਰਿਆ ਵਿਚੋਂ ਅਲੋਪ ਹੋ ਜਾਂਦੇ ਹਨ। ਭਾਸ਼ਾ ਦੇ ਸਲਾਹਕਾਰ ਬੋਰਡ ਦੇ ਮੈਂਬਰਾਂ ਦੀ ਭੂਮਿਕਾ ਵੀ ਨਾ-ਮਾਤਰ ਹੈ। ਉਨ੍ਹਾਂ ਨੂੰ ਸਿੱਧੇ ਤੌਰ ਤੇ ਚੋਣ ਪ੍ਰਕ੍ਰਿਆ ਨੂੰ ਪ੍ਰਭਾਵਤ ਕਰਨ ਦਾ ਮੌਕਾ ਹੀ ਨਹੀਂ ਮਿਲਦਾ।
ਪਰ ਪੰਜਾਬ ਸਰਕਾਰ ਵੱਲੋਂ ਦਿੱਤੇ ਜਾਂਦੇ ਸ਼੍ਰੋਮਣੀ ਸਾਹਿਤ ਪੁਰਸਕਾਰਾਂ ਦੀ ਚੋਣ ਪ੍ਰਕ੍ਰਿਆ ਇਸ ਤੋਂ ਉਲਟ ਹੈ। ਇੱਥੇ ਨਾਂ ਸੁਝਾਉਣ ਤੋਂ ਲੈ ਕੇ, ਉਮੀਦਵਾਰ ਦੀ ਚੋਣ ਤੱਕ ਦਾ ਅਧਿਕਾਰ ਸਲਾਹਕਾਰ ਬੋਰਡ ਦੇ ਮੈਂਬਰਾਂ ਕੋਲ ਹੈ।

ਸਲਾਹਕਾਰ ਬੋਰਡ ਦੇ ਇਸ ਏਕਾ-ਅਧਿਕਾਰ ਕਾਰਨ, ਹਰ ਵਾਰ ਚੋਣ ਤੇ ਕਿੰਤੂ-ਪ੍ਰੰਤੂ ਹੁੰਦੇ ਹਨ। ਕਿੰਤੂ-ਪ੍ਰੰਤੂ ਹੁੰਦ ਵੀ ਠੀਕ ਹਨ।

ਪਹਿਲਾਂ ਨਹੀਂ ਤਾਂ ਹੁਣ ਸਰਕਾਰ ਨੂੰ ਸਬ-ਕਮੇਟੀ ਦੀਆਂ ਸਿਫ਼ਾਰਸ਼ਾਂ ਮੰਨ ਕੇ, ਸਾਹਿਤ ਅਕਾਡਮੀ ਦੀ ਚੋਣ-ਪ੍ਰਣਾਲੀ ਨੂੰ ਅਪਣਾ ਕੇ ਨਵੀਂ ਪੁਰਸਕਾਰ ਨੀਤੀ ਘੜ ਦੇਣੀ ਚਾਹੀਦੀ ਹੈ ਤਾਂ ਜੋ ਲੱਖਾਂ ਰੁਪਿਆਂ ਦੀ ਰਾਸ਼ੀ ਵਾਲੇ ਇਹ ਪੁਰਸਕਾਰ ਹੱਕੀ ਸਾਹਿਤਕਾਰਾਂ ਨੂੰ ਹੀ ਮਿਲਣ।

---

ਸਾਹਿਤ ਅਕਾਦਮੀ ਦੇ ਨਿਯਮਾਂ ਦੀ ਕਾਪੀ

## THE ANNUAL SAHITYA AKADEMI AWARD RULES

### 1. General

1. Subject to the provision of Rule 1(2), there shall be an award every year for the most outstanding original book by an Indian author published in India, first published in any of the languages recognized by the Sahitya Akademi (hereafter referred to as the Akademi) during the five years prior to the year, immediately preceding the year of the award.

Illustration: For the award of 2004, books published between 1998 and 2002 would be considered.

2. The award for any language may not be given during any year if, in the opinion of the Jury constituted in pursuance of Rule 5(1), no book published in that language during the five years preceding the year of the award merits the award.
3. The award shall consist of such amount as the Akademi may from time to time decide besides a citation that brings out, briefly, the book’s significance and its author’s contribution to his/her language and literature.
4. Where two or more books are found to be of equal merit, the total literary contribution and standing of their authors shall be taken into consideration in deciding the award.
5. The author must be of India nationality.
6. The Award will be considered only if there is minimum of three books in the final stage of selections.

### 2. Criteria of eligibility for the Award

1. In order to be eligible for the award, the book must be an outstanding contribution to the language and literature to which it belongs. The book may be a creative or a critical work, but must not be

(a) a work of translation; or

(b) an anthology of multiple authors; or

(c) an abridgement, or a compilation, or an annotations; or
(d) a treatise or research work prepared for a university degree or any examination; or
(e) the work of an author who has earlier won an award from the Akademi (other than the Translation Prize, Bal Sahitya Puraskar and Yuva Puraskar); or
(f) a recipient of Bhasha Samman; or
(g) the Fellow of Sahitya Akademi; or
(h) the work of an author who is a member of the Executive Board of the Akademi.

2. A fresh collection of writings published earlier in book form, or revised editions of books published earlier, are not eligible for Award. However, if at least 75% of the work included in a collection has been published for the first time in book form, it can be considered for Award.

3. An incomplete work may be considered for the award only if the part that comprises the book is complete in itself.

4. A posthumous publication is eligible for Award only if the author has died within, the five year period stipulated for the award or later.

Illustration: An author who has died before 2008 would not be eligible for the award of 2014.

5. A book shall be disqualified for the award if it is established to the satisfaction of the Executive Board that canvassing has been done by the author.

6. Books will not be submitted directly from authors and publishers.

**3. Preparation of the Ground list and obtaining recommendations from members of the Language Advisory Board**

1. The Akademi shall have every year a ground list prepared of eligible books of each recognized language. Preparation of the ground list shall be entrusted to two experts,

2. Each Language Advisory Board member shall send a panel of not more than five names and the President of the Akademi (hereafter referred to as the President) shall choose the experts out of this panel.

3. In preparing the ground list, the expert or experts shall strictly conform to the criteria of eligibility laid down in these rules. The ground list so prepared along with the ground list of the previous year shall be sent to all the members of the concerned Language Advisory Board (including the Convener) with the request to

recommend two titles each by such date as may be specified by the Akademi. A member may select:

(a) both the titles from the ground list; or

(b) one title from the ground list and the other on his/her own, or

(c) both the titles on his/her own.

**4. The Preliminary Panel and its Functions**

1. The Preliminary Panel shall consist of ten Referees. These Referees shall be nominated by the President after considering suggestions of the members of the Language Advisory Board concerned.

2. The recommendations received from members of the Language Advisory Board shall be compiled and sent to each Referee.

3. Each Referee should recommend two books. These title may be selected either out of the list sent in pursuance of Rule 4(2) above or by the Referee on his/hre own.

**5. The Jury and its Functions**

1. The recommendations of Referees in the Preliminary Panel shall be considered by a three-member Jury. The Jury members shall be selected by the President after considering the recommendations in this behalf by the members of the Language Advisory Board concerned.

2. The Akademi shall purchase the books recommended by the Referees in the Preliminary Panel and send them to the Jury members and to the Convener.

3. The Convener shall act as the link between the Jury and the Akademi. In the absence of the Convener, President can nominate a General Council or Advisory Board Member as a replacement. He/she will ensure that the meeting of the Jury is conducted properly and satisfactorily and will countersign the report of the Jury.

4. The Jury members shall, either by consensus or by majority, recommend a book for the award. They may also recommend that, in their opinion, no book is eligible for the award during the year. All the members have to attend the meeting, however, only in case of emergency he/she may convey his/her views in writing. He/she should be provided with the facility of participating in the discussion through phone.

**6. Declaration of Award**

1. The recommendation of the Jury shall be placed before the Executive Board for formal approval and announcement of the award. The names of the Jury members and the short-listed books in the final stage shall be made public simultaneously with the announcement of the Award.

**7. Miscellaneous**

1. If the time limit for submission of the recommendations is not observed by a member of the Language Advisory Board or by a Referee, the Akademi shall presume that he or she has no recommendation to make and shall proceed accordingly unless, in any particular case, it is in a position to extend the time limit and actually does so.

2. The award ceremony shall be held on such date and at such place as the Executive Board/President may decide.

3. In the event of the death of an award winning author before conferment of the award, it shall be given to his/her spouse or to a legal heir.

--------

# ਕੁੱਝ ਸਲਾਹਕਾਰ ਬੋਰਡਾਂ ਅਤੇ ਕਮੇਟੀਆਂ ਦੀਆਂ ਇਕਤਰਤਾਵਾਂ ਦੀਆਂ ਕਾਰਵਾਈਆਂ ਦੇ ਅੰਸ਼

-----------------------------------

## 23 ਜੁਲਾਈ 2008 ਨੂੰ ਡਾ.ਉਪਿੰਦਰਜੀਤ ਕੌਰ ਚੇਅਰਪਰਸਨ ਅਤੇ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਦੀ ਪ੍ਰਧਾਨਗੀ ਵਿਚ ਰਾਜ ਸਲਾਹਕਾਰ ਬੋਰਡ ਦੀ ਹੋਈ ਇਕੱਤਰਤਾ ਦੀ ਕਾਰਵਾਈ ਦੇ ਸਬੰਧਤ ਅੰਸ਼

---------------------------------------------------

ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਕਰਨ ਅਤੇ ਵਿਕਾਸ ਸਕੀਮਾਂ ਸਬੰਧੀ ਫ਼ੈਸਲਾ ਕਰਨ ਲਈ ਗਠਿਤ ਕੀਤੇ ਰਾਜ ਸਲਾਹਾਕਾਰ ਬੋਰਡ ਦੀ ਇਕੱਤਰਤਾ ਮਿਤੀ 23 ਜੁਲਾਈ 2008 ਨੂੰ ਡਾ. ਉਪਿੰਦਰਜੀਤ ਕੌਰ ਚੇਅਰਪਰਸਨ ਅਤੇ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ।

**ਇਕੱਤਰਤਾ ਦੀ ਕਾਰਵਾਈ ਦੇ ਅੰਸ਼**

23 07 008

1. … ਡਾ.ਸਤਿੰਦਰ ਸਿੰਘ ਨੂਰ ਨੇ ਕਿਹਾ ਕਿ ਮੌਜੂਦਾ ਏਜੰਡੇ ਵਿੱਚ ਸ਼ਾਮਲ ਕੀਤੀ ਗਈ ਸਾਬਕਾ ਰਾਜ ਸਲਾਹਕਾਰ ਬੋਰਡ ਦੀ ਇੱਕਤਰਤਾ ਦੀ ਕਾਰਵਾਈ ਵਿੱਚ ਸਪਸ਼ਟ ਜ਼ਿਕਰ ਕੀਤਾ ਗਿਆ ਹੈ ਕਿ ਬੋਰਡ ਨੇ ਸ਼੍ਰੋਮਣੀ ਪੁਰਸਕਾਰਾਂ ਦਾ ਫੈਸਲਾ ਕਰਦਿਆਂ ਇਹ ਵੀ ਫੈਸਲਾ ਕੀਤਾ ਸੀ ਕਿ ਰਾਜ ਸਲਾਹਕਾਰ ਬੋਰਡ ਦੇ ਮੈਂਬਰ ਪੁਰਸਕਾਰ ਪ੍ਰਾਪਤ ਕਰਨ ਦੇ ਹੱਕਦਾਰ ਨਹੀਂ ਹੋਣਗੇ।
2. … ਉਨ੍ਹਾਂ ਨੇ (ਡਾ.ਸਤਿੰਦਰ ਸਿੰਘ) ਦੱਸਿਆ ਕਿ ਜਦੋਂ ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ ਅਤੇ ਪੰਜਾਬੀ ਲੇਖਕ/ਆਲੋਚਕ ਦੀਆਂ ਮੱਦਾਂ ਵਿਚਾਰੀਆਂ ਗਈਆਂ ਤਾਂ ਡਾ. ਦਲੀਪ ਕੌਰ ਟਿਵਾਣਾ ਅਤੇ ਉਹ ਖੁਦ ਸਬੰਧਤ ਮੱਦਾਂ ਸ਼ੁਰੂ ਹੋਣ ਤੋਂ ਪਹਿਲਾਂ ਮੀਟਿੰਗ ਵਿੱਚੋਂ ਬਾਹਰ ਚਲੇ ਗਏ ਸਨ ਅਤੇ ਮੱਦ ਦੀ ਸਮਾਪਤੀ ਤੱਕ ਬਾਹਰ ਹੀ ਰਹੇ ਸਨ। ਪ੍ਰੰਤੂ ਫਿਰ ਵੀ ਇਸ ਸਬੰਧੀ ਅੰਤਿਮ ਫੈਸਲਾ ਰਾਜ ਸਲਾਹਕਾਰ ਬੋਰਡ ਤੇ ਛੱਡ ਦਿੱਤਾ ਗਿਆ ਸੀ।
3. ਇਨ੍ਹਾਂ ਵਿਚਾਰਾਂ ਨੂੰ ਮੁੱਖ ਰੱਖਦੇ ਹੋਏ ਨਵ—ਗਠਿਤ ਬੋਰਡ ਦੇ ਸਮੂਹ ਮੈਂਬਰਾਂ ਨੇ ਸਰਬ—ਸੰਮਤੀ ਨਾਲ ਫੈਸਲਾ ਕੀਤਾ ਕਿ "ਰਾਜ ਸਲਾਹਕਾਰ ਬੋਰਡ ਦੇ ਮੈਂਬਰ ਜਿਨ੍ਹਾਂ ਦੀ ਨਾਮਜਦਗੀ ਸਰਕਾਰ ਵੱਲੋਂ ਉਨ੍ਹਾਂ ਦੀ ਸਾਹਿਤਕ ਅਤੇ ਮਾਤ ਭਾਸ਼ਾ ਪੰਜਾਬੀ ਦੇ ਵਿਕਾਸ ਲਈ ਵੱਖ—ਵੱਖ ਖੇਤਰਾਂ ਵਿੱਚ ਪਾਏ ਯੋਗਦਾਨ ਨੂੰ ਧਿਆਨ ਵਿੱਚ ਰੱਖਕੇ ਕੀਤੀ ਜਾਂਦੀ ਹੈ, ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਦਿੱਤੇ ਜਾਂਦੇ ਵੱਖ—ਵੱਖ ਸ਼੍ਰੋਮਣੀ ਪੁਰਸਕਾਰ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ। ਇਹ ਵੀ ਫੈਸਲਾ ਕੀਤਾ ਗਿਆ ਕਿ ਚੋਣ ਪ੍ਰਕਿਰਿਆ ਦੌਰਾਨ ਕਿਸੇ ਪੁਰਸਕਾਰ ਲਈ ਵਿਚਾਰੀ ਜਾਣ ਵਾਲੀ ਮੱਦ ਅਧੀਨ ਜੇਕਰ ਬੋਰਡ ਦੇ ਕਿਸੇ ਮੈਂਬਰ ਦਾ ਨਾਂ ਪੁਰਸਕਾਰ ਲਈ ਸੁਝਾਏ ਪੈਨਲ ਵਿੱਚ ਸ਼ਾਮਲ ਹੋਵੇਗਾ ਤਾਂ ਉਸ ਸਮੇਂ ਉਹ ਸਬੰਧਤ ਮੈਂਬਰ ਆਪਣੇ ਆਪ ਮੀਟਿੰਗ ਵਿੱਚੋਂ ਬਾਹਰ ਚਲੇ ਜਾਣਗੇ ਅਤੇ ਮੱਦ ਦਾ ਫੈਸਲਾ ਹੋਣ ਤੱਕ ਉਹ ਮੀਟਿੰਗ ਵਿੱਚੋਂ ਬਾਹਰ ਹੀ ਰਹਿਣਗੇ।"
4. ਉਨ੍ਹਾਂ ਵੱਲੋਂ ਬੋਰਡ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇਣ ਵਾਲੇ ਮੈਂਬਰਾਂ ਦੇ ਨਾਵਾਂ ਬਾਰੇ ਜਾਣਕਾਰੀ ਮੰਗੇ ਜਾਣ ਤੇ ਦਫਤਰ ਵੱਲੋਂ ਦੱਸਿਆ ਗਿਆ ਕਿ ਡਾ. ਚੰਦਰ ਤ੍ਰਿਖਾ ਤੇ ਸ਼੍ਰੀ ਜੀ. ਐਸ. ਸਿੱਧੂ ਦਮਦਮੀ ਵੱਲੋਂ ਆਪਣੇ ਅਸਤੀਫੇ ਮਾਨਯੋਗ ਚੇਅਰਪਰਸਨ ਜੀ ਨੂੰ ਭੇਜੇ ਗਏ ਸਨ ਜੋ ਹਾਲੇ ਤੱਕ ਪ੍ਰਵਾਨ ਨਹੀਂ ਕੀਤੇ ਗਏ। ਉਹ ਬੋਰਡ ਦੇ ਵਿਚਾਰ—ਵਟਾਂਦਰੇ ਲਈ ਰੱਖੇ ਗਏ ਹਨ।
5. ਬੋਰਡ ਵੱਲੋਂ ਉਕਤ ਅਨੁਸਾਰ ਫੈਸਲਾ ਕੀਤੇ ਜਾਣ ਉਪਰੰਤ ਮਾਣਯੋਗ ਚੇਅਰਪਰਸਨ ਜੀ ਨੇ ਦੋਵੇਂ ਮੈਂਬਰਾਂ ਦਾ ਅਸਤੀਫਾ ਨਾਂ—ਮਨੰਜ਼ੂਰ ਕੀਤੇ ਜਾਣ ਦਾ ਐਲਾਨ ਕੀਤਾ ਅਤੇ ਵਿਭਾਗ ਨੂੰ ਆਦੇਸ਼ ਕੀਤਾ ਕਿ ਦੋਵੇਂ ਮੈਂਬਰ ਸਾਹਿਬਾਨ ਨੂੰ ਮੀਟਿੰਗ ਵਿਚ ਸ਼ਾਮਲ ਹੋਣ ਲਈ ਆਦਰ ਸਹਿਤ ਬੁਲਾਇਆ ਜਾਵੇ। ਉਕਤ ਮੈਂਬਰਾਂ ਨੂੰ ਸੱਦਣ ਉਪਰੰਤ ਸ਼੍ਰੀ ਸਿੱਧੂ ਦਮਦਮੀ ਮੀਟਿੰਗ ਵਿਚ ਸ਼ਾਮਲ ਹੋਏ।

**ਪੰਜਾਬ ਸਰਕਾਰ ਵੱਲੋਂ ਨਵੀਂ ਪੁਰਸਕਾਰ ਨੀਤੀ ਨਿਰਧਾਰਤ ਕਰਨ ਲਈ ਬਣਾਈ ਸਬ-ਕਮੇਟੀ ਦੀ ਇਕੱਤਰਤਾ (08 ਸਤੰਬਰ 2009) ਦੀ ਕਾਰਵਾਈ ਦੇ ਸਬੰਧਤ ਅੰਸ਼**

-----------------------------------

ਸਬ-ਕਮੇਟੀ ਦੀ ਇਕੱਤਰਤਾ ਮਿਤੀ 08 ਸਤੰਬਰ 2009 ਨੂੰ ਸ.ਕਰਨਬੀਰ ਸਿੰਘ ਸਿੱਧੂ ਆਈ.ਏ.ਐਸ., ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਜੀ ਦੀ ਪ੍ਰਧਾਨਗੀ ਹੇਠ ਚੰਡੀਗੜ੍ਹ ਵਿਖੇ ਹੋਈ। ਇਕੱਤਰਤਾ ਵਿਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ। ਸ.ਗੁਲਜ਼ਾਰ ਸਿੰਘ ਸੰਧੂ, ਸ.ਰਵੇਲ ਸਿੰਘ, ਜਨਾਬ ਸਰਦਾਰ ਪੰਛੀ ਅਤੇ ਡਾਇਰੈਕਟਰ ਭਾਸ਼ਾ ਵਿਭਾਗ।

08 09 2009

1. ਮੀਟਿੰਗ ਦੇ ਆਰੰਭ ਵਿਚ ਚੇਅਰਪਰਸਨ ਅਤੇ ਪ੍ਰਮੁੱਖ ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਜੀ ਨੇ ਸਮੂਹ ਮੈਂਬਰਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਆਸ ਪ੍ਰਗਟ ਕੀਤੀ ਕਿ ਅੱਜ ਦੀ ਮੀਟਿੰਗ ਵਿਚ 'ਇਨਾਮਾਂ ਦੀ ਚੋਣ ਸਬੰਧੀ ਜੋ ਵੀ ਨਵੀਂ ਪਾਲਿਸੀ ਨਿਰਧਾਰਤ ਕਰਨ ਸਬੰਧੀ ਫੈਸਲਾ ਕੀਤਾ ਜਾਵੇਗਾ ਉਸ ਨਾਲ ਪੰਜਾਬ ਸਰਕਾਰ ਦੇ ਸ਼ਰੋਮਣੀ ਪੁਰਸਕਾਰਾਂ ਦੇ ਵਕਾਰ ਵਿੱਚ ਹੋਰ ਵੀ ਵਾਧਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਜੋ ਵੀ ਨੀਤੀ ਨਿਰਧਾਰਤ ਕੀਤੀ ਜਾਵੇ ਉਹ ਪਾਰਦਰਸ਼ੀ ਹੋਣੀ ਚਾਹੀਦੀ ਹੈ ਅਤੇ ਇਸ ਦੀ ਜਾਣਕਾਰੀ ਸਮੂਹ ਮੈਂਬਰਾਂ, ਸਹਿਤਕਾਰਾਂ, ਲੇਖਕਾਂ ਅਤੇ ਸਾਹਿਤ ਵਰਗ ਨਾਲ ਜੁੜੇ ਹਰੇਕ ਵਿਅਕਤੀ ਨੂੰ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਨੀਤੀ ਲਾਗੂ ਹੋਣ ਉਪਰੰਤ ਵਿਭਾਗ ਦੀ ਆਪਣੀ ਵੈਬਸਾਈਟ ਤੇ ਵੀ ਉਪਲਬੱਧ ਕਰਵਾਈ ਜਾਵੇਗੀ ਤਾਂ ਜੋ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਸਹਿਤਕਾਰ/ਕਲਾਕਾਰ ਅਤੇ ਪੰਜਾਬੀ ਇਸ ਨੂੰ ਆਸਾਨੀ ਨਾਲ ਵੇਖ ਸਕਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਪੁਰਸਕਾਰਾਂ ਸਬੰਧੀ ਜੋ ਵੀ ਨੀਤੀ ਬਣਾਈ ਜਾਵੇਗੀ ਉਹ ਰਾਜ ਸਲਾਹਕਾਰ ਬੋਰਡ ਦੇ ਚੇਅਰਪਰਸਨ ਅਤੇ ਸਿੱਖਿਆ ਤੇ ਭਾਸ਼ਾ ਮੰਤਰੀ ਦੀ ਪ੍ਰਵਾਨਗੀ ਹਿੱਤ ਭੇਜੀ ਜਾਵੇਗੀ।
2. ਉਨ੍ਹਾਂ ਨੇ ਮੈਂਬਰਾਂ ਨੂੰ ਕਿਹਾ ਕਿ ਆਪ ਨੂੰ ਪਤਾ ਹੀ ਹੈ ਕਿ 'ਪਿਛਲੀ ਮੀਟਿੰਗ ਵਿੱਚ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਕਰਨ ਸਮੇਂ ਬਹੁਤੇ ਪੁਰਸਕਾਰ ਰਾਜ ਸਲਾਹਕਾਰ ਬੋਰਡ ਦੇ ਮੈਂਬਰਾਂ ਨੂੰ ਮਿਲ ਗਏ ਸਨ। ਇਸ ਫੈਸਲੇ ਦੇ ਵਿਰੁੱਧ ਮਾਨਯੋਗ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ ਜਿਸਦਾ ਕੇਸ ਮਾਣਯੋਗ ਹਾਈ ਕੋਰਟ ਵਿੱਚ ਪਹਿਲਾਂ ਹੀ ਚੱਲ ਰਿਹਾ ਹੈ। ....ਅਜਿਹੀ ਨੀਤੀ ਤਿਆਰ ਕੀਤੀ ਜਾਵੇ ਜੋ ਹਰ ਪੱਖੋਂ ਪਾਰਦਰਸ਼ੀ ਹੋਵੇ ਅਤੇ ਜਿਸ ਤੇ ਕਿਸੇ ਵੀ ਤਰ੍ਹਾਂ ਦਾ ਕਿੰਤੂ—ਪ੍ਰੰਤੂ ਨਾ ਹੋ ਸਕੇ।
3. ਸਮੂਹ ਮੈਂਬਰਾਂ ਦਾ ਇਹੀ ਵਿਚਾਰ ਸੀ ਕਿ ਪੰਜਾਬੀ ਅਕਾਦਮੀ ਅਤੇ ਸਾਹਿਤ ਅਕਾਦਮੀ ਵੱਲੋਂ ਦਿੱਤੇ ਜਾਂਦੇ ਪੁਰਸਕਾਰਾਂ ਲਈ ਜੋ ਨੀਤੀ ਅਪਣਾਈ ਜਾ ਰਹੀ ਹੈ ਉਹ ਆਪਣੇ ਆਪ ਵਿਚ ਬੜੀ ਪਾਰਦਰਸ਼ੀ ਅਤੇ ਸੰਪੂਰਨ ਹੈ। ਇਸ ਲਈ ਸਮੂਹ ਮੈਬਰਾਂ ਨੇ ਆਪਸੀ ਵਿਚਾਰ—ਵਟਾਂਦਰੇ ਸੁਝਾਅ ਦਿੱਤਾ ਕਿ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੂੰ ਵੀ ਪੰਜਾਬੀ ਅਕਾਦਮੀ ਅਤੇ ਸਾਹਿਤ ਅਕਾਦਮੀ ਦਿੱਲੀ ਵੱਲੋਂ ਨਿਰਧਾਰਤ ਨੀਤੀ ਅਨੁਸਾਰ ਹੀ ਕਾਰਵਾਈ ਕਰਨੀ ਚਾਹੀਦੀ ਹੈ ਕਿਉਂਕਿ ਇਹ ਨੀਤੀ ਬੜੀ ਸਰਲ ਅਤੇ ਸਪੱਸ਼ਟ ਹੈ। ਇਸ ਲਈ ਉਨ੍ਹਾਂ ਨੇ ਇਨ੍ਹਾਂ ਦੋਵੇਂ ਅਕਾਦਮੀਆਂ ਅਨੁਸਾਰ ਨਵੀਂ ਨੀਤੀ ਤਿਆਰ ਕਰਨ ਦੀ ਸਿਫਾਰਸ਼ ਕੀਤੀ।
4. ਸਾਹਿਤ ਅਕਾਦਮੀ ਅਤੇ ਪੰਜਾਬੀ ਅਕਾਦਮੀ, ਦਿੱਲੀ ਦੀ ਪਾਲਿਸੀ ਤੇ ਵਿਚਾਰ ਕਰਦਿਆਂ ਸਮੂਹ ਮੈਂਬਰਾਂ ਨੇ ਸੁਝਾਅ ਦਿੱਤਾ ਕਿ ਭਾਸ਼ਾ ਵਿਭਾਗ ਦੇ ਵੱਖ-ਵੱਖ ਪੁਰਸਕਾਰਾਂ ਲਈ ਰਾਜ ਸਲਾਹਕਾਰ ਬੋਰਡ ਦੇ ਹਰੇਕ ਮੈਂਬਰ ਨੂੰ ਆਪਣੀ ਪੱਧਰ ਤੇ ਦੋ—ਦੋ ਨਾਵਾਂ ਦੀਆਂ ਨਾਮਜ਼ਦਗੀਆਂ ਭੇਜਣ ਲਈ ਇੱਕ ਵਿਸ਼ੇਸ਼ ਮਿਤੀ ਨਿਰਧਾਰਤ ਕਰਦੇ ਹੋਏ ਵਿਭਾਗ ਵੱਲੋਂ ਲਿਖਿਆ ਜਾਵੇ। ਨਿਰਧਾਰਿਤ ਮਿਤੀ ਤੱਕ ਪ੍ਰਾਪਤ ਹੋਣ ਵਾਲੀਆਂ ਸਮੂਹ ਨਾਮਜ਼ਦਗੀਆਂ ਨੂੰ ਵੱਖ—ਵੱਖ ਪੁਰਸਕਾਰਾਂ ਦੇ ਆਧਾਰ ਤੇ ਵੱਖ ਵੱਖ

ਕਰਕੇ ਪੈਨਲ ਤਿਆਰ ਕੀਤੇ ਜਾਣ ਅਤੇ ਇਹ ਸਾਰੇ ਪੈਨਲ ਤਿਆਰ ਕਰਨ ਉਪਰੰਤ ਸਕਰੀਨਿੰਗ ਕਮੇਟੀ ਜੋ ਸ਼੍ਰੋਮਣੀ ਪੁਰਸਕਾਰਾਂ ਦਾ ਫੈਸਲਾ ਕਰਨ ਲਈ ਅੰਤਮ ਕਮੇਟੀ ਹੋਵੇਗੀ, ਨੂੰ ਇਨ੍ਹਾਂ ਵੱਖ—ਵੱਖ ਪੈਨਲਾਂ ਵਿੱਚੋਂ ਹਰੇਕ ਪੁਰਸਕਾਰ ਲਈ ਇੱਕ-ਇੱਕ ਯੋਗ ਸਾਹਿਤਕਾਰ/ਲੇਖਕ/ਕਲਾਕਾਰ ਦੀ ਚੋਣ ਕਰਨ ਲਈ ਮਾਣਯੋਗ ਸਿੱਖਿਆ ਤੇ ਭਾਸ਼ਾਵਾਂ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਬੁਲਾਈ ਜਾਵੇ। ਇਸ ਮੀਟਿੰਗ ਵਿੱਚ 14 ਸ਼੍ਰੋਮਣੀ ਪੁਰਸਕਾਰਾਂ ਲਈ ਸਬੰਧਤ ਸਾਹਿਤਕਾਰਾਂ /ਲੇਖਕਾਂ, ਕਲਾਕਾਰਾਂ ਦੀ ਚੋਣ ਕਰਨ ਉਪਰੰਤ ਇਨ੍ਹਾਂ ਦਾ ਐਲਾਨ ਜਨਤਕ ਤੋਰ ਤੇ ਕੀਤਾ ਜਾਣਾ ਚਾਹੀਦਾ ਹੈ।

5. ਸਮੂਹ ਮੈਂਬਰਾਂ ਦਾ ਇਹ ਵੀ ਵਿਚਾਰ ਸੀ ਕਿ ਵਿਭਾਗ ਵੱਲੋਂ ਨਿਰਧਾਰਤ ਕੀਤੀ ਮਿਤੀ ਉਪਰੰਤ ਪ੍ਰਾਪਤ ਹੋਣ ਵਾਲੀਆਂ ਨਾਮਜਦਗੀਆਂ ਤੋਂ ਕੋਈ ਵਿਚਾਰ ਨਹੀ ਕੀਤਾ ਜਾਣਾ ਚਾਹੀਦਾ ਨਾ ਹੀ ਬੋਰਡ ਦਾ ਕੋਈ ਮੈਂਬਰ ਆਪ ਆਪਣੀ ਨਾਂ ਦੀ ਨਾਮਜ਼ਦਗੀ ਕਿਸੇ ਪੁਰਸਕਾਰ ਲਈ ਭੇਜ ਸਕੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਬੋਰਡ ਦੇ ਕਿਸੇ ਮੈਂਬਰ ਵੱਲੋਂ ਕਿਸੇ ਹੋਰ ਮੈਂਬਰ ਦੇ ਨਾਂ ਦੀ ਸਿਫਾਰਸ਼ ਕਰ ਵੀ ਦਿੱਤੀ ਜਾਂਦੀ ਹੈ ਤਾਂ ਸਕਰੀਨਿੰਗ ਕਮੇਟੀ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਉਸ ਮੈਂਬਰ ਦਾ ਨਾ ਸਬੰਧਤ ਪੁਰਸਕਾਰ ਦੇ ਪੈਨਲ ਵਿੱਚੋਂ ਕੱਢ ਸਕੇ। ਉਨ੍ਹਾਂ ਦਾ ਇਹ ਵੀ ਵਿਚਾਰ ਸੀ ਕਿ ਰਾਜ ਸਲਾਹਕਾਰ ਬੋਰਡ ਦਾ ਮੈਬਰ ਮੌਜੂਦਾ ਸਾਲ (ਭਾਵ ਜਿਸ ਸਾਲ ਲਈ ਮੀਟਿੰਗ ਹੋ ਰਹੀ ਹੋਵੇ) ਦੇ ਕਿਸੇ ਪੁਰਸਕਾਰ ਲਈ ਨਹੀ ਚੁਣਿਆ ਜਾਣਾ ਚਾਹੀਦਾ ।ਪਰੰਤੂ ਜੇਕਰ ਬੋਰਡ ਦਾ ਕੋਈ ਮੈਂਬਰ ਆਪਣਾ ਨਾ ਵਿਭਾਗ ਦੇ ਕਿਸੇ ਪੁਰਸਕਾਰ ਦੇ ਪੈਨਲ ਵਿਚ ਸ਼ਾਮਲ ਕਰਵਾਉਣ ਦਾ ਇਛਕ ਹੋਵੇ ਤਾਂ ਉਸ ਵੱਲੋਂ ਪਹਿਲਾਂ ਬੋਰਡ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇਣਾ ਹੋਵੇਗਾ। ਉਸ ਵੱਲੋ਼ ਅਸਤੀਫਾਂ ਦੇਣ ਦੀ ਮਿਤੀ ਤੋਂ ਇੱਕ ਸਾਲ ਦੇ ਵਕਫੇ ਲਈ ਉਸ ਦਾ ਨਾਂ ਕਿਸੇ ਪੁਰਸਕਾਰ ਲਈ ਨਹੀ ਵਿਚਾਰਿਆ ਜਾਣਾ ਚਾਹੀਦਾ। ਭਾਵ ਉਸ ਦਾ ਨਾ ਅਗਲੇ ਸਾਲ ਦੇ ਪੁਰਸਕਾਰਾਂ ਲਈ ਤਿਆਰ ਕੀਤੇ ਜਾਣ ਵਾਲੇ ਪੈਨਲ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

... ਸਮੂਹ ਮੈਂਬਰਾਂ ਨੇ ਇਹ ਵੀ ਸੁਝਾਅ ਦਿੱਤਾ ਕਿ ਪੁਰਸਕਾਰ ਸਬੰਧੀ ਅੰਤਮ ਫੈਸਲਾ ਲੈਣ ਵਾਲੀ ਸਕਰੀਨਿੰਗ ਕਮੇਟੀ ਦਾ ਅਕਾਰ ਬਹੁਤ ਛੋਟਾ ਹੋਣਾ ਚਾਹੀਦਾ ਹੈ। ਭਾਵ ਇਸ ਵਿੱਚ 3 ਸਰਕਾਰੀ ਮੈਂਬਰਾਂ ਤੋਂ ਇਲਾਵਾ ਕੇਵਲ 4 ਜਾਂ 5 ਗੈਰ—ਸਰਕਾਰੀ ਮੈਂਬਰ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

...ਸਰਬ—ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਇਕ ਵਿਦਵਾਨ/ਲੇਖਕ/ਕਲਾਕਾਰ ਦਾ ਨਾਂ ਪੁਰਸਕਾਰ ਦੇ ਕੇਵਲ ਇੱਕ ਹੀ ਪੈਨਲ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਪਰੰਤੂ ਜੇਕਰ ਕਿਸੇ ਇਕ ਵਿਦਵਾਨ ਦਾ ਨਾਂ ਇਕ ਤੋਂ ਜ਼ਿਆਦਾ ਪੁਰਸਕਾਰਾਂ ਲਈ ਨਾਮਜ਼ਦ ਕੀਤਾ ਜਾਂਦਾ ਹੈ ਤਾਂ ਵਿਭਾਗ ਆਪਣੀ ਪੱਧਰ ਤੇ ਉਸ ਵਿਦਵਾਨ ਦਾ ਨਾਂ ਉਸ ਵੱਲੋਂ ਸਾਹਿਤ ਦੀ ਜਿਸ ਵਿਧਾ ਵਿੱਚ ਜ਼ਿਆਦਾ ਯੋਗਦਾਨ ਹੋਵੇਗਾ, ਵਿੱਚ ਸ਼ਾਮਲ ਕਰ ਸਕੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਵਿਭਾਗ ਵੱਲੋਂ ਕਿਸੇ ਸਮੇਂ ਕਿਸੇ ਵਿਦਵਾਨ/ਲੇਖਕ/ ਕਲਾਕਾਰ ਦਾ ਨਾਂ ਇਕ ਤੋਂ ਵੱਧ ਪੁਰਸਕਾਰਾਂ ਦੇ ਪੈਨਲ ਵਿੱਚ ਸ਼ਾਮਲ ਕਰ ਦਿੱਤਾ ਜਾਂਦਾ ਹੈ ਤਾਂ ਸਕਰੀਨਿੰਗ ਕਮੇਟੀ ਨੂੰ ਅਧਿਕਾਰ ਹੋਵੇਗਾ ਕਿ ਉਹ ਉਸ ਦਾ ਨਾ ਜਿਸ ਪੁਰਸਕਾਰ ਲਈ ਉਹ ਵਿਦਵਾਨ ਯੋਗ ਹੈ, ਦੇ ਪੈਨਲ ਵਿੱਚ ਸ਼ਾਮਲ ਕਰ ਸਕੇ।

## 22 ਜਨਵਰੀ 2010 ਨੂੰ ਸ. ਕੇ.ਬੀ.ਐਸ. ਸਿੱਧੂ, ਆਈ.ਏ.ਐਸ., ਪ੍ਰਮੁੱਖ ਸਕੱਤਰ, ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਦੀ ਕਾਰਵਾਈ ਦੇ ਸਬੰਧਤ ਅੰਸ਼

---------------------------------

ਮੀਟਿੰਗ ਵਿਚ ਹਾਜਰ ਮੈਂਬਰ ਸ.ਗੁਲਜ਼ਾਰ ਸਿੰਘ ਸੰਧੂ, ਡਾ.ਸਤਿੰਦਰ ਸਿੰਘ ਨੂਰ, ਸ.ਹਰਮੋਹਿੰਦਰ ਸਿੰਘ ਬੇਦੀ, ਜਨਾਬ ਸਰਦਾਰ ਪੰਛੀ, ਸ੍ਰੀ ਅਮਰਜੀਤ ਕੋਮਲ ਅਤੇ ਡਾਇਰੈਕਟਰ ਭਾਸ਼ਾ ਵਿਭਾਗ।

**ਕਾਰਵਾਈ**

1. ਮੀਟਿੰਗ ਦੇ ਆਰੰਭ ਵਿਚ ਚੇਅਰਪਰਸਨ ਸਾਹਿਬ ਨੇ ਮੀਟਿੰਗ ਵਿਚ ਸ਼ਾਮਲ ਹੋਏ ਮੈਂਬਰ ਸਾਹਿਬਾਨ ਨੂੰ ਜੀ ਆਇਆਂ ਕਿਹਾ ਅਤੇ ਉਨ੍ਹਾਂ ਦਾ ਇਸ ਸਰਦੀ ਵਿਚ ਮੀਟਿੰਗ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਆਸ ਪ੍ਰਗਟ ਕੀਤੀ ਕਿ ਅੱਜ ਦੀ ਮੀਟਿੰਗ ਵਿਚ ਜੋ ਵੀ ਫ਼ੈਸਲੇ ਕੀਤੇ ਜਾਣਗੇ ਉਹ ਵਿਦਵਾਨਾਂ ਦੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਦੇ ਹੋਏ ਕੇਵਲ ਤੇ ਕੇਵਲ ਮੈਰਿਟ ਦੇ ਆਧਾਰ ਤੇ ਕੀਤੇ ਜਾਣਗੇ। ਉਨ੍ਹਾਂ ਨੇ ਡਾਇਰੈਕਟਰ, ਭਾਸ਼ਾ ਵਿਭਾਗ ਨੂੰ ਕਮੇਟੀ ਦੇ ਗਠਨ ਸਬੰਧੀ ਮਨੋਰਥ ਅਤੇ ਪੁਰਸਕਾਰਾਂ ਨਾਲ ਜੁੜੇ ਕੋਰਟ ਕੇਸ ਅਤੇ ਇਸ ਸਬੰਧੀ ਹੋਏ ਫ਼ੈਸਲੇ ਬਾਰੇ ਸਮੂਹ ਮੈਂਬਰਾਂ ਨੂੰ ਜਾਣੂ ਕਰਵਾਉਣ ਅਤੇ ਮੀਟਿੰਗ ਦੀ ਅਗਲੀ ਕਾਰਵਾਈ ਸ਼ੁਰੂ ਕਰਨ ਲਈ ਕਿਹਾ।

2 'ਮੀਟਿੰਗ ਦੀ ਅਗਲੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਨੇ ਸਮੂਹ ਮੈਂਬਰਾਂ ਨੂੰ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਜੀ ਆਇਆ ਕਿਹਾ ਅਤੇ ਨਾਲ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੱਤੇ ਜਾਂਦੇ ਇਹ ਪੁਰਸਕਾਰ ਪੰਜਾਬ, ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ ਵਿੱਚ ਵੀ ਬੜੀ ਅਹਿਮੀਅਤ ਰੱਖਦੇ ਹਨ।

3 ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਸਰਕਾਰ ਵੱਲੋ਼ ਜੋ ਸਾਨੂੰ ਜਿੰਮੇਵਾਰੀ ਸੋਪੀਂ ਗਈ ਹੈ ਉਸਨੂੰ ਪੂਰੀ ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਨਿਭਾਉਂਦੇ ਹੋਏ ਜੋ ਵੀ ਪੈਨਲ ਤਿਆਰ ਕੀਤੇ ਜਾਣਗੇ ਉਹ ਸਾਹਿਤਕਾਰੇ ਕਲਾਕਾਰ ਦੀ ਸਮੂਚੀ ਸਾਹਿਤਕ ਦੇਣ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਰਿਟ ਦੇ ਆਧਾਰ ਤੇ ਤਿਆਰ ਕੀਤੇ ਜਾਣਗੇ।

੪ ਉਨ੍ਹਾਂ ਨੇ ਦੱਸਿਆ ਕਿ ਸਾਲ 2007 ਅਤੇ 2008 ਦੇ ਪੁਰਸਕਾਰਾਂ ਨੂੰ ਇਸ ਕਾਰਨ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੋਤੀ ਦਿੱਤੀ ਗਈ ਸੀ ਕਿ ਕਿਉਂਕਿ ਇਹ ਇਨਾਮ ਪ੍ਰਾਪਤ ਕਰਨ ਵਾਲਿਆਂ ਵਿੱਚ ਕੁਝ ਰਾਜ ਸਲਾਹਕਾਰ ਬੋਰਡ ਦੇ ਮੈਂਬਰ ਵੀ ਸ਼ਾਮਲ ਸਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਮਾਣਯੋਗ ਹਾਈ ਕੋਰਟ ਵੱਲੋ਼ ਸਰਕਾਰ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਸਕਰੀਨਿੰਗ ਕਮੇਟੀ ਅਤੇ ਰਾਜ ਸਰਕਾਰ ਬੋਰਡ ਵਿੱਚ ਅਜਿਹੇ ਮੈਂਬਰਾਂ ਨੂੰ ਨਾਮਜ਼ਦ ਕੀਤਾ ਜਾਵੇ ਜਿਨ੍ਹਾਂ ਦਾ ਆਪਣਾ ਹਿੱਤ ਪੁਰਸਕਾਰਾਂ ਦੇ ਆੜੇ ਨਾ ਆਵੇ। ਇਸੇ ਆਧਾਰ ਤੇ ਸਰਕਾਰ ਵੱਲੋਂ ਸਕਰੀਨਿੰਗ ਕਮੇਟੀ ਦਾ ਗਠਨ ਕੀਤਾ ਗਿਆ ਹੈ ਅਤੇ ਵਿਭਾਗ ਨੂੰ ਹਦਾਇਤ ਕੀਤੀ ਗਈ ਸੀ ਕਿ ਸਕਰੀਨਿੰਗ ਕਮੇਟੀ ਅਤੇ ਰਾਜ ਸਲਾਹਕਾਰ ਬੋਰਡ ਦੇ ਮੈਂਬਰ ਸਾਹਿਬਾਨ ਨੂੰ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸੱਦਾ ਦੇਣ ਸਮੇਂ ਇਸ ਗੱਲ ਤੇ ਜਾਣੂ ਕਰਵਾ ਦਿੱਤਾ ਜਾਵੇ ਕਿ ਜੇਕਰ ਉਨ੍ਹਾਂ ਦਾ ਜਾਂ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਦਾ ਨਾਮ ਏਜੰਡੇ ਵਿੱਚ ਕਿਸੇ ਵੀ ਪੁਰਸਕਾਰ ਅਧੀਨ ਸ਼ਾਮਲ ਹੋਵੇ ਤਾਂ ਇਸ ਸਬੰਧੀ ਵਿਭਾਗ ਨੂੰ ਸੂਚਿਤ ਕਰਨ ਦੀ ਖੇਚਲ ਕੀਤੀ ਜਾਵੇ ਕਿ ਆਪ ਆਪਣਾ ਜਾਂ ਆਪਣੇ ਕਿਸੇ ਰਿਸ਼ਤੇਦਾਰ ਦਾ ਨਾਮ ਵਿਚਾਰਨ ਦੇ ਚਾਹਵਾਨ ਹੋ ਅਤੇ ਜੇਕਰ ਆਪ ਚਾਹੁੰਦੇ ਹੋ ਕਿ ਇਹ ਨਾਮ ਕਿਸੇ ਵੀ ਸ਼੍ਰੋਮਣੀ ਪੁਰਸਕਾਰ ਲਈ ਵਿਚਾਰਿਆ ਜਾਵੇ ਤਾਂ ਮਾਣਯੋਗ ਹਾਈ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਆਪ ਨੂੰ ਸਕਰੀਨਿੰਗ ਕਮੇਟੀ ਰਾਜ ਸਰਕਾਰ ਬੋਰਡ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇਣਾ ਹੋਵੇਗਾ। ਉਨ੍ਹਾਂ ਨੂੰ ਇਹ ਵੀ ਸੂਚਿਤ ਕੀਤਾ ਜਾਵੇ ਕਿ ਇਸ ਸਬੰਧੀ ਆਪਣੇ ਫ਼ੈਸਲੇ ਬਾਰੇ ਸਕਰੀਨਿੰਗ ਕਮੇਟੀ/ਰਾਜ ਸਲਾਹਕਾਰ ਬੋਰਡ ਦੀ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ-ਪਹਿਲਾਂ ਜਾਣੂ ਕਰਵਾਉਣ ਦੀ ਖੇਚਲ ਕੀਤੀ ਜਾਵੇ।

5. ਇਸੇ ਆਧਾਰ ਤੇ ਸਰਕਾਰ ਵੱਲੋਂ ਸਕਰੀਨਿੰਗ ਕਮੇਟੀ ਦਾ ਗਠਨ ਕੀਤਾ ਗਿਆ ਹੈ ਅਤੇ ਵਿਭਾਗ ਨੂੰ ਹਦਾਇਤ ਕੀਤੀ ਗਈ ਸੀ ਕਿ ਸਕਰੀਨਿੰਗ ਕਮੇਟੀ ਅਤੇ 'ਰਾਜ ਸਲਾਹਕਾਰ ਬੋਰਡ ਦੇ ਮੈਂਬਰ ਸਾਹਿਬਾਨ ਨੂੰ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸੱਦਾ ਦੇਣ ਸਮੇਂ ਇਸ ਗੱਲ ਤੋਂ ਜਾਣੂ ਕਰਵਾ ਦਿੱਤਾ ਜਾਵੇ ਕਿ ਜੇਕਰ ਉਨ੍ਹਾਂ ਦਾ ਜਾਂ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਦਾ ਨਾਮ ਏਜੰਡੇ ਵਿੱਚ ਕਿਸੇ ਵੀ ਪੁਰਸਕਾਰ ਅਧੀਨ ਸ਼ਾਮਲ ਹੋਵੇ, ਤਾਂ ਇਸ ਸਬੰਧੀ ਵਿਭਾਗ ਨੂੰ ਸੂਚਿਤ ਕਰਨ ਦੀ ਖੇਚਲ ਕੀਤੀ ਜਾਵੇ ਕਿ ਕੀ ਆਪ ਆਪਣਾ ਜਾਂ ਆਪਣੇ ਕਿਸੇ ਰਿਬਤੇਦਾਰ ਦਾ ਨਾਮ ਪੁਰਸਕਾਰ ਲਈ ਵਿਚਾਰਣ ਦੇ ਚਾਹਵਾਨ ਹੋ ਅਤੇ ਜੇਕਰ ਆਪ ਚਾਹੁੰਦੇ ਹੋ ਕਿ ਇਹ ਨਾਮ ਕਿਸੇ ਵੀ ਸ਼ਰੋਮਣੀ ਪੁਰਸਕਾਰ ਲਈ ਵਿਚਾਰਿਆ ਜਾਵੇ ਤਾਂ ਮਾਣਯੋਗ ਹਾਈ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਆਪ ਨੂੰ ਸਕਰੀਨਿੰਗ ਕਮੇਟੀ/ਰਾਜ ਸਲਾਹਕਾਰ ਬੋਰਡ ਦੀ **ਮੈਂਬਰਸ਼ਿਪ ਤੋਂ ਅਸਤੀਫਾ ਦੇਣਾ** ਹੋਵੇਗਾ।'

6. ਇਸ ਸਬੰਧੀ ਸ. ਗੁਲਜ਼ਾਰ ਸਿੰਘ ਸੰਧੂ ਨੇ ਕਿਹਾ ਕਿ ਉਨ੍ਹਾਂ ਦਾ ਵਿਚਾਰ ਹੈ ਅਤੇ ਉਨ੍ਹਾਂ ਨੇ ਇਸ ਸਬੰਧੀ ਰਾਜ ਸਲਾਹਕਾਰ ਬੋਰਡ ਦੀ ਪਿਛਲੀ ਮੀਟਿੰਗ ਵਿਚ ਵੀ ਇਹ ਕਿਹਾ ਸੀ ਕਿ ਮੌਕੇ ਤੇ ਜਾਂ ਮੀਟਿੰਗ ਤੋਂ ਪਹਿਲਾਂ ਅਸਤੀਫਾ ਦੇਣ ਵਾਲੇ ਕਿਸੇ ਵੀ ਮੈਂਬਰ ਦਾ ਨਾਂ ਮੌਜੂਦਾ ਪੁਰਸਕਾਰਾਂ ਲਈ ਨਹੀਂ ਵਿਚਾਰਿਆ ਜਾਣਾ ਚਾਹੀਦਾ। ਉਨ੍ਹਾਂ ਦੇ ਇਸ ਕਥਨ ਦੀ ਹਾਮੀ ਭਰਦਿਆਂ ਸਮੂਹ ਮੈਂਬਰਾਂ ਨੇ ਕਿਹਾ ਕਿ ਜੇਕਰ ਕੋਈ ਮੈਂਬਰ ਮੀਟਿੰਗ ਤੋਂ ਪਹਿਲਾਂ ਜਾਂ ਮੌਕੇ ਤੇ ਅਸਤੀਫਾ ਦਿੰਦਾ ਹੈ ਤਾਂ ਉਸ ਦਾ ਨਾਮ ਪੁਰਸਕਾਰ ਲਈ ਅਸਤੀਫਾ ਦੇਣ ਉਪਰੰਤ ਆਉਣ ਵਾਲੇ **ਅਗਲੇ ਸਾਲ ਦੇ ਪੁਰਸਕਾਰਾਂ ਲਈ ਵਿਚਾਰਿਆ ਜਾ**ਣਾ ਹੀ ਉਚਿਤ ਹੋਵੇਗਾ ਨਾ ਕਿ ਮੌਜੂਦਾ ਪੁਰਸਕਾਰਾਂ ਲਈ। ਉਨ੍ਹਾਂ ਦਾ ਇਹ ਵੀ ਮੰਨਣਾ ਸੀ ਕਿ ਕਿਉਂਕਿ ਇੱਕ ਵਾਰ ਮੈਂਬਰ ਬਣਨ ਉਪਰੰਤ ਉਸ ਮੈਂਬਰ ਦਾ ਆਪਣਾ ਪ੍ਰਭਾਵ ਕਾਇਮ ਹੋ ਜਾਂਦਾ ਹੈ। ਇਸ ਲਈ ਸਰਬ–ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਅਸਫੀਫਾ ਦੇਣ ਵਾਲੇ ਕਿਸੇ ਵੀ ਮੈਂਬਰ ਦਾ ਮੌਜੂਦਾ ਪੁਰਸਕਾਰ ਲਈ ਨਾਮ ਨਹੀਂ ਵਿਚਾਰਿਆ ਜਾਵੇਗਾ।

## 29 ਸਤੰਬਰ2015 ਨੂੰ ਸ.ਸੁਰਜੀਤ ਸਿੰਘ ਰੱਖੜਾ ਚੇਅਰਪਰਸਨ ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਈ ਰਾਜ ਸਲਾਹਕਾਰ ਬੋਰਡ ਦੀ ਇਕੱਤਰਤਾ ਦੀ ਕਾਰਵਾਈ ਵਿਚੋਂ ਸਬੰਧਤ ਅੰਸ਼

---

ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਕਰਨ ਅਤੇ ਵਿਕਾਸ ਸਕੀਮਾਂ ਸਬੰਧੀ ਫ਼ੈਸਲਾ ਕਰਨ ਲਈ ਗਠਿਤ ਕੀਤੇ ਰਾਜ ਸਲਾਹਕਾਰ ਬੋਰਡ ਦੀ ਇਕੱਤਰਤਾ 29 ਸਤੰਬਰ2015 ਨੂੰ ਸ.ਸੁਰਜੀਤ ਸਿੰਘ ਰੱਖੜਾ ਚੇਅਰਪਰਸਨ ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਈ।

**ਇਕੱਤਰਤਾ ਦੀ ਕਾਰਵਾਈ ਵਿਚੋਂ ਸਬੰਧਤ ਅੰਸ਼**

1 'ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਪ੍ਰਕ੍ਰਿਆ ਸ਼ੁਰੂ ਕਰਨ ਤੋਂ ਪਹਿਲਾਂ ਸਮੂਹ ਮੈਂਬਰਾਂ ਨੇ ਕਿਹਾ ਕਿ ਵਿਭਾਗ ਵੱਲੋਂ ਪ੍ਰਾਪਤ ਹੋਏ ਏਜੰਡੇ ਵਿੱਚ ਵੱਖ-ਵੱਖ ਸ਼੍ਰੋਮਣੀ ਪੁਰਸਕਾਰਾਂ ਅਧੀਨ ਨਾਂਵਾਂ ਦੀ ਸੂਚੀਆਂ ਅਤੇ ਸਕਰੀਨਿੰਗ ਕਮੇਟੀ ਵੱਲੋਂ ਤਿਆਰ ਕੀਤੇ ਪੈਨਲਾਂ ਵਿੱਚ ਰਾਜ ਸਲਾਹਕਾਰ ਬੋਰਡ ਦੇ ਮੌਜੂਦਾ ਮੈਂਬਰਾਂ ਜਾਂ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰਾਂ ਦੇ ਨਾਂ ਵੀ ਸ਼ਾਮਲ ਹਨ ਪ੍ਰੰਤੂ ਵਿਭਾਗ ਵੱਲੋਂ ਭੇਜੇ ਪੱਤਰਾਂ ਵਿੱਚ ਲਿਖਿਆ ਗਿਆ ਹੈ ਕਿ ਜੇਕਰ ਕਿਸੇ ਮੌਜੂਦਾ ਮੈਂਬਰ ਜਾਂ ਉਸਦੇ ਰਿਸ਼ਤੇਦਾਰ ਦਾ ਨਾਂ ਕਿਸੇ ਵੀ ਪੁਰਸਕਾਰ ਅਧੀਨ ਸੂਚੀ ਵਿੱਚ ਸ਼ਾਮਲ ਹੋਵੇ ਤਾਂ ਬੋਰਡ ਦੇ ਮੈਂਬਰ ਨੂੰ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣਾ ਹੋਵੇਗਾ ਅਤੇ ਇਹ ਵੀ ਲਿਖਿਆ ਗਿਆ ਹੈ ਕਿ ਅਸਤੀਫਾ ਦੇਣ ਦੀ ਸੂਰਤ ਵਿੱਚ ਉਸ ਮੈਂਬਰ ਜਾਂ ਰਿਸ਼ਤੇਦਾਰ ਦਾ ਨਾਂ ਇਹਨ੍ਹਾਂ ਪੁਰਸਕਾਰਾਂ ਲਈ ਨਹੀਂ ਵਿਚਾਰਿਆ ਜਾਵੇਗਾ। ਉਨ੍ਹਾਂ ਨੇ ਇਸ ਗੱਲ ਤੇ ਇਤਰਾਜ ਕਰਦਿਆਂ ਕਿਹਾ ਕਿ ਬੋਰਡ ਦੇ ਮੈਂਬਰਾਂ ਦਾ ਨਾਂ ਵੀ ਪੁਰਸਕਾਰ ਲਈ ਵਿਚਾਰਿਆ ਜਾਣਾ ਚਾਹੀਦਾ ਹੈ ਅਤੇ ਜੇਕਰ ਉਹ ਪੁਰਸਕਾਰ ਦਾ ਹੱਕਦਾਰ ਹੈ ਤਾਂ ਚੋਣ ਕੀਤੀ ਜਾਣੀ ਚਾਹੀਦੀ ਹੈ।'

2 'ਇਸ ਸਬੰਧੀ ਬੋਰਡ ਦੇ ਮੈਂਬਰਾਂ ਨੂੰ ਜਾਣਕਾਰੀ ਹਿੱਤ ਦੱਸਿਆ ਗਿਆ ਕਿ ਸਾਲ 20072008 ਦੇ ਪੁਰਸਕਾਰਾਂ ਦੀ ਚੋਣ ਸਮੇਂ ਬੋਰਡ ਦੇ ਬਹੁਤੇ ਮੈਂਬਰਾਂ ਦੇ ਨਾਂ ਵੱਖ—ਵੱਖ ਪੁਰਸਕਾਰਾਂ ਲਈ ਚੁਣੇ ਜਾਣ ਕਾਰਨ ਸਰਕਾਰੇਵਿਭਾਗ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੇਸ ਦਾ ਸਾਹਮਣਾ ਕਰਨਾ ਪਿਆ ਸੀ। ਇਸ ਕੇਸ ਵਿੱਚ ਮਾਣਯੋਗ ਹਾਈਕੋਰਟ ਵੱਲੋਂ ਫੈਸਲਾ ਕੀਤਾ ਗਿਆ ਸੀ ਕਿ ਪੁਰਸਕਾਰਾਂ ਲਈ ਅਜਿਹੀ ਨੀਤੀ ਅਪਣਾਈ ਜਾਵੇ ਜਿਸ ਵਿੱਚ ਬੋਰਡ ਦੇ ਮੈਂਬਰਾਂ ਦਾ ਹਿੱਤ ਪੁਰਸਕਾਰਾਂ ਦੇ ਆੜੇ ਨਾ ਆਵੇ।ਮਾਣਯੋਗ ਹਾਈਕੋਰਟ ਦੀ ਮੰਗ ਅਨੁਸਾਰ ਸਰਕਾਰ ਵੱਲੋਂ ਹਲਫੀਆਂ ਬਿਆਨ ਦਿੱਤਾ ਗਿਆ ਸੀ ਕਿ ਸਾਲ 2009 ਤੋਂ ਵਿਭਾਗ ਵੱਲੋਂ ਅਜਿਹੀ ਨੀਤੀ ਅਪਣਾਈ ਜਾਵੇਗੀ ਕਿ ਬੋਰਡ ਦੇ ਮੌਜੂਦਾ ਮੈਂਬਰਾਂ ਦੇ ਹਿੱਤ ਪੁਰਸਕਾਰਾਂ ਦੇ ਆੜੇ ਨਾ ਆਉਣਗੇ। ਇਸੇ ਆਧਾਰ ਤੇ ਪਿਛਲੇ ਰਾਜ ਸਲਾਹਕਾਰ ਬੋਰਡ ਵੱਲੋਂ ਇਹ ਫੈਸਲਾ ਕੀਤਾ ਗਿਆ ਸੀ ਕਿ ਬੋਰਡ ਦੇ ਮੌਜੂਦਾ ਮੈਂਬਰ ਜੇਕਰ ਆਪਣਾ ਪੁਰਸਕਾਰ ਲੈਣ ਦੇ ਇੱਛੁਕ ਹਨ ਤਾਂ ਉਨ੍ਹਾਂ ਨੂੰ ਬੋਰਡ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇਣਾ ਪਵੇਗਾ ਤੇ ਅਸਤੀਫਾ ਦੇਣ ਦੀ ਸੂਰਤ ਵਿੱਚ ਵੀ ਉਨ੍ਹਾਂ ਦਾ ਨਾਂ ਦੋ ਸਾਲ ਲਈ ਨਹੀਂ ਵਿਚਾਰਿਆ ਜਾਵੇਗਾ। ਰਾਜ ਸਲਾਹਕਾਰ ਦੇ ਕੁਝ ਮੈਂਬਰਾਂ ਨੇ ਕਿਹਾ ਇਸ ਸਬੰਧੀ ਮੁੜ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਪੰਰਤੂ ਬਹੁਤੇ ਮੈਂਬਰਾਂ ਦਾ ਵਿਚਾਰ ਸੀ ਕਿ ਜੇਕਰ ਮੌਜੂਦਾ ਬੋਰਡ ਪਹਿਲੇ ਬੋਰਡ ਦੇ ਫੈਸਲੇ ਨੂੰ ਬਦਲਣ ਤੇ ਵਿਚਾਰ ਕਰਦਾ ਹੈ ਤਾਂ ਅਜਿਹਾ ਸੰਭਵ ਹੋਵੇਗਾ ਕਿ ਇਸ ਬੋਰਡ ਦੇ ਫੈਸਲਿਆ ਨੂੰ ਆਉਣ ਵਾਲਾ ਬੋਰਡ ਬਦਲ ਦੇਵੇ।'

3 'ਇਸ ਗੱਲ ਤੇ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਹਾਲ ਦੀ ਘੜੀ ਪਹਿਲਾਂ ਵਾਲੀ ਨੀਤੀ ਅਨੁਸਾਰ ਹੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਜੇਕਰ ਉਕਤ ਫੈਸਲੇ ਵਿੱਚ ਕੋਈ ਬਦਲਾਵ ਕੀਤਾ ਜਾਣਾ ਹੈ ਤਾਂ ਉਸ ਸਬੰਧੀ ਬੋਰਡ ਦੀ ਵੱਖਰੀ ਮੀਟਿੰਗ ਬੁਲਾ ਲੈਣੀ ਚਾਹੀਦੀ ਹੈ। ਮਾਣਯੋਗ ਚੇਅਰਪਰਸਨ ਜੀ ਨੇ ਸਮੂਹ ਮੈਂਬਰਾਂ ਦੀਆਂ ਭਾਵਨਾਵਾਂ

ਦਾ ਧਿਆਨ ਰੱਖਦਿਆਂ ਕਿਹਾ ਕਿ ਇਸ ਬਾਰੇ ਅਤੇ ਅਜਿਹੇ ਹੋਰ ਮੁੱਦਿਆਂ ਸਬੰਧੀ ਜਲਦੀ ਹੀ ਬੋਰਡ ਮੀਟਿੰਗ ਬੁਲਾ ਕੇ ਉਚਿਤ ਫੈਸਲਾ ਕੀਤਾ ਜਾਵੇਗਾ।'

## ਵਿਆਖਿਆ ਪੱਤਰ

**ਮੱਦ ਨੰਬਰ 1 ਪੰਜਾਬੀ ਸਾਹਿਤ ਰਤਨ ਪੁਰਸਕਾਰ:**

ਪੰਜਾਬ ਸਰਕਾਰ ਵੱਲੋਂ ਹਰ ਸਾਲ ਇੱਕ "ਪੰਜਾਬੀ ਸਾਹਿਤ ਰਤਨ ਪੁਰਸਕਾਰ" ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਪ੍ਰਦਾਨ ਕਰਨ ਲਈ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਹੈ ਕਿ :-

1) ਜਿਹੜਾ ਸਾਹਿਤਕਾਰ ਪਿਛਲੇ ਕਿਸੇ ਸਾਲ ਕੋਈ ਹੋਰ ਸ਼੍ਰੋਮਣੀ ਪੁਰਸਕਾਰ ਪ੍ਰਾਪਤ ਕਰ ਚੁੱਕਾ ਹੈ, ਉਹ ਵੀ ਇਹ ਪੁਰਸਕਾਰ ਲੈਣ ਦਾ ਹੱਕਦਾਰ ਹੋਵੇਗਾ ਪਰ ਜਿਹੜਾ ਸਾਹਿਤਕਾਰ ਪਹਿਲਾਂ ਸਾਹਿਤ ਸ਼੍ਰੋਮਣੀ ਪੁਰਸਕਾਰ ਅਤੇ ਪੰਜਾਬੀ ਸਾਹਿਤ ਰਤਨ ਪੁਰਸਕਾਰ ਨਾਮ ਅਧੀਨ ਪੁਰਸਕਾਰ ਪ੍ਰਾਪਤ ਕਰ ਚੁੱਕਾ ਹੋਵੇ, ਉਹ ਵਿਭਾਗ ਵੱਲੋਂ ਕੋਈ ਹੋਰ ਸ਼੍ਰੋਮਣੀ ਪੁਰਸਕਾਰ ਲੈਣ ਦਾ ਹੱਕਦਾਰ ਨਹੀਂ ਹੋਵੇਗਾ।
2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਸਬੰਧਤ ਵਿਦਵਾਨ ਦੀ ਸਮੁੱਚੀ ਸਾਹਿਤਕ ਦੇਣ ਭਾਵ ਰਚਨਾਤਮਕ ਖੋਜ, ਆਲੋਚਨਾ, ਸੰਪਾਦਨ, ਕੋਸ਼ਕਾਰੀ, ਟੀਕਾਕਾਰੀ ਆਦ ਵਿੱਚੋਂ ਕਿਸੇ ਇੱਕ ਜਾਂ ਵੱਧ ਵਿਸ਼ਿਆਂ ਵਿੱਚ ਯੋਗਦਾਨ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।
3) ਇਹ ਵਿਦਵਾਨ ਸੰਸਾਰ ਦੇ ਕਿਸੇ ਵੀ ਖਿੱਤੇ ਵਿੱਚ ਰਹਿੰਦਾ ਹੋਵੇ। ਜੇ ਕਰ ਕਿਸੇ ਸਾਲ ਕਿਸੇ ਸਾਹਿਤਕਾਰ ਨੂੰ ਇਸ ਪੁਰਸਕਾਰ ਲਈ ਹੱਕਦਾਰ ਨਾ ਸਮਝਿਆ ਜਾਵੇ ਤਾਂ ਉਸ ਸਾਲ ਇਹ ਪੁਰਸਕਾਰ ਛੱਡਿਆ ਵੀ ਜਾ ਸਕਦਾ ਹੈ।
4) ਇਹ ਫੈਸਲਾ ਵੀ ਕੀਤਾ ਗਿਆ ਸੀ ਕਿ ਇਸ ਪੁਰਸਕਾਰ ਨੂੰ ਕਦੇ ਵੀ ਬ੍ਰੈਕਟਿਡ ਨਾ ਕੀਤਾ ਜਾਵੇ।

**ਮੱਦ ਨੰਬਰ 2 ਸ਼੍ਰੋਮਣੀ ਪੰਜਾਬੀ ਸਾਹਿਤਕਾਰ ਦੀ ਚੋਣ:**

ਹਰ ਸਾਲ ਪੰਜਾਬੀ ਦੇ ਇੱਕ ਸਾਹਿਤਕਾਰ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ। ਇਸ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਰੋਪਾ, ਮੈਡਲ ਅਤੇ ਇੱਕ ਪਲੇਕ ਭੇਟਾਂ ਕੀਤੇ ਜਾਣਗੇ। ਇਸ ਪੁਰਸਕਾਰ ਲਈ ਜਰੂਰੀ ਹੈ ਕਿ :-

1) ਸ਼੍ਰੋਮਣੀ ਪੰਜਾਬੀ ਪੁਰਸਕਾਰ ਲਈ ਪੰਜਾਬ ਦਾ ਵਾਸੀ ਹੋਣਾ ਜਰੂਰੀ ਹੈ।
2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਦਾਵਾਂ ਵਿੱਚ ਸਮੂਚੀ ਸਾਹਿਤਕ ਦੇਣ ਨੂੰ ਧਿਆਨ ਵਿੱਚ ਰਖਿਆ ਜਾਣਾ ਹੈ।

**ਮੱਦ ਨੰ:3 ਸ਼੍ਰੋਮਣੀ ਹਿੰਦੀ ਸਾਹਿਤਕਾਰ ਦੀ ਚੋਣ:**

ਹਰ ਸਾਲ ਹਿੰਦੀ ਦੇ ਇੱਕ ਸਾਹਿਤਕਾਰ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਮੈਡਲ ਅਤੇ ਪਲੇਕ ਭੇਟਾ ਕੀਤੇ ਜਾਣਗੇ। ਪੁਰਸਕਾਰ ਪ੍ਰਾਪਤ ਕਰਨ ਵਾਲੇ ਸਾਹਿਤਕਾਰ ਲਈ ਇਹ ਜ਼ਰੂਰੀ ਹੈ ਕਿ:

1) ਸਾਹਿਤਕਾਰ ਪੰਜਾਬ ਦਾ ਜੰਮਪਲ ਹੋਵੇ ਜਾਂ ਇੱਥੋਂ ਦਾ ਅਧਿਵਾਸੀ ਹੋਵੇ ਪਰ ਜਿਸ ਸਾਹਿਤਕਾਰ ਨੂੰ ਵੀ ਪੁਰਸਕਾਰ ਦਿੱਤਾ ਜਾ ਰਿਹਾ ਹੋਵੇ ਉਹ ਜੇਕਰ ਪੰਜਾਬ ਦੇ ਅਧਿਵਾਸੀ ਹੋਣ ਕਾਰਣ ਇਸ ਪੁਰਸਕਾਰ ਤੇ ਹੱਕ ਰੱਖਦਾ ਹੋਵੇ ਤਾਂ

ਉਸ ਦੇ ਪੰਜਾਬ ਵਿਚ ਅਧਿਵਾਸ ਦਾ ਸਮਾਂ ਘੱਟੋ—ਘੱਟ 10 ਸਾਲ ਦਾ ਜ਼ਰੂਰ ਹੋਵੇ ਅਤੇ ਉਹ ਇਸ ਸਮੇਂ ਪੰਜਾਬ ਵਿਚ ਰਹਿ ਰਿਹਾ ਹੋਵੇ।

2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਿਆ ਜਾਣਾ ਹੈ।

**ਮੱਦ ਨੰ:4 ਸ਼੍ਰੋਮਣੀ ਉਰਦੂ ਸਾਹਿਤਕਾਰ ਦੀ ਚੋਣ:**

ਹਰ ਸਾਲ ਉਰਦੂ ਦੇ ਇੱਕ ਸਾਹਿਤਕਾਰ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸ ਪੁਰਸਕਾਰ ਲਈ ਪਾਤਰ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਮੈਡਲ ਅਤੇ ਪਲੇਕ ਭੇਟਾ ਕੀਤੇ ਜਾਣਗੇ। ਪੁਰਸਕਾਰ ਚੁਣੇ ਗਏ ਕਰਨ ਵਾਲੇ ਸਾਹਿਤਕਾਰ ਲਈ ਇਹ ਜ਼ਰੂਰੀ ਹੈ ਕਿ:

1) ਸਾਹਿਤਕਾਰ ਪੰਜਾਬ ਦਾ ਜੰਮਪਲ ਹੋਵੇ ਜਾਂ ਇੱਥੋਂ ਦਾ ਅਧਿਵਾਸੀ ਹੋਵੇ ਪਰ ਜਿਸ ਸਾਹਿਤਕਾਰ ਨੂੰ ਵੀ ਪੁਰਸਕਾਰ ਦਿੱਤਾ ਜਾ ਰਿਹਾ ਹੋਵੇ ਉਹ ਜੇਕਰ ਪੰਜਾਬ ਦੇ ਅਧਿਵਾਸੀ ਹੋਣ ਕਾਰਣ ਇਸ ਪੁਰਸਕਾਰ ਤੇ ਹੱਕ ਰੱਖਦਾ ਹੋਵੇ ਤਾਂ ਉਸ ਦੇ ਪੰਜਾਬ ਵਿਚ ਅਧਿਵਾਸ ਦਾ ਸਮਾਂ ਘੱਟੋ—ਘੱਟ 10 ਸਾਲ ਦਾ ਜ਼ਰੂਰ ਹੋਵੇ ਅਤੇ ਉਹ ਇਸ ਸਮੇਂ ਪੰਜਾਬ ਵਿਚ ਰਹਿ ਰਿਹਾ ਹੋਵੇ।

2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।

**ਮੱਦ ਨੰ:5 ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਦੀ ਚੋਣ:**

ਹਰ ਸਾਲ ਸੰਸਕ੍ਰਿਤ ਦੇ ਇੱਕ ਸਾਹਿਤਕਾਰ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਮੈਡਲ ਅਤੇ ਪਲੇਕ ਭੇਟਾ ਕੀਤੇ ਜਾਣਗੇ। ਪੁਰਸਕਾਰ ਪ੍ਰਾਪਤ ਕਰਨ ਵਾਲੇ ਸਾਹਿਤਕਾਰ ਲਈ ਇਹ ਜ਼ਰੂਰੀ ਹੈ ਕਿ:

1) ਸਾਹਿਤਕਾਰ ਪੰਜਾਬ ਦਾ ਜੰਮਪਲ ਹੋਵੇ ਜਾਂ ਇੱਥੋਂ ਦਾ ਅਧਿਵਾਸੀ ਹੋਵੇ ਪਰ ਜਿਸ ਸਾਹਿਤਕਾਰ ਨੂੰ ਵੀ ਪੁਰਸਕਾਰ ਦਿੱਤਾ ਜਾ ਰਿਹਾ ਹੋਵੇ ਉਹ ਜੇਕਰ ਪੰਜਾਬ ਦੇ ਅਧਿਵਾਸੀ ਹੋਣ ਕਾਰਣ ਇਸ ਪੁਰਸਕਾਰ ਤੇ ਹੱਕ ਰੱਖਦਾ ਹੋਵੇ ਤਾਂ ਉਸ ਦੇ ਪੰਜਾਬ ਵਿਚ ਅਧਿਵਾਸ ਦਾ ਸਮਾਂ ਘੱਟੋ ਘੱਟ 10 ਸਾਲ ਦਾ ਜ਼ਰੂਰ ਹੋਵੇ ਅਤੇ ਉਹ ਇਸ ਸਮੇਂ ਪੰਜਾਬ ਵਿਚ ਰਹਿ ਰਿਹਾ ਹੋਵੇ।

ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।

**ਮੱਦ ਨੰਬਰ 6 ਸ਼੍ਰੋਮਣੀ ਪੰਜਾਬੀ ਕਵੀ ਦੀ ਚੋਣ:**

ਇਹ ਪੁਰਸਕਾਰ ਪੰਜਾਬੀ ਵਿੱਚ ਲਿਖਣ ਵਾਲੇ ਸੰਸਾਰ ਵਿੱਚ ਕਿਸੇ ਵੀ ਥਾਂ ਰਹਿਣ ਵਾਲੇ ਨਾਮਵਰ ਪੰਜਾਬੀ ਕਵੀ ਨੂੰ ਦਿੱਤਾ ਜਾ ਸਕਦਾ ਹੈ। ਇਹ ਜਰੂਰੀ ਨਹੀਂ ਹੈ ਕਿ :-

1) ਸਾਹਿਤਕਾਰ ਪੰਜਾਬ ਦਾ ਜੰਮਪੱਲ ਹੋਵੇ ਜਾਂ ਪੰਜਾਬ ਵਿੱਚ ਰਹਿੰਦਾ ਹੋਵੇ।

2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਧਾਵਾਂ ਵਿੱਚ ਸਮੁੱਚੀ ਸਾਹਿਤੱਕ ਦੇਣ ਨੂੰ ਧਿਆਨ ਵਿੱਚ ਰੱਖਣ ਦਾ ਫੈਸਲਾ ਕੀਤਾ ਗਿਆ ਸੀ।

ਇਸ ਪੁਰਸਕਾਰ ਲਈ ਚੁਣੇ ਗਏ ਕਵੀ 5.00 ਲੱਖ ਰੁਪਏ ਦੀ ਥੈਲੀ, ਸਰੋਪਾ, ਮੈਡਲ ਅਤੇ ਪਲੇਕ ਭੇਟਾਂ ਕੀਤੇ ਜਾਣਗੇ।

**ਮੱਦ ਨੰ:7 ਸ਼੍ਰੋਮਣੀ ਪੰਜਾਬੀ ਆਲੋਚਕ/ਖੋਜ ਸਾਹਿਤਕਾਰ ਪੁਰਸਕਾਰ ਦੀ ਚੋਣ:**

ਸਾਲ 2011 ਦੇ ਪੁਰਸਕਾਰਾਂ ਸਮੇਂ ਆਲੋਚਨਾ ਦੇ ਖੇਤਰ ਵਿਚ ਕਾਰਜ ਕਰਨ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਗਿਆਨ ਸਾਹਿਤਕਾਰ ਪੁਰਸਕਾਰ ਵਰਗ ਅਧੀਨ ਸ਼ਾਮਲ ਕੀਤਾ ਹੋਇਆ ਸੀ ਜਿਸ ਅਧੀਨ ਇੱਕ ਸਾਲ ਪੰਜਾਬੀ ਗਿਆਨ ਸਾਹਿਤਕਾਰ ਅਤੇ ਇੱਕ ਸਾਲ ਪੰਜਾਬੀ ਆਲੋਚਕ ਨੂੰ ਸਨਮਾਨਿਤ ਕੀਤਾ ਜਾਂਦਾ ਸੀ। ਪੁਰਸਕਾਰਾਂ ਲਈ ਨੀਤੀ ਨਿਰਧਾਰਣ ਸਬ-ਕਮੇਟੀ ਦੀ ਮਿਤੀ 09-07-2015 ਨੂੰ ਹੋਈ ਇਕੱਤਰਤਾ ਵਿਚ **'ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ/ਆਲੋਚਕ'** ਸਾਂਝੇ ਪੁਰਸਕਾਰ ਨੂੰ ਵੱਖਰਾ-ਵੱਖਰਾ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਇਸ ਫ਼ੈਸਲੇ ਅਨੁਸਾਰ ਸ਼੍ਰੋਮਣੀ ਪੰਜਾਬੀ ਆਲੋਚਕ/ਖੋਜ ਸਾਹਿਤਕਾਰ ਲਈ ਵੱਖਰਾ ਪੁਰਸਕਾਰ ਸਥਾਪਿਤ ਕਰ ਦਿੱਤਾ ਗਿਆ ਹੈ। ਪੰਜਾਬੀ ਭਾਸ਼ਾ ਤੇ ਸਾਹਿਤ ਦੇ ਸਰਬਪੱਖੀ ਵਿਕਾਸ ਨੂੰ ਮੁੱਖ ਰੱਖਦੇ ਹੋਏ ਇਹ ਪੁਰਸਕਾਰ ਹਰ ਸਾਲ ਆਲੋਚਨਾ ਅਤੇ ਖੋਜ ਦੇ ਖੇਤਰ ਵਿਚ ਪੰਜਾਬੀ ਭਾਸ਼ਾ ਵਿਚ ਪੁਸਤਕਾਂ ਲਿਖਣ ਵਾਲੇ ਲੇਖਕਾਂ ਨੂੰ ਦਿੱਤਾ ਜਾਵੇਗਾ। ਇਹ ਪੁਰਸਕਾਰ ਸੰਸਾਰ ਵਿਚ ਕਿਸੇ ਵੀ ਥਾਂ ਰਹਿ ਕੇ ਅਜਿਹੀਆਂ ਪੁਸਤਕਾਂ ਪੰਜਾਬੀ ਵਿਚ ਲਿਖਣ ਵਾਲੇ ਵਿਦਵਾਨਾਂ ਨੂੰ ਦਿੱਤਾ ਜਾ ਸਕਦਾ ਹੈ।

ਇਸ ਪੁਰਸਕਾਰ ਲਈ ਚੁਣੇ ਗਏ ਲੇਖਕ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਪਲੇਕ ਤੇ ਮੈਡਲ ਭੇਟਾ ਕੀਤੇ ਜਾਂਦੇ ਹਨ। ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਇੱਕ ਤੋਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਵੀ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।

**ਮੱਦ ਨੰ:8 ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਦੀ ਚੋਣ:**

ਸਾਲ 2011 ਦੇ ਪੁਰਸਕਾਰਾਂ ਸਮੇਂ ਪੰਜਾਬੀ ਗਿਆਨ ਸਾਹਿਤ ਤੇ ਆਲੋਚਨਾ ਦੇ ਖੇਤਰ ਵਿਚ ਕਾਰਜ ਕਰਨ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਗਿਆਨ ਸਾਹਿਤਕਾਰ/ਆਲੋਚਕ ਪੁਰਸਕਾਰ ਵਰਗ ਵਿਚ ਸ਼ਾਮਲ ਕੀਤਾ ਹੋਇਆ ਸੀ। ਜਿਸ ਅਧੀਨ ਇੱਕ ਸਾਲ ਪੰਜਾਬੀ ਗਿਆਨ ਸਾਹਿਤਕਾਰ ਅਤੇ ਇੱਕ ਸਾਲ ਪੰਜਾਬੀ ਆਲੋਚਕ ਨੂੰ ਸਨਮਾਨਿਤ ਕੀਤਾ ਜਾਂਦਾ ਸੀ। ਪੁਰਸਕਾਰਾਂ ਲਈ ਨੀਤੀ ਨਿਰਧਾਰਣ ਸਬ-ਕਮੇਟੀ ਦੀ ਮਿਤੀ 09.07.2015 ਨੂੰ ਹੋਈ ਇਕੱਤਰਤਾ ਵਿਚ **'ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ/ਆਲੋਚਕ'** ਸਾਂਝੇ ਪੁਰਸਕਾਰ ਨੂੰ ਵੱਖਰਾ-ਵੱਖਰਾ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਇਸ ਫ਼ੈਸਲੇ ਅਨੁਸਾਰ ਹੁਣ ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਅਤੇ ਸ਼੍ਰੋਮਣੀ ਪੰਜਾਬੀ ਆਲੋਚਕ/ਖੋਜ ਸਾਹਿਤਕਾਰ ਲਈ ਵਿਦਵਾਨ ਦੀ ਚੋਣ ਵੱਖੋ-ਵੱਖਰੀ ਹਰ ਸਾਲ ਕਰਕੇ ਇਹ ਪੁਰਸਕਾਰ ਦਿੱਤਾ ਜਾਵੇਗਾ। ਪੰਜਾਬੀ ਭਾਸ਼ਾ ਤੇ ਸਾਹਿਤ ਦੇ ਸਰਬਪੱਖੀ ਵਿਕਾਸ ਨੂੰ ਮੁੱਖ ਰੱਖਦੇ ਹੋਏ ਇਹ ਪੁਰਸਕਾਰ ਹਰ ਸਾਲ ਵਿਗਿਆਨ/ਕਾਨੂੰਨ/ਮੈਡੀਸਨ/ ਇੰਜੀਨੀਅਰਿੰਗ/ਸਮਾਜਿਕ ਵਿਗਿਆਨ/ਧਰਮ/ਇਤਿਹਾਸ/ਕੋਮਲ ਕਲਾਵਾਂ/ਮਿਊਜ਼ਿਕ/ਸ਼ਾਰਟਹੈਂਡ ਅਤੇ ਆਲੋਚਨਾ

ਆਦਿ ਖੇਤਰਾਂ ਵਿਚ ਪੰਜਾਬੀ ਭਾਸ਼ਾ ਵਿਚ ਪੁਸਤਕਾਂ ਲਿਖਣ ਵਾਲੇ ਵਿਦਵਾਨਾਂ ਵਿਚੋਂ ਕਿਸੇ ਇੱਕ ਨੂੰ ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਸੰਸਾਰ ਵਿਚ ਕਿਸੇ ਵੀ ਥਾਂ ਰਹਿ ਕੇ ਅਜਿਹੀਆਂ ਪੁਸਤਕਾਂ ਪੰਜਾਬੀ ਵਿਚ ਲਿਖਣ ਵਾਲੇ ਵਿਦਵਾਨਾਂ ਨੂੰ ਦਿੱਤਾ ਜਾ ਸਕਦਾ ਹੈ।

ਇਸ ਪੁਰਸਕਾਰ ਲਈ ਚੁਣੇ ਗਏ ਲੇਖਕ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਪਲੇਕ ਤੇ ਮੈਡਲ ਭੇਟਾ ਕੀਤੇ ਜਾਂਦੇ ਹਨ। ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਇੱਕ ਤੋਂ ਵਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।

**ਮੱਦ ਨੰ:9 ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਦੀ ਚੋਣ:**

ਵਿਦੇਸ਼ਾਂ ਵਿਚ ਰਹਿ ਕੇ ਪੰਜਾਬੀ ਸਾਹਿਤ ਦੀ ਸੇਵਾ ਕਰਨ ਵਾਲੇ ਕਿਸੇ ਇੱਕ ਸਾਹਿਤਕਾਰ ਨੂੰ ਹਰ ਸਾਲ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ (ਵਿਦੇਸ਼ੀ) ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸ ਸਬੰਧੀ ਫ਼ੈਸਲਾ ਕੀਤਾ ਗਿਆ ਕਿ ਇਹ ਪੁਰਸਕਾਰ:

1) ਕੇਵਲ ਉਨ੍ਹਾਂ ਸਾਹਿਤਕਾਰਾਂ ਨੂੰ ਦਿੱਤਾ ਜਾਵੇ ਜਿਨ੍ਹਾਂ ਨੂੰ ਵਿਦੇਸ਼ਾਂ ਵਿਚ ਰਹਿੰਦੇ ਹੋਏ ਘੱਟੋ-ਘੱਟ 10 ਸਾਲ ਹੋ ਗਏ ਹੋਣ ਅਤੇ ਉਹ ਇਸ ਸਮੇਂ ਵੀ ਵਿਦੇਸ਼ ਵਿਚ ਰਹਿ ਰਿਹਾ ਹੋਵੇ।
2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਇੱਕ ਤੋਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।
3) ਇਸ ਪੁਰਸਕਾਰ ਲਈ ਕੋਈ ਵੀ ਸਾਹਿਤਕਾਰ ਵਿਚਾਰਿਆ ਜਾ ਸਕਦਾ ਹੈ ਭਾਵੇਂ ਉਸ ਦਾ ਮੂਲ ਵਿਦੇਸ਼ੀ ਹੋਵੇ, ਭਾਵ ਇਹ ਜ਼ਰੂਰੀ ਨਹੀਂ ਕਿ ਉਹ ਪੰਜਾਬ ਜਾਂ ਭਾਰਤ ਦਾ ਜੰਮਪਲ ਹੋਵੇ।

ਇਸ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਮੈਡਲ ਅਤੇ ਪਲੇਕ ਭੇਟਾ ਕੀਤੇ ਜਾਣਗੇ।

**ਮੱਦ ਨੰ:10 ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ) ਦੀ ਚੋਣ:**

ਪੰਜਾਬ ਸਰਕਾਰ ਵੱਲੋਂ ਵਿਭਾਗ ਰਾਹੀਂ ਪੰਜਾਬ ਤੋਂ ਬਾਹਰ ਭਾਰਤ ਦੇ ਹੋਰ ਰਾਜਾਂ ਵਿਚੋਂ ਇੱਕ ਪੰਜਾਬੀ ਸਾਹਿਤਕਾਰ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ )ਪੰਜਾਬੋਂ ਬਾਹਰ) ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਸਥਾਪਤ ਕਰਨ ਦਾ ਮੁੱਖ ਮਨੋਰਥ ਇਹ ਸੀ ਕਿ ਪੰਜਾਬ ਤੋਂ ਬਾਹਰ ਵੱਸਦੇ ਬਹੁਤ ਸਾਰੇ ਪੰਜਾਬੀ ਸਾਹਿਤਕਾਰ ਅਜਿਹੇ ਹਨ ਜਿਨ੍ਹਾਂ ਨੇ ਪੰਜਾਬ ਤੋਂ ਬਾਹਰ ਰਹਿੰਦੇ ਹੋਏ ਪੰਜਾਬੀ ਸਾਹਿਤ ਰਚਨਾ ਵਿਚ ਨਿੱਗਰ ਯੋਗਦਾਨ ਪਾਇਆ ਹੈ ਪਰ ਉਹ ਪੰਜਾਬ ਵਿਚ ਰਹਿੰਦੇ ਪੰਜਾਬੀ ਸਾਹਿਤਕਾਰਾਂ ਦੇ ਮੁਕਾਬਲੇ ਖੜ੍ਹੇ ਨਹੀਂ ਹੋ ਸਕਦੇ। ਇਸ ਲਈ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਲਈ ਉਨ੍ਹਾਂ ਦਾ ਨਾਂ ਵਿਚਾਰਿਆ ਨਹੀਂ ਸੀ ਜਾਂਦਾ। ਇਹ ਪੁਰਸਕਾਰ ਉਸ ਸਾਹਿਤਕਾਰ ਨੂੰ ਦਿੱਤਾ ਜਾਵੇਗਾ ਜੋ:

1) ਭਾਰਤ ਦੇ ਕਿਸੇ ਹੋਰ ਪ੍ਰਾਂਤ ਦਾ ਜੰਮਪਲ ਹੋਵੇ ਜਾਂ ਕਿਸੇ ਹੋਰ ਪ੍ਰਾਂਤ ਵਿਚ ਪਿਛਲੇ ਘੱਟੋ-ਘੱਟ 10 ਸਾਲ ਤੋਂ ਵਾਸੀ/ਅਧਿਵਾਸੀ ਹੋਵੇ ਅਤੇ ਹੁਣ ਵੀ ਉਹ ਪੰਜਾਬ ਤੋਂ ਬਾਹਰ ਕਿਸੇ ਹੋਰ ਪ੍ਰਾਂਤ ਵਿਚ ਰਹਿ ਰਿਹਾ ਹੋਵੇ।

2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਇੱਕ ਤੋਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।

ਇਸ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਮੈਡਲ ਅਤੇ ਪਲੇਕ ਭੇਟਾ ਕੀਤੇ ਜਾਣਗੇ।

**ਮੱਦ ਨੰ:11 ਸ਼੍ਰੋਮਣੀ ਪੰਜਾਬੀ ਬਾਲ-ਸਾਹਿਤ ਲੇਖਕ ਦੀ ਚੋਣ:**

ਹਰ ਸਾਲ ਹੋਰਨਾਂ ਸ਼੍ਰੋਮਣੀ ਸਾਹਿਤਕਾਰਾਂ ਵਾਂਗ ਪੰਜਾਬੀ ਵਿਚ ਬਾਲ ਸਾਹਿਤ ਲਿਖਣ ਵਾਲੇ ਲੇਖਕਾਂ ਨੂੰ ਵੀ ਸਨਮਾਨਿਤ ਕੀਤਾ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ:

1) ਪੰਜਾਬੀ ਬਾਲ ਸਾਹਿਤ ਲੇਖਕ ਪੰਜਾਬ ਦਾ ਜੰਮਪਲ ਹੋਵੇ ਜਾਂ ਇੱਥੇ ਰਹਿੰਦਾ ਹੋਵੇ।

2) ਇਸ ਪੁਰਸਕਾਰ ਲਈ ਚੋਣ ਕਰਦੇ ਸਮੇਂ ਲੇਖਕ ਦੀ ਕਿਸੇ ਇੱਕ ਜਾਂ ਵੱਧ ਵਿਧਾਵਾਂ ਵਿਚ ਸਮੁੱਚੀ ਸਾਹਿਤਕ ਦੇਣ ਨੂੰ ਧਿਆਨ ਵਿਚ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ।

ਇਸ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਮੈਡਲ ਅਤੇ ਪਲੇਕ ਭੇਟਾ ਕੀਤੇ ਜਾਣਗੇ।

**ਮੱਦ ਨੰਬਰ 12 ਸ਼੍ਰੋਮਣੀ ਪੰਜਾਬੀ ਪੱਤਰਕਾਰ ਦੀ ਚੋਣ:**

ਇਹ ਪੁਰਸਕਾਰ ਅਜਿਹੇ ਪੱਤਰਕਾਰ ਨੂੰ ਦਿੱਤਾ ਜਾਵੇਗਾ ਜਿਸ ਦਾ ਸਬੰਧ ਕਿਸੇ ;

1) ਪੰਜਾਬੀ ਅਖਬਾਰ ਦੀ ਸੰਪਾਦਨਾ ਜਾਂ ਪੱਤਰਕਾਰੀ ਨਾਲ ਹੋਵੇ।

2) ਉਹ ਸੰਸਾਰ ਦੇ ਕਿਸੇ ਵੀ ਦੇਸ਼ ਦਾ ਜੰਮਪੱਲ / ਅਧਿਵਾਸੀ ਹੋ ਸਕਦਾ ਹੈ।

**ਮੱਦ ਨੰਬਰ 13 ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ:**

ਰਾਜ ਸਲਾਹਕਾਰ ਬੋਰਡ ਦੀ 28 ਜਨਵਰੀ 2010 ਨੂੰ ਹੋਈ ਇਕੱਤਰਤਾ ਵਿੱਚ ਸਰਬਸੰਮਤੀ ਨਾਲ ਹੋਏ ਫੈਸਲੇ ਅਨੁਸਾਰ ਪੰਜਾਬ ਸਰਕਾਰ ਵੱਲੋਂ ਇਹ ਨਵਾਂ ਪੁਰਸਕਾਰ 2009 ਤੋਂ ਸਥਾਪਤ ਕੀਤਾ ਗਿਆ ਹੈ। ਪੁਰਸਕਾਰ ਅਜਿਹੇ ਪੱਤਰਕਾਰ ਨੂੰ ਦਿੱਤਾ ਜਾਵੇਗਾ ਜਿਸ ਦਾ ਸਬੰਧ ਕਿਸੇ :-

1) ਪੰਜਾਬੀ ਰਸਾਲੇ / ਹਫਤਾਵਾਰੀ ਅਖਬਾਰ ਦੀ ਸੰਪਾਦਨਾ ਜਾਂ ਇਨ੍ਹਾਂ ਵਿੱਚ ਸਾਹਿੱਤਕ ਪੱਤਰਕਾਰੀ ਨਾਲ ਹੋਵੇ।

2) ਉਹ ਸੰਸਾਰ ਦੇ ਕਿਸੇ ਵੀ ਦੇਸ਼ ਦਾ ਜੰਮਪੱਲ / ਅਧਿਵਾਸੀ ਹੋ ਸਕਦਾ ਹੈ।

**ਮੱਦ ਨੰ:14 ਸ਼੍ਰੋਮਣੀ ਰਾਗੀ ਦੀ ਚੋਣ:**

ਸਾਲ 2011 ਦੇ ਪੁਰਸਕਾਰਾਂ ਸਮੇਂ ਇਸ ਪੁਰਸਕਾਰਾਂ ਦਾ ਨਾਮ ਸ਼੍ਰੋਮਣੀ ਰਾਗੀ/ਢਾਡੀ/ਕਵੀਸ਼ਰ ਸੀ ਜਿਸ ਅਧੀਨ ਹਰ ਸਾਲ ਰਾਗੀ/ਢਾਡੀ/ਕਵੀਸ਼ਰ ਵਿਚੋਂ ਕਿਸੇ ਇੱਕ ਜੱਥੇ ਦੇ ਮੁੱਖੀ ਦੀ ਚੋਣ ਕੀਤੀ ਜਾਂਦੀ ਸੀ। ਪਰੰਤੂ ਪੁਰਸਕਾਰਾਂ ਲਈ

ਨੀਤੀ ਨਿਰਧਾਰਣ ਸਬ-ਕਮੇਟੀ ਦੀ ਮਿਤੀ 09.07.2015 ਨੂੰ ਹੋਈ ਇਕੱਤਰਤਾ ਵਿਚ ਹੋਏ ਫ਼ੈਸਲੇ ਅਨੁਸਾਰ ਸ਼੍ਰੋਮਣੀ ਰਾਗੀ ਪੁਰਸਕਾਰ ਨੂੰ ਢਾਡੀ/ਕਵੀਸ਼ਰ ਪੁਰਸਕਾਰ ਨਾਲੋਂ ਵੱਖਰਾ ਕਰ ਦਿੱਤਾ ਗਿਆ ਹੈ:

1) ਇਹ ਪੁਰਸਕਾਰ ਗੁਰਬਾਣੀ/ਸ਼ਬਦ ਕੀਰਤਨ ਗਾਉਣ ਵਾਲੇ ਰਾਗੀ ਜੱਥੇ ਦੇ ਮੁੱਖੀ ਨੂੰ ਦਿੱਤਾ ਜਾਂਦਾ ਹੈ।

2) ਇਹ ਪੁਰਸਕਾਰ ਸੰਸਾਰ ਵਿਚ ਕਿਤੇ ਵੀ ਰਹਿ ਰਹੇ ਪ੍ਰਸਿੱਧ ਰਾਗੀ ਨੂੰ ਦਿੱਤਾ ਜਾ ਸਕਦਾ ਹੈ।

ਇਸ ਪੁਰਸਕਾਰ ਲਈ ਚੁਣੇ ਗਏ ਜੱਥੇ ਦੇ ਮੁੱਖੀ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਪਲੇਕ ਅਤੇ ਮੈਡਲ ਭੇਟਾ ਕੀਤੇ ਜਾਂਦੇ ਹਨ।

**ਮੱਦ ਨੰ:15 ਸ਼੍ਰੋਮਣੀ ਢਾਡੀ/ਕਵੀਸ਼ਰ ਦੀ ਚੋਣ:**

ਸਾਲ 2011 ਦੇ ਪੁਰਸਕਾਰਾਂ ਸਮੇਂ ਇਸ ਪੁਰਸਕਾਰ ਦਾ ਨਾਮ ਸ਼੍ਰੋਮਣੀ ਰਾਗੀ/ਢਾਡੀ/ਕਵੀਸ਼ਰ ਸੀ ਜਿਸ ਅਧੀਨ ਹਰ ਸਾਲ ਰਾਗੀ/ਢਾਡੀ/ਕਵੀਸ਼ਰ ਵਿਚੋਂ ਕਿਸੇ ਇੱਕ ਜੱਥੇ ਦੇ ਮੁੱਖੀ ਦੀ ਚੋਣ ਕੀਤੀ ਜਾਂਦੀ ਸੀ। ਪਰੰਤੂ ਪੁਰਸਕਾਰਾਂ ਲਈ ਨੀਤੀ ਨਿਰਧਾਰਣ ਸਬ-ਕਮੇਟੀ ਦੀ ਮਿਤੀ 09-07-2015 ਨੂੰ ਹੋਈ ਇਕੱਤਰਤਾ ਵਿਚ ਹੋਏ ਫ਼ੈਸਲੇ ਅਨੁਸਾਰ ਸ਼੍ਰੋਮਣੀ ਢਾਡੀ/ਕਵੀਸ਼ਰ ਪੁਰਸਕਾਰ ਨੂੰ ਸ਼੍ਰੋਮਣੀ ਰਾਗੀ ਨਾਲੋਂ ਵੱਖਰਾ ਕਰ ਦਿੱਤਾ ਗਿਆ ਹੈ:

1) ਇਹ ਪੁਰਸਕਾਰ ਧਾਰਮਿਕ ਵਾਰਾਂ ਅਤੇ ਸਿੱਖ ਇਤਿਹਾਸ ਨੂੰ ਗਾਉਣ ਵਾਲੇ ਢਾਡੀ/ਕਵੀਸ਼ਰ ਦੇ ਜੱਥੇ ਦੇ ਮੁੱਖੀ ਨੂੰ ਦਿੱਤਾ ਜਾਂਦਾ ਹੈ।

2) ਇਹ ਪੁਰਸਕਾਰ ਸੰਸਾਰ ਵਿਚ ਕਿਤੇ ਵੀ ਰਹਿ ਰਹੇ ਪ੍ਰਸਿੱਧ ਢਾਡੀ/ਕਵੀਸ਼ਰ ਨੂੰ ਦਿੱਤਾ ਜਾ ਸਕਦਾ ਹੈ।

ਇਸ ਪੁਰਸਕਾਰ ਲਈ ਚੁਣੇ ਗਏ ਜੱਥੇ ਦੇ ਮੁੱਖੀ ਨੂੰ 5.00 ਲੱਖ ਰੁਪਏ ਦੀ ਥੈਲੀ, ਸਿਰੋਪਾ, ਪਲੇਕ ਅਤੇ ਮੈਡਲ ਭੇਟਾ ਕੀਤੇ ਜਾਂਦੇ ਹਨ।

**ਮੱਦ ਨੰ:16 ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਫ਼ਿਲਮ ਪੁਰਸਕਾਰ:**

ਸਾਲ 2011 ਦੇ ਪੁਰਸਕਾਰਾਂ ਸਮੇਂ ਇਸ ਪੁਰਸਕਾਰ ਦਾ ਨਾਮ ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਥੀਏਟਰ/ਨਾਟਕ ਪੁਰਸਕਾਰ ਸੀ। ਇਸ ਪੁਰਸਕਾਰ ਲਈ ਇਨ੍ਹਾਂ ਖੇਤਰਾਂ ਨਾਲ ਜੁੜੇ ਹੋਏ ਕਿਸੇ ਨਿਰਦੇਸ਼ਕ/ਨਿਰਮਾਤਾ/ਅਦਾਕਾਰ/ਲੇਖਕ/ਸੰਯੋਜਕ ਵਿਚੋਂ ਕਿਸੇ ਇੱਕ ਸ਼ਖ਼ਸੀਅਤ ਨੂੰ ਹਰ ਸਾਲ ਸਨਮਾਨਿਤ ਕੀਤਾ ਜਾਂਦਾ ਸੀ। ਪਰੰਤੂ ਪੁਰਸਕਾਰਾਂ ਲਈ ਨੀਤੀ ਨਿਰਧਾਰਣ ਸਬ-ਕਮੇਟੀ ਦੀ ਮਿਤੀ 09.07.2015 ਨੂੰ ਹੋਈ ਇਕੱਤਰਤਾ ਵਿਚ ਹੋਏ ਫ਼ੈਸਲੇ ਅਨੁਸਾਰ ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਫ਼ਿਲਮ ਨਾਲ ਜੁੜੇ ਨਿਰਦੇਸ਼ਕ/ਨਿਰਮਾਤਾ/ਅਦਾਕਾਰ/ਲੇਖਕ/ਸੰਯੋਜਕ ਵਿਚੋਂ ਕਿਸੇ ਇੱਕ ਵਿਅਕਤੀ ਨੂੰ ਇਹ ਪੁਰਸਕਾਰ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ।

**ਮੱਦ ਨੰ:17 ਸ਼੍ਰੋਮਣੀ ਪੰਜਾਬੀ ਨਾਟਕ/ਥੀਏਟਰ ਪੁਰਸਕਾਰ:**

ਸਾਲ 2011 ਦੇ ਪੁਰਸਕਾਰਾਂ ਸਮੇਂ ਇਨ੍ਹਾਂ ਖੇਤਰਾਂ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਟੈਲੀਵਿਜ਼ਨ/ਰੇਡੀਓ/ਥੀਏਟਰ/ਨਾਟਕ ਪੁਰਸਕਾਰ ਵਰਗ ਵਿਚ ਸ਼ਾਮਲ ਕੀਤਾ ਹੋਇਆ ਸੀ। ਇਸ ਪੁਰਸਕਾਰ ਲਈ ਇਨ੍ਹਾਂ ਖੇਤਰਾਂ ਨਾਲ ਜੁੜੇ ਹੋਏ ਕਿਸੇ ਨਿਰਦੇਸ਼ਕ/ਨਿਰਮਾਤਾ/ਅਦਾਕਾਰ/ਲੇਖਕ/ਸੰਯੋਜਕ ਵਿਚੋਂ ਕਿਸੇ ਇੱਕ ਸ਼ਖ਼ਸੀਅਤ ਨੂੰ ਹਰ ਸਾਲ ਸਨਮਾਨਿਤ

ਕੀਤਾ ਜਾਂਦਾ ਸੀ। ਪਰੰਤੂ ਪੁਰਸਕਾਰਾਂ ਲਈ ਨੀਤੀ ਨਿਰਧਾਰਣ ਸਬ-ਕਮੇਟੀ ਦੀ ਮਿਤੀ 09.07.2015 ਨੂੰ ਹੋਈ ਇਕੱਤਰਤਾ ਵਿਚ ਹੋਏ ਫ਼ੈਸਲੇ ਅਨੁਸਾਰ ਸ਼੍ਰੋਮਣੀ ਪੰਜਾਬੀ ਨਾਟਕ/ਥੀਏਟਰ ਦੇ ਖੇਤਰ ਨਾਲ ਜੁੜੇ ਨਿਰਦੇਸ਼ਕ/ਨਿਰਮਾਤਾ /ਅਦਾਕਾਰ/ਲੇਖਕ/ਸੰਯੋਜਕ ਵਿਚੋਂ ਕਿਸੇ ਇੱਕ ਵਿਅਕਤੀ ਲਈ ਨਵਾਂ ਪੁਰਸਕਾਰ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

**ਮੱਦ ਨੰਬਰ 18 ਸ਼੍ਰੋਮਣੀ ਪੰਜਾਬੀ ਗਾਇਕ / ਸੰਗੀਤਕਾਰ ਪੁਰਸਕਾਰ:**

1) ਪੰਜਾਬ ਸਰਕਾਰ ਵੱਲੋਂ ਮਾਤਭਾਸ਼ਾ ਪੰਜਾਬੀ ਦੇ ਪ੍ਰਚਾਰ / ਪ੍ਰਸਾਰ ਲਈ ਸਾਫ ਸੁਥਰੀ ਗਾਇਕੀ ਰਾਹੀਂ ਆਪਣਾ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਗਾਇਕਾਂ / ਸੰਗੀਤਕਾਰਾਂ ਲਈ ਸਾਲ 2007 ਤੋਂ ਇੱਕ ਵਖਰਾ ਪੁਰਸਕਾਰ ਸਥਾਪਤ ਕੀਤਾ ਗਿਆ ਹੈ । ਇਸ ਪੁਰਸਕਾਰ ਲਈ ਚੁਣੇ ਗਏ ਗਾਇਕ / ਸੰਗੀਤਕਾਰ ਨੂੰ 5.00 ਲੱਖ ਰੁਪਏ ਦੀ ਥੈਲੀ, ਸਰੋਪਾ, ਮੈਡਲ ਅਤੇ ਪਲੇਕ ਭੇਟਾਂ ਕੀਤੇ ਜਾਣਗੇ।

## 'ਰਾਜ ਸਲਾਹਕਾਰ ਬੋਰਡ' ਦੇ ਉਦੇਸ਼, ਗਠਨ ਅਤੇ ਕੰਮ ਕਾਜ ਆਦਿ ਸਬੰਧੀ ਪੰਜਾਬ ਸਰਕਾਰ ਵਲੋਂ ਬਣਾਏ ਨਿਯਮ

--------------

**Higher Education and Language Department**
**(Education Cell)**
**Dated 15th November, 2002**

No.6/199/92-1 Edu.Cell/26245- The Governor of Punjab under the Punjab State Language Act, 1967 is pleased to give his approval for the establishment of State Advisory Board to provide its suggestions to Language Department in its different spheres of working as under:

**1. The aims and objectives of the State Advisory Board:**

The following are the aims and objectives of this Advisory Board:

(a) To provide recommendations for providing Govt. grants to writers/artists/institutions etc.;
(b) To evaluate the literary books of Punjabi, Urdu, Hindi and Sanskrit etc. on the basis of publication;
(c) To recommend the names of capable persons for Punjabi Sahit Shiromani Award and 12 other Shiromani Awards to be given by Language Department;
(d) To give its suggestions regarding the development of Languages;
(e) To give suggestions regarding the implementation of the State Language Punjabi; and
(f) To provide its suggestions and solid proposals for the overall working of Language Department.

**2. The Constitution of the State Advisory Board:**

The board will be constituted as under:

(i) The Minister of Languages (President)
(ii) Principal Secretary, Higher Education and Languages. (Vide President)
(iii)Principal Secretary/Secretary Cultural Affairs. (Member)
(iv) Principal Secretary of Finance Department or its representative not less than the rank of Additional Secretary. (Member)
(v) Vice Chancellors from the Punjab State Universities having the background of Culture and Language or their representative not less than the rank of Dean. (Member)
(vi) The President or the General Secretary of the following institutions: Punjabi Kala Parishad Chandigarh, Punjabi Academy Ludhiana, Punjabi Academy Delhi, Punjabi Sahit Academy Haryana, Punjabi Sahit Sabha New Delhi, Kendri Punjabi Sabha (Regd.), Kendri Punjabi Lekhak Sabha (Sekhon) (Member)
(vii)Two members of Kendri Sahit Academy and Sangeet Natak Academy New Delhi. (Member)
(viii) Director, Language Department, Punjab (Member Secretary)

**(B) Non-Official Members:**

The non-official members of the Board would be nominated by the Chief Minister on the recommendations of the Language Department as under:

1. 12 members related with the different forms of Punjabi Literature and Culture as Lok Gaiki, Kirtan, Dhadi and Bhet-Gaiki.

2. 9 members related with the different forms of Punjabi Literature and Language of Hindi, Urdu and Sanskrit. Each Language will contain three members.
3. 3 members from the prominent personalities with the newspapers/television and radio.
4. 6 members from the prominent personalities national fame related with the fields of Arts, Science, Social Service, Medicine, Engineering, Environment etc.

It is made clear that:

(a) The members to be nominated under Section 2(B) 1, at least four members would be related with Punjabi Literature and Language.

(b) The members to be nominated under Section 2(B)(1) and (2) generally should be the awardees of Kendri Academies or State Academies or other organizations of national level/writers/Gaik (singers)

**3. The tenure of the members:**

(A) The Ex-officio nominated members would till their services remain the members of the Board from Section 2(A) to (9) under Section 2(A)(1) to (4) the tenure of the non-official would be three years from the date of notification.

(B) But this is also made clear that the name of 1/3 members among the non-official members of the first time constituted Board would be taken through draw and the names drawn in the first draw would be members for one year. The names in the second draw would be members for two years arid the remaining members would be members for complete three years. After this, every year from Section 2(A) to (4) among the nominated members 1/3 members would not remain the members after 3 years, and new members would be nominated on their place.

(C) But this is also made clear that according to first and second lottery the members leaving the post before three years and the members who complete their tenure would be eligible for second time nomination.

(D) But this is also made clear that any member can be a member for a maximum period of 6 years and after three years of his leaving the post they will be capable for renomination.

**4. Resignation/Removal of the Non-Official members:**

(a) Any non-official member during his tenure can submit his written resignation to the President or Member Secretary. Such resignation would be taken applicable immediately from the date of the resignation given.

(b) If any member remains in Police or Judicial custody for 48 hours or more or a case of immorality is registered or he is liable to propagate in favor of or against any particular person or persons then the President of the Board would suspend him immediately and he can start the proceedings of his termination.

(c) New person would be nominated on the vacant post due to resignation, death or removal. Such nominated member would be the board member till the remaining time of the vacant post.

**5. Head Office:**

The Head Office of the State Advisory Board will be the Language Department, Punjab, Patiala.

**6. Meeting and Coram:**

(a) There will be at least two meetings in a year of the State Advisory Board and the interval between these two meetings will not be more than 180 days.

(b) The Coram for the working of the State Advisory Board would be at least the fifth part of the total members or at least 8 members which so ever is more. Provided amount the ex-officio members Principal Secretary, Higher Education and Language and Director, Language Department presence would be compulsory.

7. The procedure regarding working: The Board President in its first meeting of the Board by preparing the detailed procedure as per the recommendations of the Member Secretary, Principal Secretary, Higher Education and Language, would implement in after seeking Board's approval.

**8. Honorarium & TA/DA**

(a) Ex-officio members would be entitled to have their TA/DA from their respective Department.

(b) Non-official nominated members would get 500/- rupees as honorarium per meeting and TA equal to group 'A' Officers.

9. This Board is constituted with the approval of A.V. letter No.1/35/200-3NK2/29J5, dated 8th November, 2002 of the Finance Department.

N.S. Rattan
Principal Secretary,
Higher Education & Language, Punjab

Chandigarh
Dated: 12th November, 2002

----------------------

True Translation of the Punjabi Version
Attested
Joint Direct, Language Department, Punjab, Patiala.

------------------------------------------------------------------

**(ਨੋਟ:** ਇਹ ਨਿਯਮ ਪੰਜਾਬ ਸਰਕਾਰ ਵੱਲੋਂ, ਸ੍ਰੀ ਪਰਦੀਪ ਜੋਸ਼ੀ ਜੀ ਵੱਲੋਂ ਹਾਈ ਕੋਰਟ ਵਿਚ ਦਾਇਰ ਕੀਤੀ ਗਈ ਰਿਟ ਵਿਚ ਪੇਸ਼ ਕੀਤੇ ਗਏ ਸਨ। ਇਹ ਨਕਲ ਉੱਥੋਂ ਪ੍ਰਾਪਤ ਕੀਤੀ ਗਈ ਹੈ।)

## ਪ੍ਰੋ.ਚਮਨ ਲਾਲ ਦੀ ਭਾਸ਼ਾ ਮੰਤਰੀ ਦੇ ਨਾਂ ਚਿੱਠੀ

(ਪ੍ਰੋ. ਚਮਨ ਲਾਲ, ਸਾਬਕਾ ਪ੍ਰੋਫੈਸਰ ਅਤੇ ਮੁਖੀ, ਭਾਰਤੀ ਭਾਸ਼ਾ ਕੇਂਦਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ ਵਲੋਂ ਮਿਤੀ 13.03.2021 ਨੂੰ ਉੱਚ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਪੰਜਾਬ ਸਰਕਾਰ ਨੂੰ ਇਕ ਲਿਖੀ ਗਈ ਚਿੱਠੀ ਸੀ। ਉਹ ਚਿੱਠੀ ਹੇਠਾਂ ਦਿੱਤੀ ਜਾ ਰਹੀ ਹੈ)

----------------------------------------------------------------------------------------------------

ਜਨਾਬ ਉੱਚ ਸਿੱਖਿਆ ਅਤੇ ਭਾਸ਼ਾਵਾਂ ਦੇ ਵਜ਼ੀਰ ਸਾਹਿਬ,

ਸਭ ਤੋਂ ਪਹਿਲਾਂ ਦੇਰ ਨਾਲ ਹੀ ਸਹੀ, ਮੈਂ ਆਪ ਜੀ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਜੂਨ 2020 ਵਿੱਚ ਇਸ ਸਨਮਾਨ ਦੇ ਕਾਬਿਲ ਸਮਝਿਆ ਕਿ ਤਿੰਨ ਸਾਲ ਲਈ ਮੈਨੂੰ ਹਿੰਦੀ ਵਿਸ਼ੇ ਦੇ ਮਾਹਰ ਵਜੋਂ ਭਾਸ਼ਾ ਵਿਭਾਗ ਪਟਿਆਲਾ ਦੇ ਰਾਜ ਸਲਾਹਕਾਰ ਦਾ ਇੱਕ ਮੈਂਬਰ ਨਾਮਜ਼ਦ ਕੀਤਾ। ਇਸ ਤੋਂ ਪਹਿਲਾਂ ਕਿਸੇ ਵੀ ਸਰਕਾਰ ਨੇ ਮੈਨੂੰ ਇਸ ਬੋਰਡ ਲਈ ਨਾਮਜ਼ਦ ਕਰਨ ਦੇ ਕਾਬਿਲ ਨਹੀਂ ਸਮਝਿਆ, ਬਾਵਜੂਦ ਇੰਨਾਂ ਤਥਾਂ ਦੇ ਕਿ ਮੈਨੂੰ ਸਾਹਿਤ ਦੇ ਖੇਤਰ ਵਿੱਚ ਦੋ ਕੌਮੀ ਅਤੇ ਇੱਕ ਸਟੇਟ-ਪੰਜਾਬ ਦਾ ਸ਼ਰੋਮਣੀ ਹਿੰਦੀ ਸਾਹਿਤਕਾਰ- ਇਨਾਮ ਹਾਸਿਲ ਸਨ ਅਤੇ ਕਈ ਕੌਮੀ ਯੂਨੀਵਰਸਿਟੀਆਂ-ਪੰਜਾਬੀ ਯੂਨੀਵਰਸਿਟੀ ਪਟਿਆਲਾ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀ ਦਿੱਲੀ, ਕੇਂਦਰੀ ਯੂਨੀਵਰਸਿਟੀ ਬਠਿੰਡਾ-,ਦੇ ਹਿੰਦੀ ਅਤੇ ਸਾਹਿਤ ਵਿਭਾਗਾਂ ਵਿੱਚ ਪ੍ਰੋਫੈਸਰ ਅਤੇ ਮੁਖੀ ਰਹਿ ਚੁੱਕਿਆ ਸਾਂ ਅਤੇ ਭਾਰਤ ਸਰਕਾਰ ਵਲੋਂ ਟ੍ਰਿਨਿਦਾਦ ਵਿੱਚ ਦੀ ਯੂਨੀਵਰਸਿਟੀ ਆਫ ਵੇਸਟ ਇੰਡੀਜ਼ ਵਿੱਚ ਹਿੰਦੀ ਦਾ ਵਿਜ਼ਿਟਿੰਗ ਪ੍ਰੋਫੈਸਰ ਵੀ ਰਿਹਾ ਅਤੇ ਹੁਣ ਵੀ ਪੰਜਾਬ ਯੂਨੀਵਰਸਿਟੀ ਚੰਡੀਗੜ ਦੇ ਭਾਸ਼ਾਵਾਂ ਦੇ ਡੀਨ(ਜਨਵਰੀ 2021 ਤੱਕ) ਦੀ ਜਿੰਮੇਵਾਰੀ ਨਿਭਾ ਰਿਹਾ ਹਾਂ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਭਾਸ਼ਾਵਾਂ ਦੇ ਡੀਨ ਦੀ ਚੋਣ ਵਿੱਚ ਖ਼ੁਦ ਵਜ਼ੀਰ ਸਾਹਿਬ ਮੈਨੂੰ ਵੋਟ ਪਾਕੇ ਗਏ ਸਨ ਅਤੇ ਮੈਨੂੰ ਲਗਦਾ ਹੈ ਕਿ ਸ਼ਾਇਦ ਇਸੇ ਲਈ ਮੈਨੂੰ ਹਿੰਦੀ ਭਾਸ਼ਾ ਦੀ ਕੈਟੇਗਰੀ ਵਿੱਚ ਸਲਾਹਕਾਰ ਬੋਰਡ ਦਾ ਮੈਂਬਰ ਨਾਮਜ਼ਦ ਕੀਤਾ ਗਿਆ।

ਪਰ ਅਫ਼ਸੋਸ ਇਸ ਸਨਮਾਨ ਨੂੰ ਉਦੋਂ ਅਪਮਾਨ ਵਿੱਚ ਬਦਲ ਦਿੱਤਾ ਗਿਆ, ਜਦੋਂ ਮੈਨੂੰ ਇਨਾਮਾਂ ਦੀ ਚੋਣ ਲਈ ਬਣਾਈ ਸਕਰੀਨਿੰਗ ਕਮੇਟੀ ਵਿੱਚ ਸ਼ਾਮਿਲ ਨਾ ਕਰਕੇ ਇੱਕ ਅਜਿਹੇ ਮੈਂਬਰ ਨੂੰ ਸ਼ਾਮਿਲ ਕੀਤਾ ਗਿਆ, ਜਿਸ ਨੂੰ ਨਾ ਤਾਂ ਹਿੰਦੀ ਲੇਖਕਾਂ ਅਤੇ ਨਾ ਹੀ ਹਿੰਦੀ ਦੇ ਵਿਦਵਾਨਾਂ ਵਿੱਚ ਕੋਈ ਜਾਣਦਾ ਹੈ ਅਤੇ ਜੋ ਅਹੁਦੇ ਵਿੱਚ ਵੀ ਹਿੰਦੀ ਦੇ ਹੀ ਦੂਸਰੇ ਦੋਨਾਂ ਮੈਂਬਰਾਂ ਤੋਂ ਕਿਤੇ ਜੂਨੀਅਰ ਹੈ। ਡਾ. ਸੇਵਾ ਸਿੰਘ ਅਤੇ ਮੈਂ ਦੋਵੇਂ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰ ਅਤੇ ਵਿਭਾਗੀ ਮੁਖੀ ਅਤੇ ਮੇਰੇ ਮਾਮਲੇ ਵਿੱਚ ਡੀਨ ਵੀ ਰਹੇ ਅਤੇ ਮੈਨੂੰ ਕੌਮੀ ਅਤੇ ਰਾਜ ਇਨਾਮ ਵੀ ਹਾਸਿਲ ਹਨ। ਦੋਵਾਂ ਨੂੰ ਬਾਈ ਪਾਸ ਕਰਕੇ ਇਹਨਾਂ ਪ੍ਰੋਫੈਸਰਾਂ ਦੇ ਵਿਦਿਆਰਥੀ ਨੂੰ ਨਾਮਜ਼ਦ ਕਰ ਦਿੱਤਾ ਗਿਆ। ਮੈਂ ਆਪਣੇ ਦੋਵੇਂ ਕੌਮੀ ਇਨਾਮ 2015 ਅਤੇ 2016 ਵਿੱਚ ਕੇਂਦਰ ਸਰਕਾਰ ਦੀਆਂ ਅਸਹਿਣਸ਼ੀਲ ਨੀਤੀਆਂ ਖਿਲਾਫ਼ ਇਸੇ ਬੋਰਡ ਦੇ ਮੈਂਬਰਾਂ-ਸੁਰਜੀਤ ਪਾਤਰ ਅਤੇ ਵਰਿਆਮ ਸੰਧੂ ਵਾਂਗ, ਜਿੰਨਾਂ ਦੀ ਇਸ ਬੋਰਡ ਵਿੱਚ ਨਾਮਜ਼ਦਗੀ ਨਾਲ ਬੋਰਡ ਦੀ ਮਾਨਤਾ ਵਧੀ ਹੈ, ਵਾਪਿਸ ਕਰ ਦਿੱਤੇ ਸਨ। ਇਸ ਗੱਲ ਪ੍ਰਤੀ ਆਪਣਾ ਇਤਰਾਜ਼ ਮੈਂ ਗੈਰ ਰਸਮੀ ਤੌਰ ਤੇ ਵਜ਼ੀਰ ਸਾਹਿਬ ਤੱਕ ਪਹੁੰਚਾ ਦਿੱਤਾ ਸੀ ਅਤੇ ਮੈਨੂੰ ਭਰੋਸਾ ਦਿੱਤਾ ਗਿਆ ਸੀ ਕਿ ਇਨਾਮ ਲਈ ਚੋਣ ਸਮੇਂ ਲੇਖਕਾਂ ਦੀ ਉੱਚ ਯੋਗਤਾ ਪ੍ਰਤੀ ਮੇਰੀ ਚਿੰਤਾ ਨੂੰ ਧਿਆਨ ਵਿੱਚ ਰਖਿਆ ਜਾਵੇਗਾ। ਸੋਚਿਆ ਸੀ ਕਿ ਜੇ ਸਕਰੀਨਿੰਗ ਕਮੇਟੀ ਨੇ ਯੋਗਤਾ ਦਾ ਧਿਆਨ ਨਾ ਵੀ ਰਖਿਆ ਤਾਂ ਬੋਰਡ ਦੀ ਮੀਟਿੰਗ ਵਿੱਚ ਇਸ ਕਮੀ ਨੂੰ ਦਰੁਸਤ ਕਰ ਲਿਆ ਜਾਵੇਗਾ। ਪਰ ਮੈਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ ਜਦੋਂ ਬੋਰਡ ਦੀ ਮੀਟਿੰਗ ਵਿੱਚ ਕੁਝ ਮੈਂਬਰਾਂ ਨੇ ਆਪਣੀ ਚੋਣ ਨੂੰ ਬੋਰਡ ਉਪਰ ਠੋਸ ਦਿੱਤਾ, ਜੋ ਨਾਵਾਜਬ ਸੀ। ਹਾਲਾਂਕਿ ਮਾਣਯੋਗ ਵਜ਼ੀਰ ਸਾਹਿਬ ਨੇ ਆਪਣੀ ਕੋਈ ਰਾਇ ਬੋਰਡ ਤੇ ਨਹੀਂ ਠੋਸੀ। ਪਰ ਭਾਸ਼ਾ ਵਿਭਾਗ ਦੇ ਅਧਿਕਾਰੀ ਉੱਨੇ ਇਨਸਾਫ਼ ਪਸੰਦ ਨਹੀਂ ਰਹੇ। ਮੈਨੂੰ ਮੀਟਿੰਗ ਦੇ ਸ਼ੁਰੂ ਵਿੱਚ ਹੀ ਇਸ ਗੱਲ ਵੱਲ ਧਿਆਨ ਦੁਆਉਣਾ ਪਿਆ ਕਿ ਭਾਸ਼ਾ ਵਿਭਾਗ ਦੇ ਇਨਾਮਾਂ ਸੰਬੰਧੀ ਨਿਯਮ ਦੀ ਅਧਿਕਾਰੀਆਂ ਵੱਲੋਂ ਗਲਤ ਵਿਆਖਿਆ ਕਰਨ ਨਾਲ ਹਿੰਦੀ ਦੇ ਕਈ ਲੇਖਕਾਂ ਨੂੰ ਪੈਨਲ ਵਿੱਚ ਰਖਿਆ ਹੀ ਨਹੀਂ ਗਿਆ। ਹਿੰਦੀ, ਉਰਦੂ, ਸੰਸਕ੍ਰਿਤ ਅਤੇ ਪੰਜਾਬੀ ਦੀਆਂ ਕੁਝ ਵਿਧਾਵਾਂ ਲਈ ਭਾਸ਼ਾ ਵਿਭਾਗ ਦੇ ਇਨਾਮਾਂ ਦਾ ਸਪਸ਼ਟ ਨਿਯਮ ਹੈ ਕਿ ਲੇਖਕ ਪੰਜਾਬ ਦਾ ਜਮਪਲ ਹੋਵੇ ਯਾ ਦਸ ਸਾਲ ਤੱਕ ਲਗਾਤਾਰ ਪੰਜਾਬ ਦਾ ਅਧੀਵਾਸੀ ਹੋਵੇ। ਅਧਿਕਾਰੀਆਂ ਨੇ ਇਹ ਵਿਆਖਿਆ ਦਿੱਤੀ

ਕਿ ਲੇਖਕ ਨੂੰ ਪੰਜਾਬ ਦਾ ਵਾਸੀ ਹੋਣਾ ਚਾਹੀਦਾ ਹੈ, ਜੋ ਸਰਾਸਰ ਗਲਤ ਵਿਆਖਿਆ ਸੀ। ਮੇਰੇ ਇਤਰਾਜ਼ ਨੂੰ ਸਹੀ ਸਮਝਿਆ ਗਿਆ ਅਤੇ ਛੇ ਵਿਚੋਂ ਇੱਕ ਲੇਖਕ ਰਾਜੀ ਸੇਠ ਨੂੰ ਇਨਾਮ ਲਈ ਚੁਣ ਵੀ ਲਿਆ ਗਿਆ, ਪਰ ਜਿਸ ਸਾਜ਼ਿਸ਼ ਤਹਿਤ ਲੇਖਕ ਪੈਨਲ ਵਿਚੋਂ ਛਡੇ ਅਤੇ ਕੱਢੇ ਗਏ ਉਸ ਨਾਲ ਲਾਹੌਰ ਵਿੱਚ ਜੰਮੇ 85 ਸਾਲਾਂ ਦੀ ਉਮਰ ਵਾਲੇ ਸਤਯੇਂਦਰ ਤਨੇਜਾ ਵਰਗੇ ਬਜ਼ੁਰਗ ਲੇਖਕ , ਜਿੰਨਾਂ ਕਿਸੇ ਵੇਲੇ ਭਾਸ਼ਾ ਵਿਭਾਗ ਨੂੰ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਸਨ, ਉਹਨਾਂ ਦਾ ਅਪਮਾਨ ਕੀਤਾ ਗਿਆ, ਲਾਹੌਰ ਵਿੱਚ ਹੀ ਜੰਮੀ ਹਿੰਦੀ ਦੀ ਉਘੀ ਗਲਪਕਾਰ ਸੁਧਾ ਅਰੋੜਾ ਨਾਲ ਵੀ ਇਹੋ ਸਲੂਕ ਸਕਰਿਨਿੰਗ ਕਮੇਟੀ ਨੇ ਕੀਤਾ।

ਮੇਰਾ ਭਾਵੇਂ ਸਲਾਹਕਾਰ ਬੋਰਡ ਦੀ ਮੀਟਿੰਗ ਦਾ ਇਹ ਪਹਿਲਾ ਅਨੁਭਵ ਸੀ, ਪਰ ਇਸ ਅਨੁਭਵ ਨੇ ਪੁਰਾਣੇ ਅਨੁਭਵੀ ਮੈਂਬਰਸ ਦੇ ਦੱਸੇ ਖ਼ਦਸ਼ੇ ਸਹੀ ਸਾਬਤ ਕੀਤੇ ਕਿ ਮੀਟਿੰਗ ਵਿੱਚ ਲੇਖਕਾਂ ਦੀ ਮੇਰਿਟ ਤੇ ਵਿਚਾਰ ਚਰਚਾ ਹੁੰਦੀ ਹੀ ਨਹੀਂ। ਸਕਰਿਨਿੰਗ ਕਮੇਟੀ ਹਰ ਸਾਲ ਦੇ ਹਰ ਇਨਾਮ ਲਈ ਤਿੰਨ ਤਿੰਨ ਲੇਖਕਾਂ ਦਾ ਪੈਨਲ ਬਣਾ ਕੇ ਲੈ ਆਉਂਦੀ ਹੈ ਅਤੇ ਬਿਨਾਂ ਚਰਚਾ ਉਨ੍ਹਾਂ ਵਿਚੋਂ ਕੁਝ ਪ੍ਰਭਾਵਸ਼ਾਲੀ ਮੈਂਬਰ ਕਿਸੇ ਵੀ ਨਾਂ ਤੇ ਬੋਰਡ ਦਾ ਠੱਪਾ ਲੁਆ ਦਿੰਦੇ ਹਨ। ਜੇ ਕੋਈ ਮੇਰਿਟ ਤੇ ਚਰਚਾ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਬੋਲਣ ਹੀ ਨਹੀਂ ਦਿੱਤਾ ਜਾਂਦਾ ਅਤੇ ਰੌਲਾ ਪਾਕੇ ਚੁੱਪ ਕਰਵਾ ਦਿੱਤਾ ਜਾਂਦਾ ਹੈ। ਪਹਿਲੇ ਅਤੇ ਸਭ ਤੋਂ ਵੱਡੇ ਇਨਾਮ ਪੰਜਾਬੀ ਸਾਹਿਤ ਰਤਨ ਦੇ ਨਾਵਾਂ ਤੇ ਫੈਸਲਾ ਲੈਣ ਸਮੇਂ ਇਸ ਦੀ ਮਿਸਾਲ ਤੈ ਕਰ ਦਿੱਤੀ ਗਈ , ਜਿਸ ਵਿੱਚ ਕੁਝ ਯੋਗ ਨਾਂ ਜ਼ਰੂਰ ਚੁਣ ਲਏ ਗਏ ਪਰ ਕਈ ਹੋਰ ਯੋਗ ਨਾਂ ਬਿਨਾਂ ਚਰਚਾ ਤੋਂ ਰੱਦ ਕਰ ਦਿੱਤੇ ਗਏ। ਵੰਡ ਪੂਰਬਲੇ ਪੰਜਾਬ ਦੇ ਜਮਪਲ 93 ਸਾਲਾਂ ਦੇ ਰਤਨ ਸਿੰਘ, 85 ਸਾਲਾਂ ਦੀ ਅਜੀਤ ਕੌਰ, ਗੁਰਦੇਵ ਸਿੰਘ ਰੁਪਾਣਾ, ਬਲਦੇਵ ਸਿੰਘ ਸੜਕਨਾਮਾ ਅਤੇ ਜਸਬੀਰ ਭੁੱਲਰ ਦੇ ਨਾਵਾਂ ਨੂੰ ਬਿਨਾ ਠੋਸ ਕਾਰਨ ਤੋਂ ਅਤੇ ਬਿਨਾਂ ਚਰਚਾ ਤੋਂ ਰੱਦ ਕੀਤਾ ਗਿਆ। ਇਥੋਂ ਤੱਕ ਕਿ ਅਜੀਤ ਕੌਰ ਦੇ ਮਾਮਲੇ ਵਿੱਚ ਹੱਥ ਖੜੇ ਕਰਵਾ ਕੇ ਵੋਟਾਂ ਪੁਆਈਆਂ ਗਈਆਂ ਨਾ ਕਿ ਉਨ੍ਹਾਂ ਦੀ ਮੇਰਿਟ ਤੇ ਚਰਚਾ ਕਰਵਾਈ ਗਈ। ਰਤਨ ਸਿੰਘ ਤੇ ਅਜੀਤ ਕੌਰ ਦੋਵਾਂ ਨੂੰ ਹੀ ਕਰਨਾਟਕ ਤੋਂ ਗਿਯਾਨਪੀਠ ਇਨਾਮ ਦੇ ਬਰਾਬਰ ਕੁਵੈਮਪੁ ਇਨਾਮ ਹਾਸਿਲ ਹੈ।

ਸਤੰਬਰ ਵਿੱਚ ਜਿਸ ਸਕਰਿਨਿੰਗ ਕਮੇਟੀ ਦੀ ਨੋਟਿਫ਼ਿਕੇਸ਼ਨ ਪੰਜਾਬ ਸਰਕਾਰ ਨੇ ਜਾਰੀ ਕੀਤੀ ਸੀ, ਭਾਸ਼ਾ ਵਿਭਾਗ ਦੇ ਅਧਿਕਾਰੀਆਂ ਨੇ ਦਸੰਬਰ ਵਿੱਚ ਹੋਣ ਵਾਲੀ ਸਲਾਹਕਾਰ ਬੋਰਡ ਦੀ ਮੀਟਿੰਗ ਤੋਂ ਪਹਿਲਾਂ ਉਸਦੀ ਬੋਰਡ ਦੇ ਮੈਂਬਰਜ਼ ਨੂੰ ਸੂਚਿਤ ਕਰਨ ਦੀ ਵੀ ਲੋੜ ਨਹੀਂ ਸਮਝੀ। ਅਤੇ ਬੋਰਡ ਦੀ ਮੀਟਿੰਗ ਤੋਂ 2-3 ਦਿਨ ਪਹਿਲਾਂ ਇਨਾਮ ਲਈ ਲੇਖਕਾਂ ਦੇ ਨਵੇਂ ਨਾਂ ਸ਼ਾਮਿਲ ਕੀਤੇ ਗਏ, ਜਿੰਨਾਂ ਬਾਰੇ ਵੇਰਵੇ ਸਿਰਫ ਮੌਕੇ ਤੇ ਹੀ ਦਿੱਤੇ ਗਏ ਅਤੇ ਸਕਰਿਨਿੰਗ ਕਮੇਟੀ ਨੇ ਉਨ੍ਹਾਂ ਵਿਚੋਂ ਹੀ ਕਈ ਲੇਖਕਾਂ ਦੇ ਨਾਂ ਇਨਾਮ ਲਈ ਪੈਨਲ ਵਿੱਚ ਰੱਖ ਦਿੱਤੇ ਅਤੇ ਉੱਨਾਂ ਵਿਚੋਂ ਕਈਆਂ ਨੂੰ ਇਨਾਮ ਲਈ ਚੁਣ ਵੀ ਲਿਆ ਗਿਆ । ਇਨਾਮ ਦੇਣ ਦਾ ਇਹ ਤਰੀਕਾ ਪਾਰਦਰਸ਼ੀ ਬਿਲਕੁਲ ਨਹੀਂ ਹੈ ਅਤੇ ਇਸ ਨਾਲ ਇਨਾਮਾਂ ਦੀ ਭਰੋਸੇ ਯੋਗਤਾ ਤੇ ਕਿੰਤੂ ਖੜੇ ਹੋ ਜਾਂਦੇ ਹਨ। ਇਸੇ ਪਾਰਦਰਸ਼ੀ ਢੰਗ ਨੂੰ ਨਾ ਅਪਨਾਉਣ ਕਰਕੇ ਗੁਰਦਿਆਲ ਸਿੰਘ, ਜਿੰਨਾਂ ਦੇ ਨਾਂ ਤੇ ਬੋਰਡ ਵਿੱਚ ਬਿਨਾਂ ਚਰਚਾ ਤੋਂ ਹੀ ਅਨੁਵਾਦ ਇਨਾਮ ਸਥਾਪਤ ਕੀਤਾ ਗਿਆ ਹੈ, ਨੇ ਇੱਕ ਵਾਰ ਬੋਰਡ ਦੀ ਮੈਬਰਸ਼ਿਪ ਤੋਂ ਅਸਤੀਫ਼ਾ ਦਿੱਤਾ ਸੀ। ਇਸ ਵਾਰ ਵੀ ਜਿਨ੍ਹਾਂ ਮੈਂਬਰਜ਼ ਨੇ ਅਸਤੀਫ਼ੇ ਦਿੱਤੇ ਹਨ, ਨਾਂ ਉੱਨਾਂ ਦਾ ਅਸਤੀਫ਼ਾ ਨਾਮੰਜ਼ੂਰ ਕੀਤਾ ਗਿਆ ਨਾਂ ਹੀ ਉੱਨਾਂ ਤੋਂ ਕਾਰਣ ਜਾਣਨ ਦੀ ਕੋਸ਼ਿਸ਼ ਕੀਤੀ ਗਈ ਕਿ ਉਹ ਅਸਤੀਫ਼ਾ ਕਿਉਂ ਦੇ ਰਹੇ ਹਨ, ਜਦ ਕਿ ਅਸਤੀਫ਼ਾ ਦੇਣ ਵਾਲੇ ਲੇਖਕ ਬੜੇ ਸਨਮਾਨਿਤ ਲੇਖਕ ਹਨ।

ਸ਼ਰੋਮਣੀ ਹਿੰਦੀ ਸਾਹਿਤਕਾਰ ਦੀ ਚੋਣ ਸਮੇਂ ਇਸ ਲੇਖਕ ਨੂੰ ਹਿੰਦੀ ਦੀ ਨੁਮਾਇੰਦਗੀ ਕਰਨ ਦੇ ਬਾਵਜੂਦ ਯੋਗ ਲੇਖਕਾਂ ਬਾਰੇ ਬੋਲਣ ਤੱਕ ਨਹੀਂ ਦਿੱਤਾ ਗਿਆ, ਜਿੰਨਾਂ ਦੇ ਨਾਂ ਸਾਜ਼ਸ਼ੀ ਢੰਗ ਨਾਲ ਸਕਰਿਨਿੰਗ ਕਮੇਟੀ ਵਿੱਚ ਛਾਂਟ ਦਿੱਤੇ ਗਏ ਸਨ। ਜਦਕਿ ਮੈਂ ਜਿੰਨਾਂ ਲੇਖਕਾਂ ਦੇ ਨਾਂਵਾਂ ਦੀ ਸਿਫ਼ਾਰਿਸ਼ ਕੀਤੀ ਸੀ, ਉਹਨਾਂ ਖੁਦ ਇਨਾਮ ਲਈ ਕੋਈ ਇੱਛਾ ਤੱਕ ਨਹੀਂ ਜਤਾਈ ਸੀ। ਕਿਉਂਕਿ ਬਹੁਤ ਵਾਰ ਵੱਡੇ ਲੇਖਕ ਇਨਾਮਾਂ ਦੀ ਬਹੁਤੀ ਪਰਵਾਹ ਨਹੀਂ ਕਰਦੇ ਅਤੇ ਪੰਜਾਬ ਤੋਂ ਬਾਹਰ ਰਹਿੰਦੇ ਲੇਖਕਾਂ ਨੂੰ ਇੰਨਾ ਇਨਾਮਾਂ ਬਾਰੇ ਜਾਣਕਾਰੀ ਤੱਕ ਨਹੀਂ ਹੁੰਦੀ। ਮੈਂ ਜਿੰਨਾਂ ਸੱਤ ਲੇਖਕਾਂ ਦੇ ਬਾਯੋ ਵਿਭਾਗ ਨੂੰ ਭੇਜੇ ਸਨ, ਉਹ ਸਾਰੇ ਮੈਂ ਉਹਨਾਂ ਨੂੰ ਖੁਦ ਪਹੁੰਚ ਕਰਕੇ ਮੰਗਵਾਏ ਸਨ ਕਿਉਂਕਿ ਮੈਂ ਸਮਝਦਾ ਸੀ ਕਿ ਉਹਨਾਂ ਦੀ ਪਿਛਲੇ ਸਮੇਂ ਵਿੱਚ ਘੋਰ ਅਣਦੇਖੀ ਹੋਈ ਹੈ ਅਤੇ ਉਹਨਾਂ ਨੂੰ ਇਹ ਇਨਾਮ ਬਹੁਤ ਪਹਿਲਾਂ ਮਿਲਣੇ ਚਾਹੀਦੇ ਸਨ। ਇਥੋਂ

ਤੱਕ ਕਿ ਮੈਨੂੰ ਮਿਲੇ 2003 ਦੇ ਇਨਾਮ ਤੋਂ ਵੀ ਪਹਿਲਾਂ। ਇਨਾਮ ਲਈ ਸਿਫ਼ਾਰਿਸ਼ ਕਰਨ ਵਾਸਤੇ ਮੈਂ ਇੱਕ ਪੈਮਾਨਾ ਬਣਾਇਆ ਸੀ, ਜੋ ਵਸਤੂਗਤ (Objective) ਪੈਮਾਨਾ ਸੀ, ਜਿਸ ਅਨੁਸਾਰ-(ੳ)-ਸਾਹਿਤਕ ਕੱਦ, ਸਾਹਿਤਕ ਮਿਆਰ ਪਹਿਲਾਂ ਪੈਮਾਨਾ ਸੀ। (ਅ) ਜੇ ਦੋ ਲੇਖਕਾਂ ਦਾ ਸਾਹਿਤਕ ਕੱਦ ਤੇ ਮਿਆਰ ਇੱਕੋ ਜਿਹਾ ਹੋਵੇ ਤਾਂ ਉਮਰ ਵੱਡੀ ਹੋਣ ਨੂੰ ਪਹਿਲ। ਪਰ ਅਫ਼ਸੋਸ ਕਿ ਮੀਟਿੰਗ ਵਿੱਚ ਸਿਰਫ ਇੱਕ ਮੈਂਬਰ ਦੀ ਰਾਇ ਪੂਰੀ ਮੀਟਿੰਗ ਤੇ ਠੋਸੀ ਜਾ ਰਹੀ ਸੀ। ਜਿਸ ਕਰਕੇ ਲਾਹੌਰ ਦੇ ਜੰਮੇ ਸਤਯੇਂਦਰ ਤਨੇਜਾ ਅਤੇ ਸੁਧਾ ਅਰੋੜਾ, ਮੀਆਂਵਾਲੀ ਦੇ ਜੰਮੇ 85 ਸਾਲਾਂ ਦੇ ਗਲਪਕਾਰ ਹਰਦਰਸ਼ਨ ਸਹਿਗਲ ਅਤੇ ਓਕਾੜਾ ਦੇ ਜੰਮੇ ਜਯਦੇਵ ਤਨੇਜਾ ਦੀ ਅਣਦੇਖੀ ਕਰਕੇ ਉਹਨਾਂ ਤੋਂ ਸਾਹਿਤਕ ਕੱਦ ਤੈ ਮਿਆਰ ਵਿੱਚ ਛੋਟੇ ਕਈ ਹੋਰ ਲੇਖਕਾਂ ਨੂੰ ਇਨਾਮ ਬਖ਼ਸ਼ ਦਿੱਤੇ ਗਏ। ਛੇ ਵਿਚੋਂ ਸਿਰਫ ਤਿੰਨ ਇਨਾਮ ਮੇਰਿਟ ਤੇ ਦਿੱਤੇ ਗਏ,ਜਿਸ ਕਰਕੇ ਮੈਨੂੰ ਵਿਰੋਧ (dissent) ਦਰਜ ਕਰਵਾਉਣੀ ਪਈ।

ਪੰਜਾਬੀ ਵਿੱਚ ਕਈ ਹੋਰ ਵਿਧਾਵਾਂ ਵਿੱਚ ਵੀ ਅਜਿਹਾ ਵਰਤਾਰਾ ਹੋਇਆ। ਵੱਡੀ ਉਮਰ ਦੇ ਕਵੀ ਫ਼ਤਹਜੀਤ, ਦਲਿਤ ਲੇਖਕ ਬਲਬੀਰ ਮਾਧੋਪੁਰੀ, ਜਿੰਨਾਂ ਦੀ ਕਿਤਾਬ ਛਾਂਗਿਆ ਰੁੱਖ , ਨਾਂ ਸਿਰਫ ਹਿੰਦੀ ਵਿੱਚ ਬਲਕਿ ਅੰਗਰੇਜ਼ੀ ਤੇ ਰੂਸੀ ਵਿੱਚ ਵੀ ਅਨੁਵਾਦ ਹੋਈ ਅਤੇ ਜਿੰਨਾਂ ਦੀ ਰਚਨਾ ਤੇ ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ ਵਿੱਚ ਖੋਜ ਹੋ ਰਹੀ ਹੈ ਅਤੇ ਖੋਜ ਪਤਰ ਲਿਖੇ ਗਏ ਹਨ, ਦੀ ਵੀ ਅਣਦੇਖੀ ਕੀਤੀ ਗਈ। ਰਾਣਾ ਰਣਬੀਰ, ਸਤਿੰਦਰ ਸਰਤਾਜ, ਰਾਨੀ ਬਲਬੀਰ ਕੌਰ ਆਦਿ ਦੀ ਪ੍ਰਤਿਭਾ ਨੂੰ ਵੀ ਅਣ ਗੌਲਿਆ ਕੀਤਾ ਗਿਆ।

ਮੇਰੀ ਰਾਇ ਅਨੁਸਾਰ ਇਹ ਸਾਰੀਆਂ ਗੱਲਾਂ ਇਸ ਕਰਕੇ ਹੁੰਦੀਆਂ ਹਨ ਕਿਉਂਕਿ ਰਾਜ ਸਲਾਹਕਾਰ ਬੋਰਡ, ਪੈਨਲ ਬਣਾਉਣ ਲਈ ਬਣਾਈ ਗਈ ਸਕਰੀਨਿੰਗ ਕਮੇਟੀ ਦੀ ਬਣਤਰ ਅਤੇ ਉਸ ਲਈ ਅਪਣਾਈ ਜਾਣ ਵਾਲੀ ਪ੍ਰਕ੍ਰਿਆ ਨੁਕਸਦਾਰ ਹੈ, ਜਿੰਨਾਂ ਬਾਰੇ ਮੈਂ ਆਪਣੀ ਰਾਇ ਅਗੇ ਰੱਖ ਰਿਹਾ ਹਾਂ।

## ਰਾਜ ਸਲਾਹਕਾਰ ਬੋਰਡ ਅਤੇ ਸਕਰੀਨਿੰਗ ਕਮੇਟੀ ਦੀ ਬਣਤਰ

ਹਾਲਾਂਕਿ ਹਰ ਸਰਕਾਰ ਆਪਣੇ ਨਜ਼ਦੀਕੀਆਂ ਨੂੰ ਬੋਰਡ ਵਿੱਚ ਲਾਉਣਾ ਚਾਹੁੰਦੀ ਹੈ, ਪਰ ਇਹ ਮੰਨਿਆ ਜਾ ਸਕਦਾ ਹੈ ਕਿ ਹੋਰਾਂ ਸਰਕਾਰਾਂ ਦੀ ਤੁਲਨਾ ਵਿੱਚ ਕਾਂਗਰਸ ਸਰਕਾਰਾਂ ਦੌਰਾਨ ਚੰਗੇ ਲੇਖਕਾਂ ਨੂੰ ਸਲਾਹਕਾਰ ਬੋਰਡ ਦਾ ਮੈਂਬਰ ਬਣਾਇਆ ਜਾਂਦਾ ਰਿਹਾ ਹੈ। ਖ਼ਾਸ ਤੌਰ ਤੇ ਇਨਾਮ ਸ਼ੁਰੂ ਹੋਣ ਦੇ ਪਹਿਲੇ ਦੋ ਦਹਾਕਿਆਂ ਦੌਰਾਨ, ਜਦੋਂ ਵਧੇਰੇ ਕਰਕੇ ਮੇਰਿਟ ਤੇ ਹੀ ਜਿਆਦਾਤਰ ਇਨਾਮ ਲੇਖਕਾਂ ਨੂੰ ਦਿੱਤੇ ਗਏ। ਪਰ ਬੋਰਡ ਦੇ ਮੈਂਬਰ ਲਾਉਣ ਦਾ ਕੋਈ ਪੈਮਾਨਾ ਵੀ ਜ਼ਰੂਰ ਹੋਣਾ ਚਾਹੀਦਾ ਹੈ ਜਿਵੇਂ-

1 ਲੇਖਕ ਨੇ ਕੌਮੀ ਇਨਾਮ ਅਤੇ ਰਾਜ ਦੇ ਸਾਹਿਤਕ ਇਨਾਮ ਹਾਸਿਲ ਕਰਕੇ ਮਾਨਤਾ ਬਣਾਈ ਹੋਵੇ ਅਤੇ ਉਸਦਾ ਸਾਹਿਤਕ ਕੱਦ ਉੱਚਾ ਹੋਵੇ ਜਾਂ ਵਿਦਵਾਨਾਂ ਵਿਚੋਂ ਆਪਣੀ ਵਿਧਾ ਦਾ ਮੰਨਿਆ ਵਿਦਵਾਨ ਹੋਵੇ ਜਾਂ/ਅਤੇ ਯੂਨੀਵਰਸਿਟੀ ਵਿੱਚ ਸੀਨੀਅਰ ਅਹੁਦੇ-ਪ੍ਰੋਫ਼ੈੱਸਰ-ਮੁਖੀ/ਡੀਨ, ਤੇ ਹੋਵੇ॰

2 ਹਰ ਵਿਧਾ ਵਿੱਚ ਨਾਮਜ਼ਦ ਮੈਂਬਰਜ਼ ਦੀ ਗਿਣਤੀ ਨਿਸ਼ਚਿਤ ਹੋਵੇ। ਹੁਣ ਵਾਂਗ ਮਨਮਰਜ਼ੀ ਨਾਲ ਨਹੀਂ।

3 ਕਿਸੇ ਵੀ ਵਿਧਾ ਦੇ ਨਾਮਜ਼ਦ ਮੈਂਬਰਜ਼ ਵਿਚੋਂ ਸਭ ਤੋਂ ਸੀਨੀਅਰ ਤੇ ਮਾਣਯੋਗ ਲੇਖਕ ਨੂੰ ਕਨਵੀਨਰ ਅਤੇ ਸਕਰਿਨਿੰਗ ਕਮੇਟੀ ਦਾ ਮੈਂਬਰ ਬਣਾਇਆ ਜਾਣਾ ਚਾਹੀਦਾ ਹੈ।

4 ਸਲਾਹਕਾਰ ਬੋਰਡ ਦੀ ਮੀਟਿੰਗ ਹਰ ਸਾਲ ਹੋਣੀ ਚਾਹੀਦੀ ਹੈ ਤੇ ਇਨਾਮ ਪਹਿਲਾਂ ਵਾਂਗ ਹਰ ਸਾਲ 1 ਨਵੰਬਰ ਨੂੰ ਪੰਜਾਬ ਦਿਵਸ ਤੇ ਹੀ ਦੇਣੇ ਚਾਹੀਦੇ ਹਨ। ਪਰ ਜੇ ਕਿਸੇ ਕਰਨ ਇੱਕ ਸਾਲ ਤੋਂ ਵੱਧ ਦੇ ਇਨਾਮ ਇਕੱਠੇ ਹੋ ਜਾਣ ਤਾਂ ਪੈਨਲ ਵਿੱਚ ਹਰ ਸਾਲ ਦੇ ਤਿੰਨ ਲੇਖਕਾਂ ਨੂੰ ਸਾਲਾਂ ਨਾਲ ਗੁਣਾਂ ਕਰਕੇ ਸਿਰਫ ਇੱਕ ਲਿਸਟ ਬਣਾਉਣੀ ਚਾਹੀਦੀ ਹੈ, ਨਾਕਿ ਹੁਣ ਵਾਂਗ ਹਰ ਸਾਲ ਲਈ ਵੱਖ ਵੱਖ ਲਿਸਟਾਂ ਦੀ, ਜਿਸ ਨਾਲ ਕਿਸੇ ਵੀ ਸਤਿਕਾਰ ਯੋਗ ਲੇਖਕ ਨੂੰ ਕਿਸੇ ਇੱਕ ਸਾਲ ਵਿੱਚ ਸੀਮਤ ਕਰਕੇ ਕੱਟ ਨਾ ਦਿੱਤਾ ਜਾਵੇ।

5 ਹਰ ਵਿਧਾ ਦੇ ਕਨਵੀਨਰ ਨੂੰ ਆਪਣੇ ਸਾਥੀ ਨਾਮਜ਼ਦ ਮੈਂਬਰਜ਼ ਨਾਲ ਪੈਨਲ ਬਾਰੇ ਵਿਚਾਰ ਕਰਕੇ ਇੱਕ ਸਾਂਝੀ ਲਿਸਟ ਤਿਆਰ ਕਰਨੀ ਚਾਹੀਦੀ ਹੈ , ਜੇ ਮਤਭੇਦ ਹੋਣ ਤਾਂ ਸਾਰੇ ਮੈਂਬਰਜ਼ ਦੀਆਂ ਸਿਫ਼ਾਰਿਸ਼ਾਂ ਸਲਾਹਕਾਰ ਬੋਰਡ ਸਾਹਮਣੇ ਰੱਖ ਦੇਣੀਆਂ ਚਾਹੀਦੀਆਂ ਹਨ।

6 ਬਹੁਤ ਵਾਰ ਵੱਡੇ ਸਾਹਿਤਕ ਕੱਦ ਵਾਲੇ ਲੇਖਕ ਇਨਾਮ ਲਈ ਅਰਜ਼ੀ ਜਾ ਬਾਯੋ ਨਹੀਂ ਭੇਜਦੇ ਜਾ ਭੇਜਣਾ ਨਹੀਂ ਚਾਹੁੰਦੇ, ਪੰਜਾਬ ਤੋਂ ਬਾਹਰ ਰਹਿਣ ਵਾਲੇ ਲੇਖਕਾਂ ਨੂੰ ਤਾਂ ਬਹੁਤ ਵਾਰ ਇਨਾਮਾਂ ਬਾਰੇ ਜਾਣਕਾਰੀ ਵੀ ਨਹੀਂ ਹੁੰਦੀ। ਇਸ ਸੂਰਤ ਵਿੱਚ ਸਲਾਹਕਾਰ ਬੋਰਡ ਦੇ ਮੈਂਬਰਜ਼ ਨੂੰ ਉਨ੍ਹਾਂ ਵੱਡੇ ਲੇਖਕਾਂ ਦੇ ਵੇਰਵੇ ਖ਼ੁਦ ਕੋਸ਼ਿਸ਼ ਕਰਕੇ ਪੈਨਲ ਵਿੱਚ ਸ਼ਾਮਿਲ ਕਰਨੇ ਚਾਹੀਦੇ ਹਨ। ਮੈਂ ਆਪਣੀ ਵਿਧਾ ਅਤੇ ਕੁਝ ਹੋਰ ਵਿਧਾਵਾਂ ਲਈ ਖ਼ੁਦ ਲੇਖਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਵੇਰਵੇ/ਬਾਯੋ ਭੇਜਣ ਲਈ ਮਨਾਇਆ। ਉਨ੍ਹਾਂ ਲੇਖਕਾਂ ਵਿਚੋਂ ਕਿਸੇ ਨੇ ਵੀ ਇਨਾਮ ਲਈ ਕੋਈ lobbing ਨਹੀਂ ਕੀਤੀ ਨਾ ਕਿਸੇ ਨੂੰ ਫੋਨ ਕੀਤਾ। ਕਿਉਂਕਿ ਉਹ ਇੰਨੇ ਵੱਡੇ ਕੱਦ ਦੇ ਲੇਖਕ ਸਨ ਕਿ ਮੈਨੂੰ ਲਗਦਾ ਸੀ ਤੇ ਹੈ ਕਿ ਉਨ੍ਹਾਂ ਨੂੰ ਮੈਨੂੰ ਮਿਲੇ 2003 ਦੇ ਸ਼ਰੋਮਣੀ ਇਨਾਮ ਤੋਂ ਵੀ ਪਹਿਲਾਂ ਇਨਾਮ ਮਿਲਣਾ ਚਾਹੀਦਾ ਸੀ। ਲੇਕਿਨ ਅਫ਼ਸੋਸ ਕਿ ਉਨ੍ਹਾਂ ਵੱਡੇ ਕੱਦ ਤੇ ਵੱਡੀ ਉਮਰ ਦੇ ਲੇਖਕਾਂ ਨੂੰ ਸਕ੍ਰਿਨਿੰਗ ਕਮੇਟੀ ਨੇ ਨਿਯਮਾਂ ਦੀ ਗਲਤ ਵਿਆਖਿਆ ਕਰਕੇ ਪੈਨਲ ਵਿੱਚ ਵੀ ਨਹੀਂ ਸ਼ਾਮਿਲ ਕੀਤਾ ਗਿਆ। 85 ਸਾਲਾਂ ਦੇ ਲਾਹੌਰ ਵਿੱਚ ਜੰਮੇ ਡਾ ਸਤਯੇਂਦਰ ਤਨੇਜਾ ਜਿੰਨਾਂ PPSC ਤੋਂ ਚੁਣੇ ਜਾਕੇ ਭਾਸ਼ਾ ਵਿਭਾਗ ਤੋਂ ਆਪਣਾ ਕੰਮ ਸ਼ੁਰੂ ਕਰਕੇ ਅਤੇ ਭਾਸ਼ਾ ਵਿਭਾਗ ਨੂੰ ਇੱਕ ਚੰਗੀ ਕਿਤਾਬ-ਕਥਾ ਹੀਰ ਰਾਂਝਣ ਕੀ- ਦੇ ਕੇ ਦਿੱਲੀ ਯੂਨੀਵਰਸਿਟੀ ਵਿੱਚ ਅਧਿਆਪਨ ਤੇ ਖੋਜ ਲਈ ਚਲੇ ਗਏ ਅਤੇ ਉਥੇ ਨਾਟਕ ਆਲੋਚਨਾ ਦੇ ਖੇਤਰ ਵਿੱਚ ਦੁਨੀਆਂ ਵਿੱਚ ਆਪਣਾ ਨਾਂ ਕਮਾਇਆ, ਪਰ ਉਨ੍ਹਾਂ ਨੂੰ ਪੈਨਲ ਤੱਕ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ।

ਇਨਾਮਾਂ ਬਾਰੇ ਫੈਸਲਾ ਲੈਣ ਤੋਂ ਬਾਅਦ ਸਲਾਹਕਾਰ ਬੋਰਡ ਦੀ ਮੀਟਿੰਗ ਦਾ ਬਾਕੀ ਜ਼ਰੂਰੀ ਏਜੈਂਡਾ ਛਡ ਹੀ ਦਿੱਤਾ ਗਿਆ, ਜਿਸ ਲਈ ਬਹੁਤ ਥੋੜਾ ਸਮਾਂ ਹੀ ਚਾਹੀਦਾ ਸੀ। ਅਸਲ ਵਿੱਚ ਇਹ ਛੋਟੇ ਛੋਟੇ ਮਸਲੇ ਇਨਾਮਾਂ ਦੇ ਫੈਸਲੇ ਤੋਂ ਪਹਿਲਾਂ ਹੀ ਨਿਪਟਾ ਦੇਣੇ ਚਾਹੀਦੇ ਸਨ। ਭਾਸ਼ਾ ਵਿਭਾਗ ਦੇ ਅਧਿਕਾਰੀਆਂ ਨੇ ਇਹ ਤਕਨੀਕੀ ਧਿਆਨ ਵੀ ਨਹੀਂ ਰਖਿਆ ਕਿ ਸਭ ਤੋਂ ਪਹਿਲਾਂ 2016 ਵਿੱਚ ਹੋਈ ਪਿਛਲੀ ਮੀਟਿੰਗ ਦੇ ਮਿਨਟ ਵੀ ਪਰਵਾਨ ਨਹੀਂ ਕਰਵਾਏ ਗਏ। ਇੰਜ ਲਗਦਾ ਹੈ ਮੀਟਿੰਗ ਜਿਵੇਂ ਸਿਰਫ ਇਨਾਮਾਂ ਲਈ ਹੀ ਸੱਦੀ ਗਈ ਸੀ, ਨਾਕਿ ਭਾਸ਼ਾ ਵਿਭਾਗ ਦੇ ਵਿਕਾਸ ਅਤੇ ਹੋਰ ਅਨੇਕ ਸਮੱਸਿਆਵਾਂ ਬਾਰੇ ਵਿਚਾਰ ਕਰਨ ਲਈ।

ਮੀਟਿੰਗ ਤੋਂ ਕਈ ਦਿਨ ਬਾਅਦ ਇੱਕ ਐਲਾਨ ਆਇਆ ਕਿ ਭਾਸ਼ਾ ਵਿਭਾਗ ਹਰ ਸਾਲ 21 ਹਜ਼ਾਰ ਰੁਪਏ ਦਾ ਗੁਰਦਿਆਲ ਸਿੰਘ ਯਾਦਗਾਰੀ ਅਨੁਵਾਦ ਇਨਾਮ ਦੇਵੇਗਾ। ਕੀ ਇਸਨੂੰ ਸਲਾਹਕਾਰ ਬੋਰਡ ਦੀ ਮੀਟਿੰਗ ਵਿੱਚ ਨਹੀਂ ਵਿਚਾਰਿਆ ਜਾਣਾ ਚਾਹੀਦਾ ਸੀ? ਮੈਂ ਆਪਣੇ ਵੱਲੋਂ ਦੋ ਨਵੇਂ ਇਨਾਮ ਸ਼ੁਰੂ ਕਰਨ ਦੇ ਸੁਝਾਅ ਲੈ ਕੇ ਮੀਟਿੰਗ ਵਿੱਚ ਆਇਆ ਸੀ, ਜਿੰਨਾਂ ਵਿਚੋਂ ਇੱਕ ਅਨੁਵਾਦ ਇਨਾਮ ਅਤੇ ਦੂਜਾ ਪੰਜਾਬ ਬਾਰੇ-ਉਸ ਦੀ ਭਾਸ਼ਾ, ਸਾਹਿਤ, ਸਭਿਆਚਾਰ, ਇਤਿਹਾਸ, ਵਿਗਿਆਨ, ਰਾਜਨੀਤੀ-ਕਿਸੇ ਵੀ ਵਿਸ਼ੇ ਤੇ ਲਿਖੀ ਅੰਗਰੇਜ਼ੀ ਰਚਨਾ ਜਾ ਰਚਨਾਕਾਰ ਲਈ –

ਸ਼ਰੋਮਣੀ ਅੰਗਰੇਜ਼ੀ ਸਾਹਿਤਕਾਰ ਇਨਾਮ ਅਤੇ ਸ਼ਰੋਮਣੀ ਪੰਜਾਬੀ ਅਨੁਵਾਦਕ ਇਨਾਮ

ਦੋਵੇਂ ਇਨਾਮ ਪੰਜ ਪੰਜ ਲੱਖ ਰੁਪਏ ਦੇ ਹੀ ਹੋਣੇ ਚਾਹੀਦੇ ਹਨ। ਜੋ ਲੋਕ ਅਨੁਵਾਦ ਦੇ ਇਨਾਮ ਲਈ ਥੋੜੀ ਰਕਮ ਰੱਖਣਾ ਸਹੀ ਸਮਝਦੇ ਹਨ , ਉਨ੍ਹਾਂ ਨੂੰ ਅਨੁਵਾਦ ਦੇ ਮਹੱਤਵ ਦਾ ਹੀ ਗਿਆਨ ਨਹੀਂ ਹੈ। ਅਨੁਵਾਦ ਦਾ ਇਨਾਮ ਪੰਜਾਬੀ ਤੋਂ ਜਾਂ ਪੰਜਾਬੀ ਵਿੱਚ ਕਿਸੇ ਵੀ ਵਿਧਾ ਦੀ-ਵਿਗਿਆਨ, ਸਾਹਿਤ, ਇਤਿਹਾਸ ਆਦਿ ਦੇ ਅਨੁਵਾਦ ਕਰਨ ਵਾਲੇ ਪ੍ਰਸਿੱਧ ਤੇ ਯੋਗ ਅਨੁਵਾਦਕ ਨੂੰ ਦਿੱਤਾ ਜਾਣਾ ਚਾਹੀਦਾ ਹੈ।

ਹਿੰਦੀ, ਉਰਦੂ, ਸੰਸਕ੍ਰਿਤ ਅਤੇ ਅੰਗਰੇਜ਼ੀ ਦੇ ਸ਼ਰੋਮਣੀ ਅਨੁਵਾਦ ਸਿਰਫ ਸਾਹਿਤਕਾਰਾਂ ਨੂੰ ਹੀ ਨਹੀਂ, ਸਗੋਂ ਕਿਸੇ ਵੀ ਵਿਸ਼ੇ-ਵਿਗਿਆਨ, ਸਮਾਜ ਵਿਗਿਆਨ, ਇਤਿਹਾਸ, ਸਭਿਆਚਾਰ ਬਾਰੇ ਲਿਖਣ ਵਾਲੇ ਲੇਖਕ ਜਾਂ ਵਿਦਵਾਨ ਨੂੰ ਦੇਣਾ ਚਾਹੀਦਾ ਹੈ। ਕਿਉਂਕਿ ਪੰਜਾਬੀ ਭਾਸ਼ਾ ਨੂੰ 1966 ਤੋਂ ਬਾਅਦ ਯੋਗ ਸਥਾਨ ਮਿਲਣ ਕਰਕੇ ਸਿਰਜਣਾਤਮਕ ਸਾਹਿਤ ਹੁਣ ਮਾਤ ਭਾਸ਼ਾ ਪੰਜਾਬੀ ਵਿੱਚ ਹੀ ਜਿਆਦਾ ਰਚਿਆ ਜਾਂਦਾ ਹੈ।

ਹਿੰਦੀ, ਉਰਦੂ ਜਾਂ ਸੰਸਕ੍ਰਿਤ ਆਦਿ ਵਿੱਚ ਸਿਰਜਣਾਤਮਕ ਸਾਹਿਤ ਹੁਣ ਉਤਨੇ ਮਿਆਰ ਦਾ ਨਹੀਂ ਰਚਿਆ ਜਾ ਰਿਹਾ, ਜਿਵੇਂ ਪੰਜਾਹ ਸਾਲ ਪਹਿਲਾਂ ਰਚਿਆ ਜਾਂਦਾ ਸੀ।

ਪੰਜਾਬੀ ਸਾਹਿਤ ਰਤਨ ਇਨਾਮ ਦਾ ਨਾਂ ਬਦਲ ਕੇ ਪੰਜਾਬ ਸਾਹਿਤ ਰਤਨ ਜਾਂ ਪੰਜਾਬ ਰਤਨ ਰੱਖ ਦੇਣਾ ਚਾਹੀਦਾ ਹੈ, ਤਾਂਕਿ ਇਸ ਦੇ ਦਾਇਰੇ ਵਿੱਚ ਵਿਗਿਆਨਕ, ਇਤਿਹਾਸਕਾਰ ਜਾਂ ਹੋਰ ਪ੍ਰਸਿੱਧ ਲੇਖਕ ਵੀ ਆ ਸਕਣ , ਜਿਵੇਂ ਹਰਗੋਬਿੰਦ ਖੁਰਾਨਾ ਜੋ ਨੋਬਲ ਇਨਾਮ ਜੇਤੂ ਹੋ ਸਕਦਾ ਸੀ ਤਾਂ ਉਹ ਪੰਜਾਬ ਰਤਨ ਜਾਂ ਪੰਜਾਬ ਸਾਹਿਤ ਰਤਨ ਕਿਉਂ ਨਹੀਂ ਹੋ ਸਕਦਾ ਸੀ ।

ਇਨਾਮਾਂ ਤੋਂ ਇਲਾਵਾ ਕੁਝ ਛੋਟੀਆਂ ਪਰ ਜ਼ਰੂਰੀ ਮੱਦਾਂ ਹੋਰ ਵੀ ਵਿਚਾਰ ਗੋਚਰੀਆਂ ਸਨ। ਜਿਵੇਂ ਲੇਖਕਾਂ ਨੂੰ ਪੈਨਸ਼ਨ , ਲੋੜਵੰਦ ਲੇਖਕਾਂ ਨੂੰ ਆਰਥਿਕ ਮਦਦ , ਲਾਇਬ੍ਰੇਰੀਆਂ ਨੂੰ ਮਦਦ, ਖਰੜਿਆਂ ਦੀ ਛਪਾਈ ਲਈ ਮਦਦ -ਇਹ ਸਾਰੀਆਂ ਮੱਦਾਂ ਜਿਆਦਾ ਚਰਚਾ ਨਹੀਂ ਮੰਗਦੀਆਂ ਸਨ ਅਤੇ ਵਿਭਾਗ ਦੇ ਵਿੱਤੀ ਸਾਧਨ ਇੰਨਾ ਲਈ ਸਮਰਥ ਸਨ , ਸੋ ਪ੍ਰਵਾਨਗੀ ਦਿੱਤੀ ਜਾ ਸਕਦੀ ਸੀ। ਹੁਣ ਵੀ ਇੰਨਾ ਨੂੰ ਅਗਲੀ ਮੀਟਿੰਗ ਦੀ ਪ੍ਰਵਾਨਗੀ ਦੀ ਆਸ ਵਿੱਚ ਅਗਾਉਂ ਪਰਵਾਨਗੀ ਦੇ ਦੇਣੀ ਚਾਹੀਦੀ ਹੈ।

2016 ਦੀ ਮੀਟਿੰਗ ਵਿੱਚ 28 ਕਿਤਾਬਾਂ ਛਪਣ ਹਿੱਤ ਪਰਵਾਨ ਹੋਈਆਂ ਸਨ, ਉਨ੍ਹਾਂ ਵਿਚੋਂ ਕਿੰਨੀਆਂ ਛਪ ਚੁਕੀਆਂ ਹਨ, ਇਸ ਦੀ ਜਾਣਕਾਰੀ ਵਿਭਾਗ ਨੂੰ ਦੇਣੀ ਚਾਹੀਦੀ ਸੀ, ਜੋ ਨਹੀਂ ਦਿੱਤੀ ਗਈ।

2016 ਦੀ ਮੀਟਿੰਗ ਵਿੱਚ ਈਬੁਕਸ ਛਾਪਣ ਦੀ ਤਜਵੀਜ਼ ਪਰਵਾਨ ਕੀਤੀ ਗਈ ਸੀ, ਕੀ ਈਬੁਕਸ ਹੁਣ ਛਪਦੀਆਂ ਹਨ, ਕੋਈ ਜਾਣਕਾਰੀ ਨਹੀਂ ਦਿੱਤੀ ਗਈ।

ਅੱਜਕੱਲ ਕਿਸੇ ਵੀ ਸੰਸਥਾ ਲਈ ਉਸ ਦੀ ਵੇਬਸਾਇਟ ਹੋਣੀ ਅਤੇ ਉਸ ਨੂੰ ਚੰਗੀ ਤਰਾਂ ਚਲਾਉਣਾ ਬੇਹੱਦ ਜ਼ਰੂਰੀ ਹੈ। ਪਰ ਭਾਸ਼ਾ ਵਿਭਾਗ ਦੀ ਵੇਬਸਾਇਟ ਤਾਂ ਕੰਮ ਹੀ ਨਹੀਂ ਕਰਦੀ, ਜਦਕਿ ਵੇਬਸਾਇਟ ਰਾਹੀਂ ਕਿਤਾਬਾਂ ਦੀ ਆਨਲਾਇਨ ਵਿਕਰੀ ਕਾਫੀ ਹੋ ਸਕਦੀ ਹੈ। ਸ਼ਾਇਦ ਇਸ ਕੰਮ ਲਈ ਭਾਸ਼ਾ ਵਿਭਾਗ ਕੋਲ ਤਕਨੀਕੀ ਸਟਾਫ ਦੀ ਕਮੀ ਹੈ। ਸਟਾਫ ਦੀ ਕਮੀ ਤਾਂ ਸ਼ਾਇਦ ਪੂਰੇ ਭਾਸ਼ਾ ਵਿਭਾਗ ਵਿੱਚ ਹੀ ਹੈ। ਭਾਸ਼ਾ ਵਿਭਾਗ ਦੇ ਵਿਕਾਸ ਲਈ ਸਟਾਫ ਦੀਆਂ ਅਸਾਮੀਆਂ ਭਰਨੀਆਂ ਵੀ ਚਾਹੀਦੀਆਂ ਹਨ ਅਤੇ ਸਟਾਫ ਦੀਆਂ ਜੋ ਤਰੱਕੀਆਂ ਬਾਕੀ ਹਨ, ਉਹ ਵੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਭਾਸ਼ਾ ਵਿਭਾਗ ਵਿੱਚ ਲੰਬੇ ਸਮੇਂ ਤੋਂ ਖਾਲੀ ਨਿਰਦੇਸ਼ਕ ਦੀ ਅਸਾਮੀ ਵੀ ਨਿਯਮਿਤ ਰੂਪ ਵਿੱਚ ਭਰੀ ਜਾਣੀ ਚਾਹੀਦੀ ਹੈ।

2016 ਦੀ ਮੀਟਿੰਗ ਵਿੱਚ ਕਿਤਾਬਾਂ ਦੀ ਵਿਕਰੀ ਲਈ ਇੱਕ ਬੁਕ ਵੈਨ ਦੀ ਵੀ ਗੱਲ ਹੋਈ ਸੀ, ਜੋ ਜਗਾਹ ਜਗਾਹ ਜਾ ਕੇ ਭਾਸ਼ਾ ਵਿਭਾਗ ਦੀਆਂ ਕਿਤਾਬਾਂ ਦੀ ਵਿਕਰੀ ਕਰਦੀ, ਉਸ ਬਾਰੇ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਵੇਬਸਾਇਟ ਅਤੇ ਬੁਕ ਵੈਨ ਦੋਵੇਂ ਚੰਗੀਆਂ ਤੇ ਜ਼ਰੂਰੀ ਹਨ। ਭਾਸ਼ਾ ਵਿਭਾਗ ਦੀਆਂ ਕਾਫੀ ਕਿਤਾਬਾਂ ਬਹੁਤ ਚੰਗੀਆਂ ਅਤੇ ਸਸਤੀਆਂ ਹਨ, ਉਨ੍ਹਾਂ ਦੀ ਖੂਬ ਵਿਕਰੀ ਇੰਨਾ ਰਾਹੀਂ ਹੋ ਸਕਦੀ ਹੈ।

ਪਿੱਛਲੀ ਮੀਟਿੰਗ ਵਿੱਚ ਜੋ ਕਿਤਾਬਾਂ ਸਟਾਕ ਵਿਚੋਂ ਖਤਮ ਹੋ ਚੁਕੀਆਂ ਹਨ , ਉਨ੍ਹਾਂ ਨੂੰ ਦੋਬਾਰਾ ਛਾਪਣ ਦੀ ਗੱਲ ਵੀ ਹੋਈ ਸੀ, ਇਹ ਖਤਮ ਕਿਤਾਬਾਂ ਕਿੰਨੀਆਂ ਛਪੀਆਂ ਹਨ, ਇਹ ਜਾਣਕਾਰੀ ਵੀ ਨਹੀਂ ਦਿੱਤੀ ਗਈ।

ਉਂਜ ਭਾਸ਼ਾ ਵਿਭਾਗ ਵੱਲੋਂ ਛਾਪੀਆਂ ਅੰਗਰੇਜ਼ੀ ਦੀਆਂ ਸਾਰੀਆਂ ਹੀ ਕਿਤਾਬਾਂ ਕਲਾਸਿਕ ਹਨ ਅਤੇ ਇਹ ਸਾਰੀਆਂ ਹੀ ਦੋਬਾਰਾ ਛਪਣੀਆਂ ਅਤੇ ਹਮੇਸ਼ਾ ਸਟਾਕ ਵਿੱਚ ਰਹਿਣੀਆਂ ਚਾਹੀਦੀਆਂ ਹਨ। ਭਾਸ਼ਾ ਵਿਭਾਗ ਵੱਲੋਂ ਬਹੁਤ ਪਹਿਲਾਂ ਛਪੀ ਸ਼ਹੀਦ ਭਗਤ ਸਿੰਘ ਦੀ ਭਤੀਜੀ ਵਰਿੰਦਰ ਸੰਧੂ ਦੀ ਲਿਖੀ ਭਗਤ ਸਿੰਘ ਪਰਿਵਾਰ ਦੀ ਜੀਵਨੀ ਦਾ ਪੰਜਾਬੀ ਅਨੁਵਾਦ -ਯੁਗਪੁਰਸ਼ ਭਗਤ ਸਿੰਘ ਅਤੇ ਉਨ੍ਹਾਂ ਦੇ ਪੁਰਖੇ-ਛਾਪੀ ਗਈ ਸੀ, ਅੱਜ ਕੱਲ ਉਸ ਕਿਤਾਬ ਦੀ ਇੱਕ ਕਾਪੀ ਵੀ ਭਾਸ਼ਾ ਵਿਭਾਗ ਕੋਲ ਨਹੀਂ ਹੈ, ਜਦਕਿ ਇੱਕ ਪ੍ਰਾਇਵੇਟ ਪਬਲਿਸ਼ਰ ਉਸੇ ਕਿਤਾਬ ਨੂੰ ਭਾਸ਼ਾ ਵਿਭਾਗ ਅਤੇ ਭਗਤ ਸਿੰਘ ਪਰਿਵਾਰ ਦੀ ਬਿਨਾਂ ਮਨਜ਼ੂਰੀ ਤੋਂ ਹੀ ਛਾਪ ਕੇ ਮਹਿੰਗੀ ਕੀਮਤ ਤੇ ਵੇਚੀ ਜਾ ਰਿਹਾ ਹੈ। ਵਰਿੰਦਰ ਸੰਧੂ ਨੂੰ ਇਸ ਕਿਤਾਬ ਦੇ ਮੂਲ ਹਿੰਦੀ ਰੂਪ ਕਰਕੇ ਹੀ 2008 ਦਾ ਸ਼ਰੋਮਣੀ ਹਿੰਦੀ ਸਾਹਿਤਕਾਰ ਇਨਾਮ ਦਿੱਤਾ ਗਿਆ ਸੀ। ਉਹ ਅੱਜ ਕੱਲ ਬਿਮਾਰ

ਹਾਲਤ ਵਿੱਚ ਇੰਗਲੈਂਡ ਰਹਿ ਰਹੇ ਹਨ। ਇਸੇ ਤਰਾਂ ਜਗਦੀਸ਼ ਚੰਦਰ ਦਾ ਪੰਜਾਬੀ ਵਿੱਚ ਅਨੁਵਾਦਤ ਨਾਵਲ-ਧਰਤੀ ਧਨ ਨਾ ਆਪਣਾ -ਅਤੇ ਹਿੰਦੀ ਵਿੱਚ -ਯਸ਼ਪਾਲ ਅਭਿਨੰਦਨ ਗ੍ਰੰਥ -ਵੀ ਸਟਾਕ ਵਿੱਚ ਕਈ ਸਾਲਾਂ ਤੋਂ ਖਤਮ ਹੈ, ਪਰ ਇਹ ਕਿਤਾਬਾਂ ਪਾਠਕਾਂ-ਵਿਦਿਆਰਥੀਆਂ ਅਤੇ ਖੋਜਕਾਰਾਂ ਲਈ ਜ਼ਰੂਰੀ ਹਨ ਅਤੇ ਦੋਬਾਰਾ ਛਾਪਣੀਆਂ ਚਾਹੀਦੀਆਂ ਹਨ। ਜਗਦੀਸ਼ ਚੰਦਰ ਅਤੇ ਕੁਮਾਰ ਵਿਕਲ ਬਾਰੇ ਪੰਜਾਬ ਸੌਰਭ ਦੇ ਵਿਸ਼ੇਸ਼ ਅੰਕ ਵੀ ਦੋਬਾਰਾ ਛਪਣੇ ਚਾਹੀਦੇ ਹਨ। ਜਨ ਸਾਹਿਤ ਦਾ ਸ਼ਹੀਦ ਭਗਤ ਸਿੰਘ ਵਿਸ਼ੇਸ਼ ਅੰਕ ਵੀ ਦੋਬਾਰਾ ਛਪਣਾ ਚਾਹੀਦਾ ਹੈ।

ਭਾਸ਼ਾ ਵਿਭਾਗ ਪਟਿਆਲਾ ਅਤੇ ਸਾਰੇ ਜ਼ਿਲਾ ਭਾਸ਼ਾ ਦਫਤਰਾਂ ਵਿੱਚ ਕਿਤਾਬਾਂ ਦੀ ਵਿਕਰੀ ਦੇ ਚੰਗੇ ਪ੍ਰਬੰਧ ਹੋਣੇ ਚਾਹੀਦੇ ਹਨ।

ਕਿਤਾਬਾਂ ਦੀ ਆਨਲਾਈਨ ਵਿਕਰੀ ਲਈ ਵੇਬਸਾਇਟ ਨੂੰ ਚਾਲੂ ਕਰਨਾ ਚਾਹੀਦਾ ਹੈ। ਵੇਬਸਾਇਟ ਤੇ ਭਾਸ਼ਾ ਵਿਭਾਗ ਦੀਆਂ ਸਾਰੀਆਂ ਕਿਤਾਬਾਂ ਅਤੇ ਖਰੜਿਆਂ ਦੀ ਸੂਚੀ ਡਿਸਪਲੇ ਹੋਣੀ ਚਾਹੀਦੀ ਹੈ। ਵਿਭਾਗ ਦੀਆਂ ਸਰਗਰਮੀਆਂ ਦੀਆਂ ਫੋਟੋਜ ਅਤੇ ਵਿਡੀਓ ਪਾਉਣੀਆਂ ਚਾਹੀਦੀਆਂ ਹਨ।

ਪੰਜਾਬ ਦੇ 12 ਹਜ਼ਾਰ ਤੋਂ ਵੱਧ ਪਿੰਡਾਂ ਦੀਆਂ ਲਾਇਬ੍ਰੇਰੀਆਂ ਵਿਚ ਭਾਸ਼ਾ ਵਿਭਾਗ ਦੀਆਂ ਕਿਤਾਬਾਂ ਅਤੇ ਰਸਾਲੇ ਭੇਜਣੇ ਚਾਹੀਦੇ ਹਨ।

ਕਿਤਾਬਾਂ ਛਾਪਣ ਅਤੇ ਵਿਕਰੀ ਦੇ ਮਾਮਲੇ ਵਿੱਚ ਭਾਸ਼ਾ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰਕਾਸ਼ਨ ਵਿਭਾਗ ਵਿੱਚ ਤਾਲਮੇਲ ਹੋਣਾ ਚਾਹੀਦਾ ਹੈ।

ਭਾਸ਼ਾ ਵਿਭਾਗ ਵੱਲੋਂ ਜੋ ਕੰਮ ਦਹਾਕਿਆਂ ਪਹਿਲਾਂ ਅਦਾਇਗੀ ਕਰਕੇ ਕਰਵਾਏ ਸਨ, ਉਨ੍ਹਾਂ ਦੀ ਛਪਾਈ ਹੋਣੀ ਚਾਹੀਦੀ ਹੈ। ਮੈਂ ਹੀ ਦੋ ਦਹਾਕੇ ਤੋਂ ਵੀ ਵੱਧ ਪਹਿਲਾਂ ਸੁਰਜੀਤ ਹਾਂਸ ਦੇ ਨਾਵਲ ਮਿੱਟੀ ਦੀ ਢੇਰੀ ਦਾ ਹਿੰਦੀ ਅਨੁਵਾਦ ਕੀਤਾ ਸੀ, ਜਿਸਦੀ ਅੰਸ਼ਕ ਅਦਾਇਗੀ ਵੀ ਸ਼ਾਇਦ ਮੈਨੂੰ ਹੋ ਗਈ ਸੀ, ਪਰ ਉਹ ਕਿਤਾਬ ਹਾਲੀ ਤੱਕ ਨਹੀਂ ਛਪੀ।

ਜੇ ਸਲਾਹਕਾਰ ਬੋਰਡ ਦੀ ਮੀਟਿੰਗ ਪੂਰੀਆਂ ਮੱਦਾਂ ਤੇ ਵਿਚਾਰ ਕਰਦੀ ਤਾਂ ਇਹ ਅਤੇ ਹੋਰ ਅਨੇਕ ਸੁਝਾਅ ਮੈਂ ਦੇ ਸਕਦਾ ਸਾਂ, ਕੁਝ ਮੈਂ ਇਸ ਪੱਤਰ ਵਿੱਚ ਲਿਖ ਦਿੱਤੇ ਹਨ। ਬੋਰਡ ਦੀ ਮੀਟਿੰਗ ਵਿੱਚ 1907 ਵਿੱਚ ਪੰਜਾਬ ਦੀ ਕਿਰਸਾਣੀ ਦੇ ਘੋਲ ਬਾਰੇ ਲਿਖੇ ਬਾਂਕੇ ਦਯਾਲ ਦੇ ਗੀਤ ਪਗੜੀ ਸੰਭਾਲ ਜੱਟਾ ਨੂੰ ਮੈਂ ਪੰਜਾਬ ਦਾ ਕੌਮੀ ਗੀਤ ਬਣਾਉਣ ਦਾ ਵੀ ਸੁਝਾਅ ਦੇਣਾ ਸੀ ਅਤੇ ਭਗਤ ਸਿੰਘ ਦੇ ਚਾਚਾ ਅਤੇ ਪਗੜੀ ਸੰਭਾਲ ਜੱਟਾ ਲਹਿਰ ਦੇ ਨਾਇਕ ਸਰਦਾਰ ਅਜੀਤ ਸਿੰਘ ਦੇ 140ਵੇਂ ਜਨਮ ਦਿਹਾੜੇ 23 ਫਰਵਰੀ 2021 ਨੂੰ ਪੰਜਾਬ ਦੇ ਕਿਸਾਨ ਦਿਵਸ ਵਜੋਂ ਐਲਾਨ ਕਰਨ ਦੀ ਸਿਫ਼ਾਰਿਸ਼ ਵੀ ਰਾਜ ਸਰਕਾਰ ਲਈ ਕਰਨ ਲਈ ਮਤਾ ਪੇਸ਼ ਕਰਨਾ ਸੀ। ਮੈਨੂੰ ਇਸ ਗੱਲ ਦਾ ਵੀ ਅਫ਼ਸੋਸ ਹੈ ਕਿ ਜਦੋਂ ਇੱਕ ਮੈਂਬਰ ਨੇ ਕਿਸਾਨਾਂ ਦੇ ਚਲ ਰਹੇ ਸੰਘਰਸ਼ ਦੇ ਹੱਕ ਵਿੱਚ ਜ਼ਿਕਰ ਹੀ ਕੀਤਾ ਤਾਂ ਇੱਕ ਹੋਰ ਮੈਂਬਰ ਨੇ ਇਸਨੂੰ ਸਿਆਸੀ ਮਸਲਾ ਕਹਿ ਕੇ ਗੱਲ ਅੱਗੇ ਤੁਰਨ ਹੀ ਨਹੀਂ ਦਿੱਤੀ, ਜਦ ਕਿ ਬੋਰਡ ਦੇ ਕਿੰਨੇ ਹੀ ਮੈਂਬਰਜ਼ ਖ਼ਾਸ ਕਰ ਸੁਰਜੀਤ ਪਾਤਰ ਨੇ ਕਿਸਾਨਾਂ ਦੇ ਸੰਘਰਸ਼ ਦੀ ਹਿਮਾਇਤ ਵਿੱਚ ਆਪਣੇ ਪਦਮ ਸ਼੍ਰੀ ਵਰਗੇ ਇਨਾਮ ਵੀ ਮੋੜੇ ਹਨ ਅਤੇ ਸੰਵੇਦਨਸ਼ੀਲ ਕਵਿਤਾਵਾਂ ਵੀ ਲਿਖੀਆਂ। ਸਿਆਸੀ ਮਸਲਾ ਕਹਿ ਕੇ ਕਿਸਾਨਾਂ ਦੇ ਸੰਘਰਸ਼ ਤੋਂ ਮੂੰਹ ਮੋੜਨਾ ਸਾਡਾ ਲੇਖਕਾਂ ਦਾ ਆਪਣੀਆਂ ਸਮਾਜੀ ਜਿੰਮੇਵਾਰੀਆਂ ਤੋਂ ਮੂੰਹ ਮੋੜਨ ਵਾਂਗ ਸੀ।

ਪੰਜਾਬ ਸਰਕਾਰ ਨੇ ਮੈਨੂੰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਰਾਜ ਸਲਾਹਕਾਰ ਬੋਰਡ ਦੇ ਮੈਂਬਰ ਵਜੋਂ ਨਾਮਜ਼ਦ ਕਰਕੇ ਜੋ ਜਿੰਮੇਵਾਰੀ ਸੌਂਪੀ ਸੀ, ਉਸਨੂੰ ਗੰਭੀਰਤਾ ਨਾਲ ਨਿਭਾਉਂਦੇ ਹੋਏ ਮੈਂ ਭਾਸ਼ਾ ਵਿਭਾਗ ਦੀ ਬੇਹਤਰੀ ਅਤੇ ਵਿਕਾਸ ਲਈ ਆਪਣੇ ਇਹ ਸੁਝਾਅ ਦਰਜ ਕਰ ਦਿੱਤੇ ਹਨ। ਪੰਜਾਬ ਸਰਕਾਰ ਚਾਹੇ ਤਾਂ ਇੰਨਾ ਤੇ ਵਿਚਾਰ ਕਰ ਸਕਦੀ ਹੈ। ਇਸ ਲਈ ਜੇ ਮੇਰੇ ਸਹਿਯੋਗ ਦੀ ਲੋੜ ਹੋਵੇ ਤਾਂ ਮੈਂ ਹਜ਼ਾਰ ਹਾਂ।

ਕਿਸਾਨਾਂ ਦੇ ਸੰਘਰਸ਼ ਵਿੱਚ ਜਜ਼ਬਾਤੀ ਤੌਰ ਤੇ ਜੁੜੇ ਹੋਣ ਕਾਰਣ ਮੈਂ ਇਹ ਖ਼ਤ ਬਹੁਤ ਦੇਰ ਬਾਅਦ ਭੇਜ ਰਿਹਾ ਹਾਂ ਅਤੇ ਇਸਨੂੰ ਵਿਆਪਕ ਵਿਚਾਰ ਤੇ ਲੇਖਕਾਂ ਵੱਲੋਂ ਹੋਰ ਰਚਨਾਤਮਕ ਸੁਝਾਵਾਂ ਲਈ ਇਸ ਨੂੰ ਆਪਣੇ ਬਲੋਗ ਤੇ ਖੁੱਲੇ ਖ਼ਤ ਦੇ ਰੂਪ ਵਿੱਚ ਪੋਸਟ ਕਰ ਰਿਹਾ ਹਾਂ ।

ਧੰਨਵਾਦ ਸਹਿਤ

ਪ੍ਰੋ ਚਮਨ ਲਾਲ

---------------------------------------------------------------

2690, ਅਰਬਨ ਅਸਟੇਟ  ਫੇਜ਼-2, ਪਟਿਆਲਾ - 147002 , ਮੋਬਾਇਲ 9868774820

prof.chaman@gmail.com